ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 31 | 01 August 2018 to 07 August 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਖਾਨਾਜੰਗੀ

## *ਹਾਈ ਕਮਾਂਡ ਦੀ ਤਾਨਾਸ਼ਾਹੀ ਖਿਲਾਫ ਬਾਗੀ ਹੋਏ ਕਈ ਵਿਧਾਇਕ*

- **ਸੁਖਪਾਲ ਖਹਿਰਾ ਧੜਾ ਬਠਿੰਡਾ ਵਿਚ ਕਨਵੈਨਸ਼ਨ ਕਰਨ ਲਈ ਬਜ਼ਿੱਦ**
- **ਧਰਮਵੀਰ ਗਾਂਧੀ ਵੱਲੋਂ ਪੰਜਾਬ ਮੰਚ ਦਾ ਐਲਾਨ**

**ਚੰਡੀਗੜ੍ਹ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵਿਚ ਦਿੱਲੀ ਹਾਈ ਕਮਾਂਡ ਖਿਲਾਫ ਰੋਸ ਪੈਦਾ ਹੋ ਗਿਆ ਹੈ ਅਤੇ ਪਾਰਟੀ ਵਿਚ ਦੋਫਾੜ ਪੈਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਾਗੀ ਵਿਧਾਇਕਾਂ ਤੇ ਵਲੰਟੀਅਰਜ਼ ਨੇ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ 2 ਅਗਸਤ ਨੂੰ ਬਠਿੰਡਾ ਵਿਚ ਸਾਰੇ ਅਹੁਦੇਦਾਰਾਂ ਤੇ ਵਰਕਰਾਂ ਨਾਲ ਕਨਵੈਨਸ਼ਨ ਕਰਨ ਦਾ ਐਲਾਨ ਕਰ ਦਿਤਾ ਹੈ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਲੀਡਰ ਦੇ ਅਹੁਦੇ ਤੋਂ ਹਟਾਉਣ ਮਗਰੋਂ ਸੁਖਪਾਲ ਖਹਿਰਾ ਨੇ ਚੰਡੀਗੜ੍ਹ ਪ੍ਰੈਸ ਕਲੱਬ ਵਿਚ ਪ੍ਰੈਸ ਕਾਨਫਰੰਸ ਕਰਕੇ ਅਸਿੱਧੇ ਢੰਗ ਨਾਲ ਪਾਰਟੀ ਹਾਈ ਕਮਾਂਡ ਖਿਲਾਫ ਆਪਣੀ ਭੜਾਸ ਕੱਢਦਿਆਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਅਤੇ ਸੂਬੇ ਦੇ ਹਿੱਤਾਂ ਵਾਸਤੇ ਅਜਿਹੇ ਸੌ



ਅਹੁਦੇ ਕੁਰਬਾਨ ਕਰਨ ਨੂੰ ਤਿਆਰ ਹੈ। ਉਸ ਦੀ ਭ੍ਰਿਸ਼ਟਾਚਾਰੀਆਂ, ਨਸ਼ਾ ਤੇ ਲੈਂਡ ਮਾਫੀਆ ਖਿਲਾਫ ਲੜਾਈ ਹੋਰ ਤੇਜ਼ ਤਾਂ ਹੋ ਸਕਦੀ ਹੈ ਪਰ ਰੁਕੇਗੀ ਨਹੀਂ। ਇਹ ਕਾਨਫਰੰਸ ਕਰਕੇ ਅਹੁਦੇ ਤੋਂ ਹਟਾਏ ਖਹਿਰੇ ਨੇ ਇਕ ਤਰ੍ਹਾਂ ਆਪਣਾ ਸ਼ਕਤੀ ਪ੍ਰਦਰਸ਼ਨ ਕੀਤਾ। ਇਸ ਮੌਕੇ ਸੁਖਪਾਲ ਖਹਿਰੇ ਨਾਲ ਆਮ ਆਦਮੀ ਪਾਰਟੀ ਦੇ ਅੱਠ ਹੋਰ ਵਿਧਾਇਕ ਮਾਸਟਰ ਬਲਦੇਵ ਸਿੰਘ, ਮੌੜ ਮੰਡੀ ਤੋਂ ਜਗਦੇਵ ਸਿੰਘ ਕਮਾਲੂ, ਖਰੜ ਤੋਂ ਕੰਵਰ ਸੰਧੂ, ਰਾਏਕੋਟ ਤੋਂ ਜਗਤਾਰ ਸਿੰਘ ਹਿੱਸੋਵਾਲ , ਭਦੌੜ ਤੋਂ ਪਿਰਮਿਲ਼ ਸਿੰਘ, ਮਾਨਸਾ ਤੋਂ ਨਾਜ਼ਰ ਸਿੰਘ ਮਾਨਸ਼ਾਹੀਆ, ਜੈ ਕਿਸ਼ਨ ਰੋੜੀ ਤੇ ਰੁਪਿੰਦਰ ਕੌਰ ਰੂਬੀ ਵੀ ਪਹੁੰਚੇ ਹੋਏ ਸਨ। ਉਨ੍ਹਾਂ ਵਿਚੋਂ ਕਈ ਹੋਰ ਨੇ ਵੀ ਨੇ ਪ੍ਰੈਸ ਕਾਨਫਰੰਸ ਵਿਚ ਆਪਣਾ ਪੱਖ ਰੱਖਿਆ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਹਾਈਕਮਾਨ ਨੇ ਖਹਿਰਾ ਦੀ ਦੋ ਅਗਸਤ ਵਾਲੀ ਰੈਲੀ ਦਾ

**ਬਾਕੀ ਸਫ਼ਾ 26 'ਤੇ**

## ਸਤਿੰਦਰ ਸਰਤਾਜ ਦੇ ਗੀਤ 'ਉਡਾਰੀਆਂ' ਨੇ ਛੋਹੀ ਸਫਲਤਾ ਦੀ ਬੁਲੰਦੀ




**ਚੰਡੀਗੜ੍ਹ/ਅੰਮ੍ਰਿਤਪਾਲ ਸਿੰਘ :** ਆਪਣੀ ਸੁਰੀਲੀ ਗਾਇਕੀ ਤੇ ਦਮਦਾਰ ਅਦਾਕਾਰੀ ਨਾਲ ਪੰਜਾਬੀ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਪੰਜਾਬੀ ਦੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਇਕ ਵਾਰ ਫਿਰ ਆਪਣੀ ਐਲਬਮ 'ਸੀਜ਼ਨਜ਼ ਆਫ਼ ਸਰਤਾਜ' ਦੇ ਗੀਤ 'ਉਡਾਰੀਆਂ' ਨਾਲ ਸਫਲਤਾ ਦੇ ਅਸਮਾਨ ਵਿਚ ਉਚੀਆਂ ਉਡਾਰੀਆਂ ਭਰ ਰਹੇ ਹਨ। ਇਹ ਐਲਬਮ ਫਿਰਦੌਸ ਪ੍ਰੋਡਕਸ਼ਨਜ਼ ਐਂਡ ਸਾਗਾ ਮਿਊਜ਼ਿਕ ਵਲੋਂ ਤਿਆਰ ਕੀਤੀ ਗਈ ਹੈ। 'ਉਡਾਰੀਆਂ' ਇਸ ਐਲਬਮ ਦਾ ਪੰਜਵਾਂ ਗੀਤ ਹੈ। ਇਹ ਗੀਤ ਖੁਦ ਸਤਿੰਦਰ ਸਰਤਾਜ ਨੇ ਲਿਖਿਆ ਅਤੇ ਇਸ ਦਾ ਮਿਊਜ਼ਿਕ ਜਤਿੰਦਰ ਸ਼ਾਹ ਵਲੋਂ ਤਿਆਰ ਕੀਤਾ ਗਿਆ ਹੈ। ਇਹ ਗੀਤ ਪਿਛਲੇ ਇਕ ਹਫ਼ਤੇ ਤੋਂ ਡਿਜ਼ੀਟਲ ਮੀਡੀਆ ਵਿਚ ਸਰੋਤਿਆਂ ਵਲੋਂ ਸਭ ਤੋਂ ਵੱਧ ਪਸੰਦ ਗੀਤਾਂ ਦੀ ਕਤਾਰ ਵਿਚ ਨੰਬਰ ਇਕ ਉਤੇ ਜਾ ਰਿਹਾ ਹੈ। ਮਿਊਜ਼ਿਕ ਜਗਤ ਦੇ ਸੁਪ੍ਰਸਿੱਧ ਪੋਰਟਲ 'ਆਈ ਟਿਊਨ', 'ਐਪਲ ਮਿਊਜ਼ਿਕ', 'ਗਾਨਾ', 'ਸਾਵਨ' ਅਤੇ ਗੂਗਲ ਤੇ ਰਿਲਾਇੰਸ ਜੀਓ ਦੇ ਡਿਜ਼ੀਟਲ ਪਲੇਟਫਾਰਮ ਉਤੇ ਛਾਇਆ ਹੋਇਆ ਹੈ।

## ਆਸਟਰੇਲੀਆ 'ਚ ਪਹਿਲੀ ਸਿੱਖ ਔਰਤ ਨੂੰ ਮਿਲਿਆ 'ਜਸਟਿਸ ਆਫ਼ ਪੀਸ'

**ਰੂਪਨਗਰ/ਬਿਊਰੋ ਨਿਊਜ਼ :** ਨਗਰ ਕੌਂਸਲ ਰੂਪਨਗਰ ਦੇ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਸਤਿਆਲ ਦੀ



ਪੁੱਤਰੀ ਅਮਨਪ੍ਰੀਤ ਕੌਰ ਸਤਿਆਲ ਨੂੰ ਦੱਖਣੀ ਆਸਟਰੇਲੀਆ ਵਿਚ 'ਜਸਟਿਸ ਆਫ਼ ਪੀਸ' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਹੈ। ਉਹ ਆਸਟਰੇਲੀਆ ਵਿਚ ਇਹ ਸਨਮਾਨ ਪ੍ਰਾਪਤ ਕਰਨ ਵਾਲੀ ਪਹਿਲੀ ਸਿੱਖ ਔਰਤ ਹੈ। ਅਮਨਪ੍ਰੀਤ ਕੌਰ ਦਾ ਸਨਮਾਨ ਹੋਣ ਦੀ ਖ਼ਬਰ ਮਿਲਣ ਮਗਰੋਂ ਉਨ੍ਹਾਂ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਦੱਖਣੀ ਆਸਟਰੇਲੀਆ ਦੇ ਅਟਾਰਨੀ ਜਨਰਲ ਦੇ ਖ਼ਪਤਕਾਰ ਮਾਮਲਿਆਂ ਦੇ ਡੈਲੀਗੇਟ ਕਮਿਸ਼ਨਰ ਡੀਨੀ ਸਾਊਲੀਓ ਵੱਲੋਂ ਜਾਰੀ ਸਰਟੀਫ਼ਿਕੇਟ ਦਿਖਾਉਂਦਿਆਂ ਅਮਰਜੀਤ ਸਿੰਘ ਸਤਿਆਲ ਨੇ ਦੱਸਿਆ ਕਿ ਅਮਨਪ੍ਰੀਤ

**ਬਾਕੀ ਸਫ਼ਾ 26 'ਤੇ**

# ਨਕੋਦਰ ਕਾਂਡ ਦੀ ਠੰਡੇ ਬਸਤੇ ਪਾਈ ਨਿਆਂਇਕ ਜਾਂਚ ਮੁੜ ਖੋਲ੍ਹਣ ਲਈ ਮੁੱਖ ਮੰਤਰੀ ਨੂੰ ਪੱਤਰ

**ਨਕੋਦਰ/ਬਿਊਰੋ ਨਿਊਜ਼ :**
ਪੰਜਾਬ ਦੇ ਬਹੁਚਰਚਿਤ ਅਤੇ ਦਿਲਕੰਬਾਊ ਸੰਨ 1986 ਵਿਚ ਵਾਪਰੇ ਨਕੋਦਰ ਕਾਂਡ ਦੇ ਉਸ ਵੇਲੇ ਦੀ ਸਰਕਾਰ ਵੱਲੋਂ ਕੀਤੇ ਨਿਆਂਇਕ ਜਾਂਚ ਦੇ ਹੁਕਮ 32 ਸਾਲ ਤਕ ਵੀ ਫਾਇਲਾਂ ਵਿਚ ਹੀ ਦਬ ਕੇ ਰਹਿ ਗਏ ਹਨ। ਹੁਣ ਮੁੜ ਚਾਰਾਜੋਈ ਕਰਦਿਆਂ ਜ਼ਿਲ੍ਹਾ ਜਲੰਧਰ ਦੇ ਪਿੰਡ ਲਿੱਤਰਾਂ ਦੇ ਰਹਿਣ ਵਾਲੇ ਬਲਦੇਵ ਸਿੰਘ ਤੇ ਬਲਦੀਪ ਕੌਰ ਨੇ ਇਸ ਕੇਸ ਬਾਰੇ ਇਕ ਪੱਤਰ ਲਿਖ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਗੁਹਾਰ ਲਗਾਈ ਹੈ ਕਿ ਜਦੋਂ ਇਹ ਕਾਂਡ ਵਾਪਰਿਆ ਸੀ ਤਾਂ ਮਾਨਯੋਗ ਜਸਟਿਸ ਗੁਰਨਾਮ ਸਿੰਘ ਜੀ ਨੇ ਉਦੋਂ ਦੀ ਪੰਜਾਬ ਸਰਕਾਰ ਨੂੰ ਇਸ ਦੀ ਜੁਡੀਸ਼ੀਅਲ ਜਾਂਚ ਕਰਵਾਉਣ ਦੇ ਹੁਕਮ ਦਿਤੇ ਸਨ। ਉਸ ਸਰਕਾਰ ਵਿਚ ਕੈਪਟਨ ਅਮਰਿੰਦਰ ਸਿੰਘ ਖੁਦ ਵੀ ਖੇਤੀਬਾੜੀ ਮੰਤਰੀ ਸਨ। ਬਾਅਦ ਵਿਚ ਕੇਂਦਰ ਨੇ ਪੰਜਾਬ ਦੀ ਇਹ ਸਰਕਾਰ ਤੋੜ ਦਿਤੀ ਸੀ ਅਤੇ ਰਾਸ਼ਟਰਪਤੀ



ਸ਼ਾਸਨ ਦੌਰਾਨ ਕੋਈ ਸੁਣਵਾਈ ਨਾ ਹੋਈ। ਸੇਵਾਮੁਕਤ ਜਸਟਿਸ ਗੁਰਨਾਮ ਸਿੰਘ ਜੀ ਨੇ ਉਦੋਂ ਸਰਕਾਰ ਦੇ ਕਹਿਣ ਉਤੇ ਹੀ ਇਸ ਕਾਂਡ ਦੀ ਜਾਂਚ ਕੀਤੀ ਸੀ ਅਤੇ 29 ਮਾਰਚ 1987 ਨੂੰ ਆਪਣੀ ਜਾਂਚ ਮੁਕੰਮਲ ਕਰਕੇ ਪੰਜਾਬ ਸਰਕਾਰ ਨੂੰ ਇਸ ਦੀ ਜੁਡੀਸ਼ੀਅਲ ਇਨਕੁਆਰੀ ਕਰਵਾਉਣ ਦੀ ਸਿਫਾਰਿਸ਼ ਕੀਤੀ ਸੀ।

ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਉਸ ਵੇਲੇ ਦੇ ਹੁਕਮਾਂ ਮੁਤਾਬਕ 2 ਫਰਵਰੀ 1986 ਨੂੰ ਨਕੋਦਰ ਦੇ ਮੁਹੱਲਾ ਗੁਰੂ ਨਾਨਕਪੁਰਾ ਵਿਚ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਵਿਖੇ ਪੰਜ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਸਾੜੇ ਜਾਣ, 4 ਫਰਵਰੀ 1986 ਨੂੰ ਸ਼ੇਰਪੁਰ ਪੁਲ ਉਤੇ ਪੁਲਿਸ ਦੀ ਗੋਲੀ ਨਾਲ 4 ਸਿੱਖ ਨੌਜਵਾਨਾਂ ਦੀ ਮੌਤ ਹੋਣ ਅਤੇ ਪ੍ਰਸ਼ਾਸਨ ਵੱਲੋਂ ਬਿਨਾ ਪਰਿਵਾਰਾਂ ਦੀ ਇਜ਼ਾਜਤ ਦੇ ਲਾਸ਼ਾਂ ਦਾ ਸੰਸਕਾਰ ਕਰਨ ਦੇ ਮਾਮਲੇ ਦੀ ਨਿਆਂਇਕ ਜਾਂਚ ਦੇ ਆਰਡਰ ਰਿਲੀਜ਼ ਕੀਤੇ ਜਾਣ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਜਲੰਧਰ ਦੇ ਪਿੰਡ ਲਿੱਤਰਾਂ ਦੇ ਰਹਿਣ ਵਾਲੇ ਬਲਦੇਵ ਸਿੰਘ ਤੇ ਬਲਦੀਪ ਕੌਰ ਇਸ ਗੋਲੀ ਕਾਂਡ ਵਿਚ ਸ਼ਹੀਦ

**ਬਾਕੀ ਸਫ਼ਾ 26 'ਤੇ**

# ਬੇਅਦਬੀ ਕੇਸਾਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਚ ਅਹਿਮ ਖੁਲਾਸੇ

## *ਸੁਖਬੀਰ ਬਾਦਲ ਦੀ ਸਿਰਸੇ ਵਾਲੇ ਨਾਲ ਮੀਟਿੰਗ ਦੇ ਵੇਰਵੇ ਨਸ਼ਰ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚ ਅਕਾਲੀ-ਭਾਜਪਾ ਸ਼ਾਸਨ ਦੌਰਾਨ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ, ਬਰਗਾੜੀ ਕਾਂਡ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਬਣੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਸਰਕਾਰ ਕੋਲ ਪਹੁੰਚੀ ਰਿਪੋਰਟ ਵਿਚ ਕਈ ਸਨਸਨੀਖੇਜ਼ ਇੰਕਸ਼ਾਫ ਹੋ ਰਹੇ ਹਨ। ਸੂਤਰਾਂ ਮੁਤਾਬਕ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੀਆਂ ਪਰਤਾਂ ਖੁੱਲ੍ਹਣ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਬਰਦਸਤ ਸੇਕ ਲੱਗਣ ਦੇ ਆਸਾਰ ਹਨ। ਉਨ੍ਹਾਂ ਦੀਆਂ ਡੇਰਾ ਸਿਰਸਾ ਦੇ ਮੁੱਖ ਪ੍ਰਬੰਧਕਾਂ ਨਾਲ ਮੀਟਿੰਗਾਂ ਉਨ੍ਹਾਂ ਲਈ ਪ੍ਰੇਸ਼ਾਨੀਆਂ ਦਾ ਸਬੱਬ ਬਣ ਸਕਦੀਆਂ ਹਨ। ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਕਮਿਸ਼ਨ



ਦੀ ਰਿਪੋਰਟ ਵਿੱਚ ਕਾਫੀ ਸਫੇ ਉਸ ਵੇਲੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਿਨ੍ਹਾਂ ਕੋਲ ਗ੍ਰਹਿ ਮੰਤਰਾਲੇ ਦੀ ਵੀ ਜ਼ਿੰਮੇਵਾਰੀ ਸੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਵੀ ਸੀ, ਬਾਰੇ ਚਰਚਾ ਕੀਤੀ ਗਈ ਹੈ। ਉਨ੍ਹਾਂ ਦੀ ਡੇਰੇ ਦੇ ਮੁੱਖ ਪ੍ਰਬੰਧਕਾਂ ਨਾਲ ਮੀਟਿੰਗਾਂ, ਸ੍ਰੀ ਅਕਾਲ ਤਖਤ ਵੱਲੋਂ ਡੇਰਾ ਮੁਖੀ ਨੂੰ ਮੁਆਫ਼ੀ ਦੇਣੀ ਤੇ ਬਾਅਦ ਵਿੱਚ ਦਬਾਅ ਪੈਣ 'ਤੇ ਪਿੱਛੇ ਹਟ

**ਬਾਕੀ ਸਫ਼ਾ 26 'ਤੇ**

















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

# ਪੰਜਾਬ ਦੀਆਂ ਧੀਆਂ ਦੀ ਸਾਰ ਲੈਣ ਵਾਲੀ ਸਮਾਜ ਸੇਵੀ ਸੰਸਥਾ 'ਧੀਆਂ ਪੁਕਾਰਦੀਆਂ'

## ਲੋੜਵੰਦ ਤੇ ਹੁਸ਼ਿਆਰ ਵਿਦਿਆਰਥਣਾਂ ਨੂੰ ਸਵੈ ਨਿਰਭਰ ਕਰਨਾ ਸਾਡਾ ਮੁੱਖ ਟੀਚਾ : ਕੁਲਦੀਪ ਸਿੰਘ ਸਰਾ

ਸ਼ਿਕਾਗੋ/ਬਿਊਰੋ ਨਿਊਜ਼: ਪੰਜਾਬ ਦੀਆਂ ਧੀਆਂ ਨੂੰ ਸਮਰਪਿਤ ਅਤੇ ਲੋੜਵੰਦ ਪਰਿਵਾਰਾਂ ਦੀਆਂ ਹੁਸ਼ਿਆਰ ਕੁੜੀਆਂ ਦੀ ਮਦਦ ਲਈ ਸਰਗਰਮ ਸਮਾਜ ਸੇਵੀ ਸੰਸਥਾ "ਧੀਆਂ ਪੁਕਾਰਦੀਆਂ" ਵਲੋਂ ਕੀਤੇ ਜਾ ਰਹੇ ਕਾਰਜਾਂ ਸਬੰਧੀ ਸਿੱਖ ਸੰਗਤਾਂ ਨੂੰ ਜਾਣੂੰ ਕਰਵਾਉਣ ਲਈ ਇਸ ਮੁਹਿੰਮ ਦੇ ਮੋਢੀ ਸ. ਕੁਲਦੀਪ ਸਿੰਘ ਸਰਾ ਲੰਘੇ ਹਫ਼ਤੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਾ ਸਾਹਿਬ ਪੈਲਾਟਾਇਨ ਸੰਗਤਾਂ ਦੇ ਰੂਬਰੂ ਹੋਏ।

ਕਿੱਤੇ ਵਜੋਂ ਇੰਜੀਨੀਅਰ ਅਤੇ ਲੰਮਾ ਸਮਾਂ ਵਿਸ਼ਵ ਪ੍ਰਸਿੱਧ ਸੰਸਥਾ "ਫਰਮੀ ਲੈਬ" ਨਾਲ ਕੰਮ ਕਰਦੇ ਰਹੇ ਸ. ਕੁਲਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਦਸਿਆ ਕਿ ਉਨ੍ਹਾਂ ਵਲੋਂ ਰਿਟਾਇਰ ਹੋਣ ਤੋਂ ਤੁਰੰਤ ਬਾਅਦ ਪੰਜਾਬ ਦੀਆਂ ਕੁੜੀਆਂ ਦੇ ਭਵਿੱਖ ਨੂੰ ਸੰਵਾਰਨ ਦੇ ਮਨਸ਼ੇ ਨਾਲ ਆਰੰਭੇ ਇਸ ਸ਼ੁਭ ਕੰਮ ਲਈ ਉਨ੍ਹਾਂ ਨੂੰ "ਧੀਆਂ ਪੁਕਾਰਦੀਆਂ" ਦੇ ਸਮੂਹ ਮੈਂਬਰਾਂ ਅਤੇ ਸ਼ੁਭਚਿੰਤਕਾਂ ਦਾ ਭਰਵਾਂ ਸਗਿਯੋਗ ਪ੍ਰਾਪਤ ਹੈ।

ਪੰਜਾਬ ਵਿੱਚ ਭਰੂਣ ਹਤਿਆ ਦੇ ਰੂਪ ਵਿੱਚ ਫੈਲੀ ਸਮਾਜਿਕ ਬੁਰਾਈ ਵਿਰੁਧ ਲਾਮਬੰਦੀ ਵਜੋਂ ਚਲਾਈ ਜਾ ਰਹੀ ਮੁਹਿੰਮ ਵਿੱਚ ਯੋਗਦਾਨ ਪਾ ਰਹੀ ਉਨ੍ਹਾਂ ਦੀ ਸੰਸਥਾ ਵਲੋਂ ਚਲਾਏ ਜਾ ਰਹੇ ਕਾਰਜ ਦਾ ਵੇਰਵਾ ਦਿੰਦਿਆਂ ਉਨ੍ਹਾਂ ਕਿਹਾ ਕਿ ਸੰਨ 20 11 ਵਿੱਚ ਕਾਇਮ ਕੀਤੀ "ਧੀਆਂ ਪੁਕਾਰਦੀਆਂ" **Dheean Pukardian Inc, a Naperville Illinois based 501 ( C) (3) non profit organization"** ਵਲੋਂ ਪੰਜਾਬ ਵਿੱਚ ਸਕੂਲਾਂ ਤੇ ਕਾਲਜਾਂ ਦੀਆਂ ਚੋਣਵੀਆਂ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਚੰਗੇਰੇ ਭਵਿੱਖ ਲਈ ਯਥਾਯੁਕਤ ਮਾਲੀ ਮਦਦ ਤੇ ਸਹਿਯੋਗ ਦਿੱਤਾ ਜਾਂਦਾ ਹੈ। ਉਨ੍ਹਾਂ ਦਸਿਆ "ਧੀਆਂ ਪੁਕਾਰਦੀਆਂ" ਸੰਸਥਾ ਲਈ ਮਾਲੀ ਵਸੀਲੇ ਸਰਾਂ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਰਾਹੀਂ ਹੀ ਮੁਹੱਈਆ ਕੀਤੇ ਜਾਂਦੇ ਰਹੇ ਹਨ। ਸ. ਸਰਾਂ ਨੇ ਦੱਸਿਆ ਕਿ ਸੰਸਥਾ ਦੇ ਸੋਹਿਯਗੀਆਂ ਦੇ ਉੱਦਮ ਅਤੇ ਯੋਗਦਾਨ ਰਾਹੀਂ ਹਰ ਮਹੀਨੇ ਇਕੱਠੀ ਹੁੰਦੀ 3500 ਡਾਲਰ ਦੀ ਮਾਮੂਲੀ ਰਕਮ ਨਾਲ ਵੀ ਪੰਜਾਬ ਦੇ ਵੱਖ ਵੱਖ ਸਕੂਲਾਂ ਤੇ ਕਾਲਜਾਂ 'ਚ ਪੜ੍ਹਦੀਆਂ 327 ਲੜਕੀਆਂ ਨੂੰ ਮਾਲੀ ਸਹਾਇਤਾ ਦਿੱਤੀ ਹੈ ਜਿਨ੍ਹਾਂ ਵਿਚੋਂ 184 ਕਾਲਜ ਦੀ ਪੜ੍ਹਾਈ ਮੁਕੰਮਲ ਵੀ ਕਰ ਚੁਕੀਆਂ ਹਨ।






ਉਨ੍ਹਾਂ ਕਿਹਾ ਕਿ ਇਹ ਸੰਸਥਾ ਭਾਰਤ, ਖਾਸ ਕਰ ਪੰਜਾਬ ਵਿਚ ਧੀਆਂ ਨੂੰ ਕੁੱਖਾਂ ਵਿਚ ਹੀ ਮਾਰ ਦੇਣ ਸਦੀਆਂ ਪੁਰਾਣੀ ਸਮਾਜਿਕ ਬੁਰਾਈ ਨੂੰ ਜੜ੍ਹੋਂ ਖ਼ਤਮ ਦੀ ਮੁਹਿੰਮ ਵਿੱਚ ਅਪਣਾ ਬਣਦਾ ਯੋਗਦਾਨ ਪਾਉਣ ਲਈ ਤਨਦੇਹੀ ਨਾਲ ਕੰਮ ਕਰ ਰਹੀ ਹੈ। ਇਸ ਕੁਰੀਤੀ ਵਿਰੁਧ ਲੋਕਾਂ ਨੂੰ ਜਾਗਰੂਕ ਕਰਨ ਤੋਂ ਇਲਾਵਾ ਕੁੜੀਆਂ ਨੂੰ ਪੈਰਾਂ ਸਿਰ ਕਰਨ ਦੇ ਅਪਣੇ ਮਿਸ਼ਨ ਵਿਚ ਲਗਾਤਾਰ ਕਾਮਯਾਬੀ ਵਲ ਪੁਲਾਂਘਾਂ ਪੁੱਟ ਰਹੀ ਹੈ।

ਸ. ਕੁਲਦੀਪ ਸਿੰਘ ਨੇ ਬੜੇ ਹੀ ਯੋਜਨਾਵੱਧ ਢੰਗ ਨਾਲ ਸੰਸਥਾ ਦੇ ਕੰਮਾਂ ਤੇ ਨਿਸ਼ਾਨਿਆਂ ਬਾਰੇ ਜਾਣਕਾਰੀ ਦਿੰਦਿਆਂ ਦਸਿਆ ਕਿ "ਧੀਆਂ ਪੁਕਾਰਦੀਆਂ" ਵਲੋਂ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ, ਜੋ ਕਾਲਜ ਦੀ ਪੜ੍ਹਾਈ ਪੂਰੀ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਨੈਤਿਕ ਤੇ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਹਰ ਕੁੜੀ ਤੋਂ ਇਹ ਵਾਅਦਾ ਲਿਆ ਜਾਂਦਾ ਹੈ ਕਿ ਉਹ ਦਾਜ ਵਰਗੀ ਬੁਰਾਈ ਦਾ ਵਿਰੋਧ ਕਰਨਗੀਆਂ।

ਗੁਰਦੁਆਰਾ ਪੈਲਾਟਾਈਨ ਵਿਖੇ ਸੰਗਤਾਂ ਨਾਲ ਗੱਲਬਾਤ ਦੌਰਾਨ ਸ. ਕੁਲਦੀਪ ਸਿੰਘ ਵਲੋਂ ਅਪਣੀ ਸੰਸਥਾ ਵਲੋਂ ਕੀਤੇ ਜਾ ਰਹੇ ਇਸ ਸ਼ੁਭ ਕੰਮ ਲਈ ਮੰਗੇ ਗਏ ਸਹਿਯੋਗ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਸੰਗਤ ਦੇ ਮੈਂਬਰਾਂ ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੀ ਤਰਫੋਂ ਮੌਕੇ ਉੱਤੇ ਹੀ 3929 ਡਾਲਰ ਦੀ ਮਦਦ ਇਕੱਠੀ ਕਰ ਕੇ ਦਿੱਤੀ ਗਈ।

ਸ. ਸਰਾ ਨੇ ਇਸ ਭਰਵੇਂ ਸਹਿਯੋਗ ਬਦਲੇ ਸੰਗਤਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਇਸ ਮਾਲੀ ਮਦਦ ਨਾਲ ਧੀਆਂ ਦੇ ਹੱਕ ਵਿਚ ਕੀਤੇ ਜਾ ਰਹੇ ਯਤਨ ਹੋਰ ਤੇਜ ਕਰਨ ਲਈ ਉਤਸ਼ਾਹ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਮਿਸ਼ਨ ਨੂੰ ਜਲਦੀ ਪੂਰਾ ਕਰਨ ਲਈ ਹੀ ਉਨ੍ਹਾਂ ਨੇ ਗੁਰਦੁਆਰਾ ਸਾਹਿਬਾਨ ਤੱਕ ਪਹੁੰਚ ਕਰਨ ਦਾ ਨਿਰਣਾ ਕੀਤਾ ਅਤੇ ਇਸ ਮਕਸਦ ਨਾਲ ਉਹ ਗੁਰਦੁਆਰਾ ਪੈਲਾਟਾਈਨ ਦੀਆਂ ਸੰਗਤਾਂ ਦੇ ਸਨਮੁਖ ਹੋਏ।

"ਧੀਆਂ ਪੁਕਾਰਦੀਆਂ" ਸੰਸਥਾ ਨਾਲ ਸਹਿਯੋਗ ਦੇ ਚਾਹਵਾਨ ਸੱਜਣ ਸ. ਕੁਲਦੀਪ ਸਿੰਘ ਸਰਾ ਨਾਲ ਫੋਨ: 630-305-3486 ਰਾਹੀਂ ਸੰਪਰਕ ਕਰ ਸਕਦੇ ਹਨ।

## ਭਾਰਤੀ ਅਮਰੀਕੀ ਆਸੀਮ ਕੈਲੀਫੋਰਨੀਆ ਸਟੇਟ ਅਸੈਂਬਲੀ ਮੈਂਬਰ ਬਣਨ ਦਾ ਚਾਹਵਾਨ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ :** ਅਮਰੀਕਾ ਦੇ ਚੋਟੀ ਦੇ 150 ਵਿਦਿਆਰਥੀਆਂ ਨੂੰ ਦਿੱਤਾ ਜਾਣ ਵਾਲਾ ਸੰਨ 2018 ਦਾ ਨੈਸ਼ਨਲ ਕੋਕਾ ਕੋਲਾ ਸਨਮਾਨ ਪ੍ਰਾਪਤ 18 ਸਾਲਾ ਆਸੀਮ ਵਾਹੀਆ ਕੈਲੀਫੋਰਨੀਆ ਸਟੇਟ ਅਸੈਂਬਲੀ ਦਾ ਅਗਲਾ ਮੈਂਬਰ ਬਣਨਾ ਚਾਹੁੰਦਾ ਹੈ। ਭਾਰਤੀ ਅਮਰੀਕੀ ਆਸਿਮ ਦੀ ਚਾਹਨਾ ਸਟੇਟ ਅਸੈਂਬਲੀ ਮੈਂਬਰ ਬਣਕੇ ਨੌਜਵਾਨਾਂ ਲਈ ਮਿਸਾਲ ਕਾਇਮ ਕਰਨ ਦੀ ਹੈ। ਇਸ ਲਈ ਉਸ ਨੇ 7 ਜੂਨ ਨੂੰ ਹੋਈਆਂ ਮੁਢਲੀਆਂ ਚੋਣਾਂ ਵਿਚ ਆਪਣੀ ਅਜਮਾਇਸ਼ ਵੀ ਕਰ ਲਈ ਹੈ। ਭਾਵੇਂ ਇਸ ਵਿਚ ਉਸ ਨੂੰ ਮਹਿਜ਼ 7608 ਵੋਟਾਂ (15.7 ਫੀਸਦੀ) ਮਿਲੀਆਂ ਪਰ ਫਿਰ ਵੀ ਉਹ ਡੈਮੋਕ੍ਰੈਟਿਕ ਆਗੂ ਟਿਮ ਗਰੇਸਨ ਤੋਂ ਦੂਜੇ ਨੰਬਰ 'ਤੇ ਰਿਹਾ ਜਿਸ ਨੂੰ 40,899 ਭਾਵ 84.32 ਫੀਸਦੀ ਵੋਟਾਂ ਪਈਆਂ। ਇਸ ਤਰਾਂ ਉਹ ਆਮ ਚੋਣਾਂ ਲਈ 'ਟਾਪ ਟੂ ' ਸਿਸਟਮ ਤਹਿਤ ਇਕ ਕਦਮ ਅੱਗੇ ਵਧ ਗਿਆ ਹੈ, ਜਿਸ ਨੂੰ ਸਟੇਟ ਵਿਚ ਮਾਨਤਾ ਪ੍ਰਾਪਤ ਹੈ। ਨੌਜਵਾਨ ਉਮੀਦਵਾਰ ਆਸਿਮ ਨੇ ਆਪਣੀ ਸਾਰੀ ਜ਼ਿੰਦਗੀ ਇਸੇ ਜ਼ਿਲ੍ਹੇ ਵਿਚ ਬਿਤਾਈ ਅਤੇ ਇਸ ਸਮੇਂ ਦੌਰਾਨ (ਬਾਕੀ ਸਫ਼ਾ 27 'ਤੇ)





## 16ਵੇਂ ਸਾਲਾਨਾ ਗੱਤਕਾ ਮੁਕਾਬਲੇ 5 ਅਗਸਤ ਨੂੰ

**ਨਿਊਯਾਰਕ/ਬਿਊਰੋ ਨਿਊਜ਼** :ਗੁਰੂਦੁਆਰਾ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਸਾਲਾਨਾ ਗੱਤਕਾ ਮੁਕਾਬਲੇ 5 ਅਗਸਤ 2018 ਦਿਨ ਐਤਵਾਰ ਸਵੇਰੇ 11 ਵਜੇ ਤੋਂ ਸ਼ਾਮ 8 ਵਜੇ ਤੱਕ ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲਈ ਅੰਤਰਾਸ਼ਟਰੀ ਅਤੇ ਉੱਤਰੀ ਅਮਰੀਕਾ ਦੇ ਉੱਚ ਚੋਟੀ ਦੇ ਖਿਡਾਰੀ, ਕੈਲੀਫ਼ੋਰਨੀਆ ਦੇ ਸ਼ਹਿਰ ਸਲਮਾ, ਫਰੀਮੌਂਟ, ਯੂਬਾ ਸਿਟੀ, ਨਿਊਯਾਰਕ, ਇੰਡੀਐਨਾ, ਡੀਸੀ., ਟੋਰਾਂਟੋ, ਸਰੀ ਬੀਸੀ., ਕੈਲਗਿਰੀ, ਮੌਂਟਰੀਅਲ, ਇੰਡੀਆ ਅਤੇ ਨਿਊਜਰਸੀ ਤੋਂ ਪਹੁੰਚਣਗੇ। ਵਿਦੇਸ਼ ਦੀ ਧਰਤੀ 'ਤੇ ਇਹ ਸਭ ਤੋਂ ਵੱਡਾ ਗੱਤਕਾ ਮੁਕਾਬਲਾ ਪ੍ਰੋਗਰਾਮ ਹੋਵੇਗਾ।ਇਨ੍ਹਾਂ ਗੱਤਕਾ ਮੁਕਾਬਲਿਆਂ ਲਈ ਕੋਈ ਫੀਸ ਨਹੀਂ ਹੋਵੇਗੀ ਅਤੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ ਭਾਈ ਜਸਦੇਵ ਸਿੰਘ ਜੀ ਨਾਲ ਫੋਨ 416-835-1909 'ਤੇ ਸੰਪਰਕ ਕਰ ਸਕਦੇ ਹੋ ਜਾਂ ਵੈਬਸਾਈਟ www.yudh.net ਉਤੇ ਵੀ ਜਾਇਆ ਜਾ ਸਕਦਾ ਹੈ।

# ਭਾਰਤੀ-ਅਮਰੀਕੀ ਦੀ ਹੱਤਿਆ ਮਾਮਲੇ 'ਚ ਦੋਸ਼ੀ ਨੂੰ 20 ਸਾਲ ਦੀ ਸਜ਼ਾ

**ਕਨੈਕਟੀਕਟ/ਹੁਸਨ ਲੜੋਆ ਬੰਗਾ :** ਇਥੋਂ ਦੇ ਨਿਊ ਹੈਵਨ ਸਟੋਰ ਵਿਚ ਕਲਰਕ ਵਜੋਂ ਕੰਮ ਕਰਦੇ ਭਾਰਤੀ ਅਮਰੀਕੀ ਦੀ ੨੦15 ਵਿਚ ਹੋਈ ਹੱਤਿਆ ਦੇ ਦੋਸ਼ ਵਿਚ ਇਕ ਵਿਅਕਤੀ ਨੂੰ ੨੦ ਸਾਲ ਦੀ ਸਜ਼ਾ ਸੁਣਾਈ ਗਈ ਹੈ। ਲੀਟਨ ਵੈਂਡਰਬਰਗ ਨਾਂਅ ਦਾ ਉਕਤ ਦੋਸ਼ੀ ਆਪਣੇ ਅੰਗ-ਰੱਖਿਅਕਾਂ ਨਾਲ ਫੋਰਬਸ ਐਵੇਨਿਊ ਸਟੋਰ ਵਿਚ ਗਿਆ ਸੀ ਜਿਥੇ ਉਸ ਦੇ ਅੰਗ-ਰੱਖਿਅਕਾਂ ਜਮਾਲ ਸੈਮਲਰ ਅਤੇ ਡਵੇਨ ਸੇਲਸ ਨੇ ਚੋਰੀ ਕਰਨ ਦੀ ਨੀਅਤ ਨਾਲ ਭਾਰਤੀ ਅਮਰੀਕੀ ਸੰਜੇ ਪਟੇਲ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਬੀਤੇ ਦਿਨੀ ਸੁਣਵਾਈ ਦੌਰਾਨ ਵੈਂਡਰਬਰਗ ਨੇ ਮ੍ਰਿਤਕ ਦੀ ਪਤਨੀ ਤੋਂ ਮੁਆਫੀ ਵੀ ਮੰਗੀ ਸੀ। 25 ਸਾਲਾ ਵੈਂਡਰਬਰਗ ਪਹਿਲਾਂ ਮਿਲੀ 40 ਸਾਲ ਦੀ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ ਜੋ ਉਸ ਨੂੰ ਗਰੋਸਰੀ ਵਿਚ ਕੰਮ ਕਰਦੇ ਜੋਸ ਸਲਗਾਡੋ ਨਾਂਅ ਦੇ ਵਿਅਕਤੀ ਦੇ ਕਤਲ ਦੇ ਦੋਸ਼ 'ਚ ਮਿਲੀ ਹੋਈ ਹੈ। ਇਹ ਕਤਲ



ਪਟੇਲ ਦੀ ਹੱਤਿਆ ਤੋਂ ਪੰਜ ਦਿਨ ਬਾਅਦ ਕੀਤਾ ਗਿਆ ਸੀ। 39 ਸਾਲਾ ਪਟੇਲ ਸਟੋਰ ਦੇ ਕਾਉਂਟਰ 'ਤੇ ਕੰਮ ਕਰਦਾ ਸੀ ਜਦੋਂ 6 ਅਪ੍ਰੈਲ ੨੦15 ਨੂੰ ਦੋਵੇਂ ਅੰਗ-ਰੱਖਿਅਕ ਉਸ ਦੇ ਕੋਲ ਆਏ ਅਤੇ ਉਸ 'ਤੇ ਬੰਦੂਕ ਤਾਣ ਕੇ ਜਲਦ ਹੀ ਮੌਤ ਦੇ ਘਾਟ ਉਤਾਰ ਦਿੱਤਾ। ਵੈਂਡਰਬਰਗ ਇਸ ਘਟਨਾ ਦਾ ਮੁਖ ਗਵਾਹ ਸੀ ਤੇ ਉਸ ਨੇ ਹਲਫੀਆ ਬਿਆਨ ਦਿੱਤਾ ਕਿ ਉਹ ਖੁਦ ਉਨ੍ਹਾਂ ਨੂੰ ਉਸ ਸਟੋਰ 'ਤੇ ਲੈ ਕੇ ਗਿਆ ਸੀ। ਇਸ ਮਾਮਲੇ ਵਿਚ ਸਜ਼ਾ ਸੁਣਾਉਂਦੇ ਹੋਏ ਸੁਪਰੀਮ ਕੋਰਟ ਦੇ ਜੱਜ ਪੈਟਰਿਕ ਜੇ ਕਲਿਫੋਰਡ ਨੇ ਕਿਹਾ ਕਿ ਕਿਉਂਕਿ ਵੈਂਡਰਬਰਗ ਨੇ ਇਸ ਮਾਮਲੇ ਵਿਚ ਅਦਾਲਤ ਦਾ ਸਾਥ ਦਿੱਤਾ ਹੈ ਇਸ ਲਈ ਇਸ ਦੀ ਇਹ ਸਜ਼ਾ ਪਿਛਲੀ 40 ਸਾਲ ਵਾਲੀ ਸਜ਼ਾ ਦੇ ਨਾਲ ਹੀ ਚੱਲੇਗੀ। ਦੱਸਣਯੋਗ ਹੈ ਕਿ ਪਟੇਲ ਦੀ ਪਤਨੀ ਗਰਭਵਤੀ ਸੀ ਜਦੋਂ ਉਸ ਦੀ ਹੱਤਿਆ ਹੋਈ ਤੇ ਉਸ ਦੀ ਪਤਨੀ ਨੇ ਦੱਸਿਆ ਕਿ ਪਟੇਲ ਬਹੁਤ ਹੀ ਨੇਕ ਦਿਲ ਇਨਸਾਨ ਸਨ।

# ਸਿਆਟਲ ਦੇ ਨੌਜਵਾਨਾਂ ਵਲੋਂ ਨਸ਼ਾ ਰਹਿਤ ਹੋ ਕੇ ਪੰਜਾਬੀ ਭਾਈਚਾਰੇ ਦੇ ਉਸਾਰੂ ਕਾਰਜਾਂ ਵਿਚ ਹਿੱਸਾ ਲੈਣ ਦਾ ਪ੍ਰਣ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਪੰਜਾਬੀ ਭਾਈਚਾਰੇ ਦੇ ਪੜ੍ਹੇ ਲਿਖੇ ਨੌਜਵਾਨਾਂ ਨੇ ਮੀਟਿੰਗ ਕਰਕੇ ਆਪਸੀ ਜਾਣ ਪਛਾਣ ਕੀਤੀ ਅਤੇ ਪੰਜਾਬੀ ਭਾਈਚਾਰੇ ਦੇ ਉਸਾਰੂ ਕੰਮਾਂ ਵਿਚ ਆਪਣਾ ਯੋਗਦਾਨ ਪਾਉਣ ਦਾ ਪ੍ਰਣ ਕੀਤਾ। ਵਿਜ਼ਨ ਪਲੇਅ ਫੀਲਡਜ਼ ਕੈਂਟ ਵਿਚ ਸੌਰਬ ਰਿਸ਼ੀ ਦੀ ਅਗਵਾਈ ਹੇਠ ਸਭ ਨੇ ਨਸ਼ਾ ਮੁਕਤ ਹੋ ਕੇ ਇਕ ਦੂਸਰੇ ਦੀ ਮਦਦ ਅਤੇ ਸਾਂਝੇ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਵਿਚਾਰ ਵਟਾਂਦਰਾ ਕੀਤਾ। ਸੌਰਬ ਰਿਸ਼ੀ ਨੇ ਦੱਸਿਆ ਕਿ ਨੌਜਵਾਨਾਂ ਨੇ ਸੁਝਾਓ ਦਿੱਤਾ ਕਿ ਹਰੇਕ ਸ਼ਨੀਵਾਰ ਤੇ ਐਤਵਾਰ ਸ਼ਾਮ ਨੂੰ ਖੇਡ ਮੈਦਾਨ 'ਚ ਰਲ ਮਿਲ ਕੇ ਕਸਰਤ ਤੇ ਕੋਈ ਇਕ ਗੇਮ ਖੇਡ ਕੇ ਆਪਸੀ ਮਿਲਵਰਤਨ ਤੇ ਸਾਂਝ ਵਧਾਈ ਜਾਵੇ ਅਤੇ ਦੂਸਰੇ ਨੌਜਵਾਨਾਂ ਨੂੰ ਨਾਲ ਲੈ ਕੇ ਇਕੱਠੇ ਹੋ ਕੇ ਮੀਟਿੰਗ ਕਰਕੇ ਵਿਚਾਰ ਵਟਾਂਦਰਾ ਕਰਨ ਦਾ ਫੈਸਲਾ ਕੀਤਾ। ਪੰਜਾਬੀ ਭਾਈਚਾਰੇ ਵਲੋਂ ਨੌਜਵਾਨਾਂ ਦੇ ਫੈਸਲੇ ਦਾ ਸਵਾਗਤ ਕੀਤਾ ਅਤੇ ਭਾਈਚਾਰੇ ਵਲੋਂ ਸਹਿਯੋਗ ਦੇਣ ਦਾ ਵਚਨ ਦਿੱਤਾ। ਇਸ ਮੌਕੇ ਗੁਰਦੀਪ ਸਿੰਘ ਸਿੱਧੂ ਨੇ ਨੌਜਵਾਨਾਂ ਵਲੋਂ ਇਕਸੁਰ-ਇਕਜੁਟ ਹੋ ਕੇ ਉਸਾਰੂ ਕਾਰਜਾਂ ਵਿਚ ਭਾਗ ਲੈਣ ਦੇ ਫੈਸਲੇ ਦੀ ਵਧਾਈ ਦਿੱਤੀ

## ਨਸ਼ਾ ਸਪਲਾਈ ਦੀ ਚੇਨ 'ਚ ਵਿਦੇਸ਼ੀਆਂ 'ਤੇ ਨਜ਼ਰ

- *ਸੂਬੇ 'ਚ ਕਈ ਸਮਗਲਰ ਸਰਗਰਮ*
- *ਨਸ਼ਾ ਤਸਕਰੀ 'ਚ ਅਫਰੀਕੀ ਮੂਲ ਦੇ ਨਾਗਰਿਕ ਜ਼ਿਆਦਾ*

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿਚ ਨਸ਼ਾ ਸਮੱਗਲਿੰਗ ਦੀ ਚੇਨ ਨੂੰ ਤੋੜਨ ਦੇ ਯਤਨਾਂ ਤਹਿਤ ਅਜੇ ਤੱਕ ਕੋਈ ਵੱਡੀ ਮੱਛੀ ਪੁਲੀਸ ਦੇ ਹੱਥ ਵਿਚ ਨਹੀਂ ਆਈ। ਪੁਲੀਸ ਨੂੰ ਨਿਸ਼ਾ ਸਮੱਗਲਿੰਗ ਪਿੱਛੇ ਵਿਦੇਸ਼ੀ ਕਾਲਿਆਂ ਦਾ ਵੱਡਾ ਹੱਥ ਦਿਖਾਈ ਦਿੱਤਾ ਹੈ। ਖੁਫੀਆ ਏਜੰਸੀਆਂ ਦੀ ਨਜ਼ਰ ਇਨ੍ਹਾਂ ਵਿਦੇਸ਼ੀ ਨਾਗਰਿਕਾਂ 'ਤੇ ਟਿਕ ਗਈ ਹੈ, ਜੋ ਕਿ ਪੰਜਾਬ ਵਿਚ ਡਰੱਗ ਸਮਗਲਿੰਗ ਕਰ ਰਹੇ ਹਨ। ਇਹ ਵਿਦੇਸ਼ੀ ਨਾਗਰਿਕ ਸਟੱਡੀ ਵੀਜ਼ੇ 'ਤੇ ਪੰਜਾਬ ਆਉਂਦੇ ਹਨ ਤੇ ਦੁਆਬੇ ਦੀ ਇਕ ਯੂਨੀਵਰਸਿਟੀ ਵਿਚ ਦਾਖਲਾ ਲੈ ਰਹੇ ਹਨ। ਪੰਜਾਬ ਪੁਲੀਸ ਨੇ ਬੀਤੇ ਦੋ ਸਾਲਾਂ ਦੌਰਾਨ ਪੰਜਾਬ ਅੰਦਰ ਨਸ਼ਾ ਸਪਲਾਈ ਕਰਨ ਵਾਲੇ ਕਈ ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਦ ਕਿ ਇਸ ਸਾਲ ਜੂਨ ਮਹੀਨੇ ਤੱਕ ਪੁਲੀਸ ਨੇ 24 ਵਿਦੇਸ਼ੀ ਨਾਗਰਿਕਾਂ ਨੂੰ ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ। ਖੁਫੀਆ ਵਿਭਾਗ ਇਸ ਗੱਲ ਦੀ ਪੜਤਾਲ ਕਰ ਰਿਹਾ ਹੈ ਕਿ ਇਹ ਵਿਦੇਸ਼ੀ ਲੋਕ ਨਸ਼ਾ ਕਿਥੋਂ ਪ੍ਰਾਪਤ ਕਰਦੇ ਹਨ ਤੇ ਪੰਜਾਬ ਵਿਚ ਕਿਥੇ ਸਪਲਾਈ ਕਰਦੇ ਹਨ। ਖੁਫੀਆ ਵਿਭਾਗ ਨੇ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ 'ਚ ਪੜ੍ਹਦੇ ਵਿਦੇਸ਼ੀ ਨਾਗਰਿਕਾਂ ਉੱਪਰ ਤਿੱਖੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਹੈ। ਸੁਰੇਸ਼ ਅਰੋੜਾ ਡੀਜੀਪੀ ਪੰਜਾਬ ਪੁਲੀਸ ਦਾ ਕਹਿਣਾ ਹੈ ਕਿ ਪੁਲੀਸ ਨੇ ਸੂਬੇ ਵਿਚ ਨਸ਼ੇ ਦੀ ਸਪਲਾਈ ਨੂੰ ਤੋੜ ਦਿੱਤਾ ਹੈ। ਬਾਹਰੋਂ ਆਉਂਦੇ ਨਸ਼ੇ 'ਤੇ ਕਾਫੀ ਹੱਦ ਤੱਕ ਰੋਕ ਲੱਗ ਗਈ ਹੈ। ਪੰਜਾਬ ਅੰਦਰ ਸਰਗਰਮ ਸਮਗਲਰਾਂ 'ਤੇ ਸ਼ਿਕੰਜ਼ਾ ਕੱਸਿਆ ਜਾ ਰਿਹਾ ਹੈ ਤੇ ਕਈ ਵਿਦੇਸ਼ੀ ਨਾਗਰਿਕ ਗ੍ਰਿਫਤਾਰ ਕੀਤੇ ਗਏ ਹਨ, ਜੋ ਪ੍ਰਦੇਸ਼ ਵਿਚ ਨਸ਼ਾ ਸਪਲਾਈ ਕਰ ਰਹੇ ਹਨ।


DIAMOND TRANSPORTATION

DIAMOND

Transportation Logistics, Inc.

Dry Van ਤੇ Reefer ਦੇ ਕੰਮ ਲਈ

Owner Operators ਦੀ ਲੋੜ

Good Pay

Dedicated Routs

Weekly Payment

ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ

209.487.3699

ਹਰਨੇਕ ਸਿੰਘ ਅਟਵਾਲ

209.351.5965

2850 Loomis Rd, Stockton, CA 95205

# ਮੁਤਵਾਜ਼ੀ ਜਥੇਦਾਰ ਵੱਲੋਂ ਬਹਿਬਲ ਕਲਾਂ ਕਾਂਡ ਦੀ ਜਾਂਚ ਸੀਬੀਆਈ ਹਵਾਲੇ ਕਰਨ ਦੀ ਸਖਤ ਨਿਖੇਧੀ

**ਜਲੰਧਰ/ਬਿਊਰੋ ਨਿਊਜ਼ ;**

ਸਰਬੱਤ ਖ਼ਾਲਸਾ ਵਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਬਰਗਾੜੀ ਇਨਸਾਫ਼ ਮੋਰਚਾ ਦੇ ਮੁਖੀ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਹੈ ਕਿ ਬੇਅਦਬੀ ਕਾਂਡ ਦੇ ਦੋਸ਼ੀਆਂ ਬਾਰੇ ਸਚਾਈ ਸਾਹਮਣੇ ਆ ਚੁੱਕੀ ਹੈ, ਪਰ ਸਰਕਾਰ ਪਤਾ ਨਹੀਂ ਕਿਹੜੀ ਮਜਬੂਰੀ ਕਾਰਨ ਇਸ ਉੱਪਰ ਪਰਦਾ ਪਾਉਣ ਦੇ ਯਤਨ ਕਰ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਵਲੋਂ ਬਹਿਬਲ ਕਲਾਂ ਕਾਂਡ ਦੀ ਜਾਂਚ ਸੀਬੀਆਈ. ਹਵਾਲੇ ਕਰਨ ਤੇ ਮੋਰਚੇ ਦੀਆਂ ਤਿੰਨ ਮੰਗਾਂ ਬਾਰੇ ਕੋਈ ਸਪੱਸ਼ਟ ਐਲਾਨ ਨਾ ਕੀਤੇ ਜਾਣ ਦੀ ਸਖ਼ਤ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਜਦ ਤੱਕ ਸਰਕਾਰ ਬਰਗਾੜੀ ਆ ਕੇ ਸਿੱਖ ਪੰਥ ਦੀਆਂ ਤਿੰਨ ਮੰਗਾਂ ਮੰਨਣ ਬਾਰੇ ਸਪੱਸ਼ਟ ਐਲਾਨ ਨਹੀਂ ਕਰਦੀ ਤਦ ਤੱਕ ਮੋਰਚਾ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਬਰਗਾੜੀ ਧਰਨੇ 'ਚ ਆਏ ਮੰਤਰੀ ਨੂੰ ਅਸੀਂ ਸਪੱਸ਼ਟ ਕਰ ਦਿੱਤਾ ਸੀ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਹੋਵੇ ਅਤੇ ਬੇਅਦਬੀ ਮਾਮਲੇ ਦੇ ਦੋਸ਼ੀਆਂ ਨੂੰ ਫੜਨ, ਬਹਿਬਲ ਕਲਾਂ ਗੋਲੀ ਕਾਂਡ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਰਵਾਈ ਤੇ ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਜਾਵੇ।



# ਸ਼ਿਲੌਂਗ ਦੇ ਸਿੱਖ ਭਾਈਚਾਰੇ ਲਈ 50 ਲੱਖ ਦੀ ਗ੍ਰਾਂਟ

**ਚੰਡੀਗੜ੍ਹ/ ਬਿਊਰੋ ਨਿਊਜ਼ :**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੇਘਾਲਿਆ ਦੇ ਸ਼ਿਲੌਂਗ ਵਿਖੇ ਹਾਲ ਹੀ ਵਿਚ ਹੋਈ ਹਿੰਸਾ ਦੇ ਕਾਰਨ ਨੁਕਸਾਨੇ ਗਏ ਗੁਰੂ ਨਾਨਕ ਸਕੂਲ ਅਤੇ ਗੁਰਦਆਰਾ ਸਾਹਿਬ ਦੇ ਨਿਰਮਾਣ ਲਈ 50 ਲੱਖ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸ਼ਹਿਰ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਦੀ ਅਗਵਾਈ ਵਿਚ ਆਏ ਸਿੱਖ ਸੰਗਤ ਦੇ ਵਫਦ ਨੂੰ ਇਹ ਭਰੋਸਾ ਵੀ ਦਿਵਾਇਆ ਕਿ ਸ਼ਿਲੌਂਗ ਵਿਚ ਵਸੇ ਸਿੱਖ ਭਾਈਚਾਰੇ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ।

ਇਹ ਵਫ਼ਦ ਇਥੇ ਮੁੱਖ ਮੰਤਰੀ ਨੂੰ ਮਿਲਿਆ। ਦੌਰੇ 'ਤੇ ਆਏ ਵਫਦ ਨੇ ਸ਼ਿਲੌਂਗ ਵਿਖੇ ਕੁਝ ਸਮਾਜ ਵਿਰੋਧੀ ਤੱਤਾਂ ਵਲੋਂ ਸਿੱਖ ਭਾਈਚਾਰੇ ਨਾਲ ਸਬੰਧਤ ਜਾਇਦਾਦ ਨੂੰ ਤਬਾਹ ਕਰਨ ਅਤੇ ਸਾੜਫੂਕ ਕਾਰਨ ਪੈਦਾ ਹੋਈ ਸਥਿਤੀ ਦਾ ਪਤਾ ਲਾਉਣ ਲਈ ਇਕ ਉੱਚ ਪੱਧਰੀ ਵਫਦ ਉੱਥੇ ਭੇਜਣ ਵਾਸਤੇ ਮੁੱਖ ਮੰਤਰੀ ਵਲੋਂ ਕੀਤੀਆ ਨਿੱਜੀ ਪਹਿਲਕਦਮੀਆਂ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ।



ਸ਼ਿਲੌਂਗ 'ਚ ਹੋਈ ਹਿੰਸਾ ਸਬੰਧੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਦਾ ਹੋਇਆ ਵਫ਼ਦ।

ਇਸ ਮੌਕੇ ਗੁਰਜੀਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਦੇ ਇਨ੍ਹਾਂ ਯਤਨਾਂ ਨਾਲ ਮੇਘਾਲਿਆ ਵਿਚ ਰਹਿ ਰਹੀ ਘੱਟ ਗਿਣਤੀ ਵਿਚ ਆਪਣੇਪਣ ਅਤੇ ਵਿਸ਼ਵਾਸ਼ ਦੀ ਭਾਵਨਾ ਪੈਦਾ ਕਰਨ ਵਿਚ ਮਦਦ ਮਿਲੀ ਹੈ।

ਵਫਦ ਵਲੋਂ ਚੁੱਕੇ ਗਏ ਮੁੱਦਿਆਂ ਸਬੰਧੀ ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਇਨ੍ਹਾਂ ਨੂੰ ਮੇਘਾਲਆ ਦੇ ਹਮ ਰੁਤਬਾ ਨਾਲ ਛੇਤੀ ਹੀ ਸਾਂਝਾ ਕਰਨਗੇ ਤਾਂ ਜੋ ਸਿੱਖਾਂ ਦੀ ਸੁੱਰਖਿਆ ਨੂੰ ਯਕੀਨੀ ਬਨਾਉਣ ਦੇ ਨਾਲ-ਨਾਲ ਧਾਰਮਿਕ ਸਥਾਨਾਂ ਦੀ ਮਰਿਆਦਾ ਨੂੰ ਬਣਾਈ ਰੱਖਿਆ ਜਾ ਸਕੇ।

ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਵੱਲੋਂ ਵੀ ਸੰਸਦ ਵਿਚ ਮੇਘਾਲਿਆ ਅਤੇ ਗੁਜਰਾਤ ਦੇ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਉਜਾੜਨ ਦਾ ਮਸਲਾ ਉਠਾਉਂਦਿਆਂ ਕੇਂਦਰ ਸਰਕਾਰ ਕੋਲੋਂ ਇਸ ਮਸਲੇ ਵਿਚ ਪੰਜਾਬੀਆਂ ਨੂੰ ਇਨਸਾਫ਼ ਦਿਵਾਉਣ ਦੀ ਮੰਗ ਕੀਤੀ ਗਈ। ਕਾਂਗਰਸੀ ਸੰਸਦ ਮੈਂਬਰ ਸ੍ਰੀ ਔਜਲਾ ਨੇ ਕਿਹਾ ਕਿ ਸ਼ਿਲਾਂਗ ਵਿੱਚ 1863 ਤੋਂ ਸਿੱਖ ਭਾਈਚਾਰਾ ਰਹਿ ਰਿਹਾ ਹੈ, ਜਿਨ੍ਹਾਂ ਦੇ ਆਧਾਰ ਕਾਰਡ ਤੇ ਹੋਰ ਕਾਨੂੰਨੀ ਦਸਤਾਵੇਜ਼ ਵੀ ਬਣੇ ਹੋਏ ਹਨ ਪਰ ਹੁਣ ਉੱਥੇ ਰਹਿ ਰਹੇ ਸਿੱਖਾਂ ਨੂੰ ਉਜਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਗੁਜਰਾਤ ਸਰਕਾਰ ਵੱਲੋਂ ਵੀ ਸਿੱਖਾਂ ਅਤੇ ਪੰਜਾਬੀਆਂ ਨਾਲ ਕੀਤਾ ਜਾ ਰਹੇ ਰੁੱਖੇ ਵਿਵਹਾਰ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਕੱਛ ਇਲਾਕੇ ਵਿਚ 25 ਹਜ਼ਾਰ ਪੰਜਾਬੀਆਂ ਨੂੰ ਕਥਿਤ ਤੌਰ 'ਤੇ ਉਜਾੜਨ ਸਬੰਧੀ ਮਾਮਲਾ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਹੈ।

# ਬਹਿਬਲ ਕਲਾਂ ਗੋਲੀ ਕਾਂਡ ਬਾਰੇ ਕਮਿਸ਼ਨ ਦੀ ਰਿਪੋਰਟ ਵਿਚ ਸਿੱਖਾਂ 'ਤੇ ਜ਼ੁਲਮ ਢਾਹੁਣ ਵਾਲੇ ਸੁਮੇਧ ਸੈਣੀ ਦਾ ਨਾਂ ਬੋਲਿਆ

**ਚੰਡੀਗੜ੍ਹ/ਬਿਊਰੋ ਨਿਊਜ਼ :**

ਬਰਗਾੜੀ 'ਚ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਬੀੜਾਂ ਦੀ ਬੇਅਦਬੀ ਕਰਨ ਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲਿਆਂ ਦੀ ਜਾਂਚ ਵਾਸਤੇ ਮੌਜੂਦਾ ਪੰਜਾਬ ਸਰਕਾਰ ਵੱਲੋਂ ਗਠਿਤ ਇਕ ਮੈਂਬਰੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਸਰਕਾਰ ਨੂੰ ਸੌਂਪੀ ਰਿਪੋਰਟ ਵਿਚ ਖਾੜਕੂਵਾਦ ਦੌਰਾਨ ਸਿੱਖ ਨੌਜਵਾਨਾਂ ਉਤੇ ਬੇਇੰਤਹਾ ਜ਼ੁਲਮ ਢਾਹੁਣ ਵਾਲੇ ਪੁਲਿਸ ਅਫਸਰ ਸੁਮੇਧ ਸੈਣੀ ਦਾ ਨਾਂ ਬੋਲਿਆ ਹੈ। ਤਤਕਾਲੀ ਡੀਜੀਪੀ ਸੁਮੇਧ ਸਿੰਘ ਸੈਣੀ ਦੇ ਬਹਿਬਲ ਕਲਾਂ ਵਿਚ ਸਿੱਖ ਪ੍ਰਦਰਸ਼ਨਕਾਰੀਆਂ ਉੱਤੇ ਪੁਲੀਸ ਵੱਲੋਂ ਕੀਤੀ ਫਾਇਰਿੰਗ ਦੇ ਮਾਮਲੇ 'ਚ ਟੰਗੇ ਜਾਣ ਦੀ ਉਮੀਦ ਹੈ। ਸੂਤਰਾਂ ਮੁਤਾਬਕ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ 'ਚ ਰਾਜ ਦੇ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਭੂਮਿਕਾ ਉੱਤੇ ਉਂਗਲ ਧਰੀ ਗਈ ਹੈ। ਇਹ ਰਿਪੋਰਟ 30 ਜੂਨ ਨੂੰ ਸਰਕਾਰ ਨੂੰ ਸੌਂਪੀ ਗਈ ਹੈ। ਇਸ ਦੇ ਨਾਲ ਹੀ ਵਿਸ਼ੇਸ਼ ਜਾਂਚ ਟੀਮ ਜੋ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਦੀ ਘਟਨਾ ਵਿਚ ਡੇਰਾ ਸਿਰਸਾ ਦੇ ਪੈਰੋਕਾਰਾਂ ਦੀ ਭੂਮਿਕਾ ਦੀ ਜਾਂਚ ਕਰਨ ਲਈ ਕਾਇਮ ਕੀਤੀ ਗਈ ਸੀ, ਦੀ ਰਿਪੋਰਟ ਦੇ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਕਮਿਸ਼ਨ ਨੇ ਸੀਨੀਅਰ ਪੁਲੀਸ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਅਤੇ ਪੁਲੀਸ ਕਾਰਵਾਈ ਦੇ ਪੀੜਤਾਂ ਨੂੰ ਮੁਆਵਜ਼ੇ ਦੀ ਸਿਫਾਰਸ਼ ਕੀਤੀ ਹੈ।

ਉੱਚ ਪੁਲੀਸ ਅਧਿਕਾਰੀਆਂ ਜਿਨ੍ਹਾਂ ਵਿਚ ਤਤਕਾਲੀ ਡੀਜੀਪੀ ਸੁਮੇਧ ਸਿੰਘ ਸੈਣੀ, ਤਤਕਾਲੀ ਆਈਜੀ ਜਤਿੰਦਰ ਜੈਨ, ਤਤਕਾਲੀ ਕਮਿਸ਼ਨਰ ਲੁਧਿਆਣਾ ਰੇਂਜ

ਬਾਕੀ ਸਫ਼ਾ 26 'ਤੇ

CIS CALIFORNIA IMMIGRATION SERVICES
(Registered & Bonded)
FAMILY IMMIGRATION
GREEN CARD PETITION
CITIZENSHIP
OCI CARD / INDIAN PASSPORT
BUSINESS / VISITOR VISA
STUDENT VISA
RELIGIOUS VISA
U.K. VISA
CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਸਰੀ 'ਚ ਨਸ਼ਿਆਂ ਦੇ ਦੈਂਤ ਤੇ ਗੈਂਗਸਟਰਾਂ ਨੇ ਪੰਜਾਬੀਆਂ ਦੀ ਉਡਾਈ ਨੀਂਦ

**✪ ਗੈਂਗਵਾਰ ਕਾਰਨ ਕਈ 250 ਦੇ ਕਰੀਬ ਪੰਜਾਬੀ ਗੱਭਰੂ ਮਰੇ**

**✪ ਸਰੀ ਵਿਚ ਪੰਜਾਬੀ ਨੌਜਵਾਨਾਂ ਦੇ ਦਰਜਨਾਂ ਗੈਂਗ ਸਰਗਰਮ**

**✪ ਡਰੱਗ ਕਾਰੋਬਾਰ ਨੂੰ ਵੱਡਾ ਕਰਨ ਲਈ ਕਈ ਵਿਦਿਆਰਥੀ ਗੈਂਗਾਂ ਦੇ ਚੱਕਰਵਿਊ 'ਚ ਫਸੇ**

**ਸਰੀ/ਬਿਊਰੋ ਨਿਊਜ਼ :** ਕੈਨੇਡਾ ਦੇ ਮਿੰਨੀ ਪੰਜਾਬ ਕਹੇ ਜਾਂਦੇ ਸਰੀ ਨੂੰ ਵੀ ਭਾਰਤ ਦੇ ਪੰਜਾਬ ਵਾਂਗ ਅਲਾਮਤਾਂ ਨੇ ਬੁਰੀ ਤਰ੍ਹਾਂ ਘੇਰ ਲਿਆ ਹੈ। ਇੱਥੇ ਵਸਦੇ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਡਾਢੇ ਚਿੰਤਤ ਹਨ, ਕਿਉਂਕਿ ਨਸ਼ਿਆਂ ਦੇ ਦੈਂਤ ਅਤੇ ਗੈਂਗਸਟਰਾਂ ਨੇ ਤਾਂਡਵ ਨੇ ਉਨ੍ਹਾਂ ਦੀ ਨੀਂਦ ਉਡਾ ਦਿੱਤੀ ਹੈ। ਲੋਕ ਇਸ ਗੱਲੋਂ ਵੀ ਬਹੁਤ ਨਿਰਾਸ਼ ਹਨ, ਕਿਉਂਕਿ ਇਥੋਂ ਦੇ ਸਿਆਸੀ ਆਗੂ ਆਪਣੇ ਫਰਜ਼ਾਂ ਪ੍ਰਤੀ ਇਮਾਨਦਾਰ ਨਹੀਂ ਜਾਪ ਰਹੇ। ਸਰੀ ਸ਼ਹਿਰ ਦੀ ਆਬਾਦੀ 5 ਲੱਖ ਤੋਂ ਵੱਧ ਹੈ, ਜਿਸ ਵਿਚ 30 ਫੀਸਦੀ ਤੋਂ ਜ਼ਿਆਦਾ ਪੰਜਾਬ ਦੇ ਲੋਕ ਵਸੇ ਹੋਏ ਹਨ। ਆਏ ਦਿਨ ਹੁੰਦੀਆਂ ਗੈਂਗਸਟਰਾਂ ਦੀਆਂ ਵਾਰਦਾਤਾਂ ਹੁਣ ਮਾਪਿਆਂ ਦੇ ਨੌਜਵਾਨ ਪੁੱਤਰਾਂ ਨੂੰ ਨਿਗਲਣ ਲੱਗੀਆਂ ਹਨ। ਗੈਂਗਵਾਰ ਦਾ ਸਿਲਸਿਲਾ 1995 ਵਿਚ ਉਦੋਂ ਸ਼ੁਰੂ ਹੋਇਆ ਸੀ ਜਦੋਂ ਬਿੰਦੀ ਜੌਹਲ ਨਾਂ ਦਾ ਨੌਜਵਾਨ ਗੈਂਗਵਾਰ ਨੇ ਨਿਗਲ ਲਿਆ। ਫਿਰ ਸਰੀ 'ਤੇ ਗੈਂਗਵਾਰ ਦਾ ਕਾਲਾ ਦੌਰ ਸ਼ੁਰੂ ਹੋ ਗਿਆ। ਅੱਜ ਸਰੀ ਵਿਚ ਸਿਰਫ ਪੰਜਾਬੀ ਨੌਜਵਾਨਾਂ ਨਾਲ ਸੰਬੰਧਿਤ ਦਰਜਨ ਦੇ ਕਰੀਬ ਸਮੱਗਲਿੰਗ ਅਤੇ ਗ਼ੈਰ ਕਾਨੂੰਨੀ ਸਰਗਰਮੀਆਂ ਦਾ ਹਿੱਸਾ ਬਣੇ ਹੋ ਹਨ। ਇੱਥੇ ਤਿੰਨ ਦੇ ਕਰੀਬ ਗੈਂਗਸਟਰਾਂ ਦੇ ਵੱਡੇ ਧੜਿਆਂ ਦੀਆਂ ਵਾਰਦਾਤਾਂ ਲੋਕਾਂ ਦੇ ਖੌਫ਼ ਦਾ ਕਾਰਨ ਬਣੀਆਂ ਹੋਈਆਂ ਹਨ, ਸਰੀ ਵਾਸੀਆਂ ਲਈ ਗੈਂਗਵਾਰ ਨੂੰ ਐਨਾ ਜਾਨਲੇਵ ਸਾਬਤ ਹੋਣ ਲੱਗਾ ਹੈ ਕਿ ਇੱਥੇ 250 ਦੇ ਕਰੀਬ ਨੌਜਵਾਨ ਜਾਨਾਂ ਗੁਆ ਚੁੱਕੇ ਹਨ। ਤਾਜ਼ਾ ਵਾਰਦਾਤ ਵਿਚ ਸਰੀ ਸ਼ਹਿਰ ਦੇ ਦੋ ਨਾਬਾਲਗ ਲੜਕਿਆਂ ਨੂੰ ਭੇਦਭਰੀ ਹਾਲਤ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ, ਜਿਨ੍ਹਾਂ ਦੇ ਨਾਂ ਜਸਕਰਨ ਸਿੰਘ ਭੰਗਲ ਉਮਰ 17 ਸਾਲ ਅਤੇ ਜਸਕਰਨ ਸਿੰਘ ਝੂਟੀ ਉਮਰ 16 ਸਾਲ ਹਨ ਜਦ ਕਿ ਇਸ ਤੋਂ 15 ਕੁ ਦਿਨ ਪਹਿਲਾਂ ਅਮਨਜੋਤ ਸਿੰਘ ਹਾਂਸ ਨਾਂ ਦੇ ਨੌਜਵਾਨ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਹ ਕਤਲ ਹੋਇਆ ਨੌਜਵਾਨ ਉਹ ਸੀ ਜਿਸ ਦੇ ਸਕੇ ਭਰਾ ਹਰਜਿੰਦਰ ਸਿੰਘ ਹਾਂਸ ਨੂੰ 10 ਸਾਲ ਪਹਿਲਾਂ ਕਤਲ ਕਰ ਦਿੱਤਾ ਗਿਆ ਸੀ। ਅੱਜ ਗੈਂਗਸਟਰਾਂ ਤੇ ਡਰੱਗ ਸਮੱਗਲਰਾਂ ਵਲੋਂ ਆਪੋ-ਆਪਣਾ ਕਾਰੋਬਾਰ ਵੱਡਾ ਕਰਨ ਲਈ ਵਿਦਿਆਰਥੀ



ਵਰਗ ਆਪਣੇ ਚੱਕਰਵਿਊ ਵਿਚ ਫਸਾਇਆ ਜਾ ਰਿਹਾ ਹੈ। ਸਕੂਲ ਪੜ੍ਹਦੇ ਵਿਦਿਆਰਥੀਆਂ ਨੂੰ ਪਤਾ ਨਹੀਂ ਚੱਲਦਾ ਕਿ ਉਹ ਕਦ ਨਸ਼ੇੜੀ ਅਤੇ ਨਸ਼ੇ ਦੇ ਤਸਕਰ ਬਣ ਜਾਂਦੇ ਹਨ। ਇਹੋ ਕਾਰਨ ਹੈ ਕਿ ਮਾਪਿਆਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸਕੂਲ ਕਾਲਜਾਂ ਦੇ ਮੂਹਰੇ ਪੁਲੀਸ ਵੱਲੋਂ ਪੱਕੀ ਨਾਕਾਬੰਦੀ ਕੀਤੀ ਜਾਵੇ ਅਤੇ ਇਸ ਤੋਂ ਇਲਾਵਾ ਖੋਜੀ ਕੁੱਤੇ ਵੀ ਡਿਊਟੀ 'ਤੇ ਲਗਾਏ ਜਾਣ ਤਾਂ ਜੋ ਵਿਦਿਆਰਥੀਆਂ ਨੂੰ ਆਪਣੇ ਚੁੰਗਲ ਵਿਚ ਫਸਾਉਣ ਵਾਲੇ ਤਸਕਰਾਂ 'ਤੇ ਸ਼ਿਕੰਜ਼ਾ ਕੱਸਿਆ ਜਾ ਸਕੇ। ਅਜਿਹੀਆਂ ਦਿਲ ਕੰਬਾਊ ਵਾਰਦਾਤਾਂ ਤੋਂ ਤੰਗ ਆਏ ਸਰੀ ਵਾਸੀ ਆਖਿਰ ਸੜਕਾਂ 'ਤੇ ਉਤਰ ਆਏ ਹਨ। ਪਿਛਲੇ ਦਿਨੀਂ ਸਰੀ ਸ਼ਹਿਰ ਵਿਚ ਇਕ ਲਾਮਿਸਾਲ ਮਾਪਿਆਂ ਦੇ ਇਕੱਠ ਨੇ ਇੱਥੋਂ ਦੇ ਸਿਆਸੀ ਲੀਡਰਾਂ ਤੋਂ ਇਹ ਜਵਾਬ ਮੰਗਿਆ ਗਿਆ ਕਿ ਉਨ੍ਹਾਂ ਦੇ ਪੁੱਤਰਾਂ ਨੂੰ ਆਖਿਰ ਕਦੋਂ ਤੱਕ ਲਾਸ਼ਾਂ ਬਣਾਇਆ ਜਾਂਦਾ ਰਹੇਗਾ। ਇਸ ਇਕੱਠ ਵਿਚ ਜਾਨਾਂ ਗੁਆ ਚੁੱਕੇ ਨੌਜਵਾਨਾਂ ਦੇ ਮਾਪੇ ਵੀ ਹਾਜ਼ਰ ਸਨ, ਜਿਨ੍ਹਾਂ ਵੱਲੋਂ ਆਪਣੇ ਬੱਚਿਆਂ ਦੀਆਂ ਤਸਵੀਰਾਂ ਨੂੰ ਹੱਥਾਂ ਵਿਚ ਫੜ ਕੇ ਆਪੋ-ਆਪਣੀ ਬੱਚਿਆਂ ਦੀਆਂ ਤਸਵੀਰਾਂ ਨੂੰ ਹੱਥਾਂ ਵਿਚ ਫੜ ਕੇ ਆਪੋ-ਆਪਣੀ ਦੁੱਖ ਭਰੀ ਦਾਸਤਾਨ ਬਿਆਨ ਕੀਤੀ ਗਈ। ਭੁੱਬਾਂ ਮਾਰ ਕੇ ਰੋਏ ਇਨ੍ਹਾਂ ਮਾਪਿਆਂ ਨੇ ਸਰੀ ਵਾਸੀਆਂ ਨੂੰ ਹਲੂਣ ਕੇ ਰੱਖ ਦਿੱਤਾ। ਇਕੱਠ ਵਿਚ ਸ਼ਾਮਲ ਹੋਏ ਹਜ਼ਾਰਾਂ ਲੋਕਾਂ ਦੀਆਂ ਅੱਖਾਂ ਵਿਚ ਅੱਥਰੂ ਸਨ। ਦੁਖੀ ਹੋਏ ਮਾਪਿਆਂ ਨੇ ਸਥਾਨਕ ਐਮ ਐਲ ਏ, ਐਮ ਪੀ ਅਤੇ ਮੇਅਰ ਤੋਂ ਰਿਪੋਰਟ ਕਾਰਡ ਮੰਗਿਆ ਸੀ ਕਿ ਸਰੀ ਵਾਸੀਆਂ ਨੂੰ ਦੱਸਿਆ ਜਾਵੇ ਕਿ 'ਤੁਸੀਂ ਉਨ੍ਹਾਂ ਲਈ ਕੀ ਕੀਤਾ ?' ਪਰ ਕੋਈ ਵੀ ਲੀਡਰ ਇਕੱਠ ਵਿਚ ਸ਼ਾਮਲ ਨਹੀਂ ਹੋਇਆ। ਲੀਡਰਾਂ ਵੱਲੋਂ ਭੇਜਿਆ ਗਿਆ ਰਿਪੋਰਟ ਕਾਰਡ ਇਕੱਠ ਵੱਲੋਂ ਨਕਾਰ ਕੇ ਪਾੜ ਦਿੱਤਾ ਗਿਆ। ਦਰਅਸਲ ਸਰੀ ਵਿਚ ਵਧੇ ਨਸ਼ੇ ਤਸਕਰੀ ਅਤੇ ਗੈਂਗਵਾਰ ਪਿੱਛੇ ਇਕ ਵੱਡਾ ਕਾਰਨ ਹੈ ਕਿ ਸਰੀ ਕੋਲ ਆਪਣੀ ਪੁਲੀਸ ਨਹੀਂ ਹੈ, ਸਗੋਂ ਇਸ ਸ਼ਹਿਰ ਵੱਲੋਂ ਆਪਣੀ ਨਿੱਜੀ ਪੁਲੀਸ ਦੀ ਥਾਂ ਕੇਂਦਰੀ ਪੁਲੀਸ ਦੀ ਵਰਤੋਂ ਕੀਤੀ ਜਾ ਰਹੀ ਹੈ।

ਕੈਨੇਡਾ ਦੇ ਪੰਜਾਬੀ ਗੈਂਗਵਾਰ ਦੇ ਵਿਰੁਧ ਅੰਦੋਲਨ ਦੇ ਰਾਹ : ਹਾਲਾਂਕਿ ਕੈਨੇਡਾ ਦੇ ਬਾਕੀ ਮਹਾਨਗਰਾਂ ਵੱਲੋਂ ਆਪੋ-ਆਪਣੀ ਪੁਲੀਸ ਦਾ ਪ੍ਰਬੰਧ ਕਰਕੇ ਉਨ੍ਹਾਂ ਨੂੰ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰਸੀਐੱਮਪੀ) ਤੋਂ ਸਿਖਲਾਈ ਦਿਵਾ ਕੇ ਆਪੋ-ਆਪਣੇ ਸ਼ਹਿਰਾਂ ਵਿਚ ਤਾਇਨਾਤ ਕੀਤਾ ਗਿਆ ਹੈ। ਸਰੀ ਸ਼ਹਿਰ ਦੇ ਪ੍ਰਸ਼ਾਸ਼ਣ ਦੀ ਇਹ ਵੱਡੀ ਨਾਲਾਇਕੀ ਹੈ ਕਿ ਉਹ ਇੱਥੋਂ ਦੇ ਬਾਸ਼ਿੰਦਿਆਂ ਦੀ ਲਗਾਤਾਰ ਕੀਤੀ ਜਾਂਦੀ ਮੰਗ ਨੂੰ ਬੇਧਿਆਨ ਕਰਦੇ ਹੋਏ ਕੇਂਦਰੀ ਪੁਲੀਸ ਨੂੰ ਆਪ ਤਨਖਾਹਾਂ ਦੇ ਕੇ ਘੇਸਲ ਮਾਰੀ ਬੈਠੇ ਹਨ। ਹਾਲਾਂਕਿ ਲੋਕਾਂ ਦੀ ਇਹ ਦਲੀਲ ਹੈ ਕਿ ਜੇਕਰ ਸਾਡੇ ਆਪਣੇ ਮਹਾਨਗਰ ਦੀ ਨਿੱਜੀ ਪੁਲੀਸ ਹੋਵੇਗੀ ਤਾਂ ਜਿੱਥੇ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ, ਉੱਥੇ ਇਹ ਨੌਜਵਾਨ ਇੱਥੋਂ ਦੀਆਂ ਜ਼ਮੀਨੀ ਹਕੀਕਤ ਤਾਂ ਜਾਣੂ ਹੋਣਗੇ ਅਤੇ ਉਹ ਆਸਾਨੀ ਨਾਲ ਗੈਂਗਵਾਰ ਤੇ ਨਸ਼ਾ ਤਸਕਰਾਂ ਨੂੰ ਕਾਬੂ ਕਰ ਸਕਣਗੇ।

## ਸ੍ਰੀ ਅਕਾਲ ਤਖਤ ਵੱਲੋਂ ਆਸਟਰੇਲੀਆ ਦੇ ਗੁਰਦੁਆਰੇ 'ਚ ਕੁਰਸੀਆਂ ਉਤੇ ਬੈਠ ਕੇ ਲੰਗਰ ਛਕਣ ਦੀ ਮਨਾਹੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿਡਨੀ (ਆਸਟਰੇਲੀਆ) ਦੇ ਗੁਰਦੁਆਰੇ ਆਸਟਰਲ ਦੇ ਪ੍ਰਬੰਧਕਾਂ ਨੂੰ ਤਾੜਨਾ ਕੀਤੀ ਹੈ ਕਿ ਲੰਗਰ ਦੀ ਮਰਿਆਦਾ ਕਾਇਮ ਰੱਖਦਿਆਂ ਸਿੱਖੀ ਪ੍ਰੰਪਰਾਵਾਂ ਅਨੁਸਾਰ ਲੰਗਰ ਪੰਗਤ ਵਿੱਚ ਹੀ ਛਕਾਇਆ ਜਾਵੇ। ਇੱਥੇ ਇਕ ਬਿਆਨ ਵਿੱਚ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰਦੁਆਰੇ ਦੇ ਪ੍ਰਧਾਨ ਨੇ ਨੋਟਿਸ ਬੋਰਡ 'ਤੇ ਲਿਖ ਕੇ ਲਾਇਆ ਹੈ ਕਿ ਲੰਗਰ ਕੁਰਸੀਆਂ ਉਪਰ ਬੈਠ ਕੇ ਛਕਿਆ ਜਾਵੇ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਕ ਗੁਰਦੁਆਰੇ ਦਾ ਪ੍ਰਧਾਨ ਸਿੱਖਾਂ ਨੂੰ ਧਾਰਮਿਕ ਮਰਿਆਦਾ ਤੋਂ ਹਟਾ ਕੇ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਦੀ ਹਦਾਇਤ ਕਰ ਰਿਹਾ ਹੈ। ਉਨ੍ਹਾਂ ਪ੍ਰਧਾਨ ਨੂੰ ਕਿਹਾ ਕਿ ਲੰਗਰ ਦੀ ਮਰਿਆਦਾ ਪੁਰਾਤਨ ਰਵਾਇਤਾਂ ਅਨੁਸਾਰ ਹੀ ਰੱਖੀ ਜਾਵੇ ਤੇ ਜੇਕਰ ਪ੍ਰਧਾਨ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਗੁਰਦੁਆਰਾ ਕਮੇਟੀ ਖ਼ਿਲਾਫ਼ ਧਾਰਮਿਕ ਮਰਿਆਦਾ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿਡਨੀ ਤੋਂ ਸੰਗਤ ਵੱਲੋਂ ਵਾਰ-ਵਾਰ ਟੈਲੀਫੋਨ ਅਤੇ ਈ-ਮੇਲਜ਼ ਪਹੁੰਚ ਰਹੀਆਂ ਹਨ ਕਿ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸਿੱਖ ਸੰਗਤ ਨੂੰ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣ ਤੋਂ ਰੋਕਦਾ ਹੈ। ਉਨ੍ਹਾਂ ਤਾੜਨਾ ਕੀਤੀ ਕਿ ਗੁਰਦੁਆਰੇ ਵਿੱਚ ਮਰਿਆਦਾ ਅਨੁਸਾਰ ਹੀ ਲੰਗਰ ਛਕਾਇਆ ਜਾਵੇ।

## ਕੈਨੇਡਾ ਵੱਲੋਂ ਸਿੱਖ ਹੈਰੀਟੇਜ ਮਿਊਜ਼ੀਅਮ ਲਈ 3 ਲੱਖ ਅੱਸੀ ਹਜ਼ਾਰ ਡਾਲਰ ਦੀ ਮਦਦ ਦਾ ਐਲਾਨ

**ਟੋਰਾਂਟੋ/ਬਿਊਰੋ ਨਿਊਜ਼ :**ਕੈਨੇਡਾ ਸਰਕਾਰ ਸਿੱਖ ਭਾਈਚਾਰੇ ਦੀਆਂ ਸੇਵਾਵਾਂ ਅਤੇ ਧਾਰਮਿਕ, ਸਮਾਜਿਕ ਅਕੀਦਿਆਂ ਤੋਂ ਕਾਫੀ ਪ੍ਰਭਾਵਿਤ ਹੈ। ਮਿਸੀਸਾਗਾ ਵਿਚ ਸਥਾਪਿਤ ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ ਨੂੰ ਕੇਂਦਰ ਸਰਕਾਰ ਇੱਕ ਖ਼ਾਸ ਪ੍ਰਾਜੈਕਟ ਲਈ 3 ਲੱਖ ਅੱਸੀ ਹਜ਼ਾਰ ਡਾਲਰ ਦੇ ਫੰਡ ਜਾਰੀ ਕਰੇਗੀ। ਸਾਇੰਸ, ਨਵੀਨਤਾ ਤੇ ਆਰਥਿਕ ਵਿਕਾਸ ਮੰਤਰੀ ਨਵਦੀਪ ਬੈਂਸ ਨੇ ਇੱਕ ਵਿਸ਼ੇਸ਼ ਸਮਾਗਮ ਵਿੱਚ ਇਹ ਐਲਾਨ ਕਰਦਿਆਂ ਕਿਹਾ ਕਿ ਇਸ ਪ੍ਰਾਜੈਕਟ 'ਬੀ-ਕਮਿੰਗ ਕੈਨੇਡੀਅਨ: ਦਿ ਸਿੱਖਜ਼' ਤਹਿਤ ਕੈਨੇਡਾ ਦੀ ਸਿੱਖ ਵਿਰਾਸਤ ਬਾਰੇ ਸਮਾਂਬੱਧ ਨੁਮਾਇਸ਼ ਅਤੇ ਮੁਲਕ ਦਾ ਸਮਾਜਿਕ ਜੀਵਨ ਬਦਲਣ ਵਾਲੀਆਂ ਸ਼ਖ਼ਸੀਅਤਾਂ ਬਾਰੇ ਭਰਪੂਰ ਜਾਣਕਾਰੀ ਇਕੱਤਰ ਕੀਤੀ ਜਾਵੇਗੀ ਤਾਂ ਜੋ ਇੱਥੇ ਵਸਦੀ ਮੌਜੂਦਾ ਅਤੇ ਨਵੀਂ ਪੀੜ੍ਹੀ ਨੂੰ ਕੈਨੇਡਾ ਦੇ ਸਿੱਖਾਂ ਦੇ ਸੰਘਰਸ਼, ਕੁਰਬਾਨੀਆਂ ਤੇ ਪ੍ਰਾਪਤੀਆਂ ਬਾਰੇ ਪਤਾ ਲੱਗ ਸਕੇ। 593,00 ਡਾਲਰ ਦੇ ਕੁੱਲ ਬੱਜਟ ਦੀ ਰਾਸ਼ੀ 'ਕੈਨੇਡਾ ਹਿਸਟਰੀ ਫੰਡ' ਵੱਲੋਂ 2018 ਤੋਂ 2020 ਮਾਲੀ ਸਾਲ ਦੌਰਾਨ ਮੁਹੱਈਆ ਕਰਵਾਈ ਜਾਵੇਗੀ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

## ਸਿੱਖ ਅਟਾਰਨੀ ਜਨਰਲ ਦੀ ਦਸਤਾਰ ਬਾਰੇ ਬੇਥਵੀ ਟਿੱਪਣੀ ਕਰਨ ਵਾਲੇ ਰੇਡੀਓ ਕਰਮੀ ਮੁਅੱਤਲ

**ਨਿਊਯਾਰਕ/ਬਿਊਰੋ ਨਿਊਜ਼ :**
ਅਮਰੀਕਾ ਦੇ ਪਹਿਲੇ ਸਿੱਖ ਅਮਰੀਕੀ ਅਟਾਰਨੀ ਜਨਰਲ ਗੁਰਬੀਰ ਗਰੇਵਾਲ ਨੂੰ 'ਟਰਬਨਮੈਨ' ਕਹਿਣ ਵਾਲੇ ਦੋ ਰੇਡੀਓ ਪੇਸ਼ਕਾਰਾਂ ਨੂੰ 'ਅਪਮਾਨਜਨਕ ਅਤੇ ਬੇਥਵੀਂ' ਭਾਸ਼ਾ ਦੀ ਵਰਤੋਂ ਕਰਨ ਲਈ 10 ਦਿਨ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਰੇਡੀਓ ਸਟੇਸ਼ਨ ਨੇ ਐਲਾਨ ਕੀਤਾ ਕਿ ਉਸ ਨੇ 10 ਦਿਨ ਲਈ ਦੋਵਾਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਛੇ ਅਗਸਤ ਤਕ ਉਹ ਪ੍ਰੋਗਰਾਮ ਪੇਸ਼ ਨਹੀਂ ਕਰਨਗੇ। ਐਨਏ 101.5 ਐਫ਼ਐਮ 'ਤੇ 'ਡੈਨਿਸ ਐਂਡ ਜੂਡੀ ਸ਼ੋਅ' ਪੇਸ਼ ਕਰਨ ਵਾਲੇ ਡੈਨਿਸ ਮੈਲੋਏ ਅਤੇ ਜੂਡੀ ਫਰੈਂਕੋ ਨੇ ਭੰਗ ਨਾਲ ਜੁੜੇ ਮਾਮਲੇ 'ਤੇ ਪ੍ਰੋਗਰਾਮ ਦੌਰਾਨ ਚਰਚਾ ਕਰਦੇ ਹੋਏ ਉਨ੍ਹਾਂ ਨੂੰ 'ਟਰਬਨਮੈਨ' ਵਜੋਂ ਸੰਬੋਧਨ ਕੀਤਾ ਸੀ। ਇਸ ਪ੍ਰੋਗਰਾਮ ਦੀ ਆਡੀਓ ਵਾਇਰਲ ਹੋਣ 'ਤੇ ਰੇਡੀਓ ਪ੍ਰਬੰਧਕਾਂ ਨੂੰ ਸਾਰੇ ਪਾਸਿਉਂ ਆਲੋਚਨਾ ਦਾ ਸਾਹਮਣਾ ਕਰਨਾ ਪਿਆ।



ਇਸੇ ਦੌਰਾਨ ਦੋਵੇਂ ਪੇਸ਼ਕਾਰਾਂ ਨੇ ਆਪਣੀਆਂ ਨਸਲੀ ਟਿੱਪਣੀਆਂ ਲਈ ਮੁਆਫ਼ੀ ਮੰਗੀ ਹੈ। ਮੈਲੋਏ ਨੇ ਇਕ ਵੀਡੀਓ ਸੰਦੇਸ਼ ਵਿਚ ਆਪਣੇ ਅਤੇ ਫਰੈਂਕੋ ਵੱਲੋਂ ਮੁਆਫ਼ੀ ਮੰਗੀ ਹੈ। ਉਸ ਨੇ ਕਿਹਾ, "ਜੂਡੀ ਅਤੇ ਮੇਰੇ ਵੱਲੋਂ ਮੈਂ ਇਸ ਪ੍ਰੋਗਰਾਮ ਵਿੱਚ ਕੀਤੀਆਂ ਟਿੱਪਣੀਆਂ ਲਈ ਨਿਊ ਜਰਸੀ ਦੇ ਅਟਾਰਨੀ ਜਨਰਲ ਤੋਂ ਮੁਆਫ਼ੀ ਮੰਗਦਾ ਹਾਂ।" ਉਨ੍ਹਾਂ ਕਿਹਾ ਕਿ ਜ਼ਾਹਿਰ ਹੈ ਕਿ ਉਹ ਜ਼ਿਆਦਾ ਸਨਮਾਨ ਦੇ ਹੱਕਦਾਰ ਹਨ।

### ਭਾਰਤੀ ਮੂਲ ਦੀ ਸੀਮਾ ਬਣੀ ਡੈਮੋਕਰੈਟਿਕ ਪਾਰਟੀ ਦੀ ਸੀਈਓ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਵਿਚ ਭਾਰਤੀ ਮੂਲ ਦੀ ਸੀਮਾ ਨੰਦਾ ਨੇ ਵਿਰੋਧੀ ਪਾਰਟੀ ਡੈਮੋਕਰੈਟਿਕ ਨੈਸ਼ਨਲ ਕਮੇਟੀ ਦੀ ਸੀਈਓ ਦਾ ਚਾਰਜ ਸੰਭਾਲ ਲਿਆ ਹੈ। ਉਨ੍ਹਾਂ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਅਮਰੀਕਾ ਦੀ ਧਰਤੀ 'ਤੇ ਹਰ ਫਰੰਟ ਦੀ ਲੜਾਈ ਲੜਨ ਦੇ ਸਮਰੱਥ ਹੈ।ਅਮਰੀਕਾ ਰਹਿੰਦੇ ਭਾਰਤੀਆਂ ਵਿਚ ਸੀਮਾ ਨੰਦਾ ਦੀ ਨਿਯੁਕਤੀ ਨੂੰ ਲੈ ਕੇ ਕਾਫੀ ਉਤਸ਼ਾਹ ਪਾਇਆ ਆ ਰਿਹਾ ਹੈ।



## ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

**ਮਿਲਪੀਟਸ/ਪਰਮਿੰਦਰ ਸਿੰਘ ਪ੍ਰਵਾਨਾ,** ਅਮਰੀਕੀ ਪੰਜਾਬੀ ਕਵੀਆਂ ਵਲੋਂ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ- 68D-East Calaveras Blvd. Milpital CA 95035 ਵਿਖੇ ਪ੍ਰਕਾਸ਼ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਸਮਰਪਿਤ ਦੀਵਾਨ ਸਜਾਏ ਗਏ। ਚਲਦੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾਂ ਵਲੋਂ ਮੰਚ ਸੰਭਾਲਦਿਆਂ ਗੁਰ ਇਤਿਹਾਸ ਨੂੰ ਤੇ ਰੋਸ਼ਨੀ ਪਾਈ ਗਈ। ਕਿ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਅਤੇ ਸਿੱਖੀ ਨੂੰ ਪ੍ਰਫੁੱਲਤ ਕੀਤਾ। ਪੀਰੀ ਅਤੇ ਮੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ, ਉਨ੍ਹਾਂ ਨੇ ਮਰਹੱਟਾ ਗੁਰੂ ਸਮਰਥ ਰਾਮਦਾਸ ਨੂੰ ਸਪੱਸ਼ਟ ਕੀਤਾ ਕਿ ਅੰਤਰ ਮੁਖੀ ਸਾਧੂ ਹਾਂ ਅਤੇ ਬਾਹਰ ਮੁਖੀ ਰਾਜੇ। ਸ਼ਸਤਰ ਗਰੀਬਾਂ ਦੀ ਰਾਖੀ ਲਈ ਹੀ ਤਾਂ ਹਨ। ਗੁਰੂ ਜੀ ਨੇ ਪੰਥ ਨੂੰ ਬਕਾਇਦਾ ਤੌਰ 'ਤੇ ਹਥਿਆਰਬੰਦ ਫੌਜ ਦਾ ਰੂਪ ਦਿੱਤਾ। ਚਾਰ ਲੜਾਈਆਂ ਵਿਚ ਖ਼ਾਲਸੇ ਦੀ ਜਿੱਤ ਹੋਈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ : ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ 'ਸੁੰਮਨ' ਜਸਦੀਪ ਸਿੰਘ ਫਰੀਮੌਂਟ, ਪਰਮਿੰਦਰ ਸਿੰਘ ਪ੍ਰਵਾਨਾ ਆਦਿ। ਜਿਨ੍ਹਾਂ ਨੇ ਗੁਰੂ ਇਤਿਹਾਸ ਦੇ ਵੀਰ ਰਸ ਦੀ ਰਚਨਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਕਵੀਆਂ ਦਾ ਧੰਨਵਾਦ



ਕਰਦੇ ਹੋਏ ਸਨਮਾਨਤ ਕੀਤਾ। ਭਵਿੱਖ ਵਿਚ ਵੱਡੇ ਪੱਧਰ 'ਤੇ ਪ੍ਰੋਗਰਾਮ ਉਲੀਕਣ ਦੀ ਤਾਕੀਦ ਵੀ ਕੀਤੀ। ਧਾਰਮਿਕ ਕਵੀ ਦਰਬਾਰਾਂ ਵਿਚ ਹਿੱਸਾ ਲੈਣ ਲਈ ਸੰਪਰਕ (510) 415-9377 ਜਾਂ (408) 528-4489 ਹੈ। ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸੰਪੰਨ ਹੁੰਦੇ ਹਨ।

## ਐਲਕ ਗਰੋਵ ਪਾਰਕ ਦੀਆਂ ਤੀਆਂ ਸਬੰਧੀ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ਐਲਕ ਗਰੋਵ ਪਾਰਕ ਵਿਖੇ 'ਤੀਆਂ ਤੀਜ ਦੀਆਂ' ਨਾਂ ਹੇਠ ਕਰਵਾਈਆਂ ਜਾਂਦੀਆਂ ਤੀਆਂ ਸਬੰਧੀ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਬਾਰੇ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ 10 ਸਾਲਾਂ ਤੋਂ ਕਾਮਯਾਬੀ ਨਾਲ ਕਰਵਾਈਆਂ ਜਾ ਰਹੀਆਂ ਤੀਆਂ ਇਸ ਵਾਰ 12 ਅਗਸਤ, ਦਿਨ ਐਤਵਾਰ ਨੂੰ ਦੁਪਹਿਰ 1:30 ਵਜੇ ਤੋਂ 6:30 ਵਜੇ ਤੱਕ ਕਰਵਾਈਆਂ ਜਾਣਗੀਆਂ। ਇਸ ਵਾਰ ਇਨ੍ਹਾਂ ਤੀਆਂ 'ਚ ਅਸਲੀ ਸੋਨੇ ਦਾ ਸੈੱਟ ਅਤੇ ਡਾਇਮੰਡ ਰਿੰਗ ਰੈਫਰਲ ਇਨਾਮ ਵਜੋਂ ਕੱਢੇ ਜਾਣਗੇ, ਜੋ ਕਿ ਕ੍ਰਮਵਾਰ ਬੱਗਾ ਜਿਊਲਰਜ਼ ਅਤੇ ਸ਼ੈਰਿਫ ਜਿਊਲਰਜ਼ ਵੱਲੋਂ ਦਿੱਤੇ ਜਾਣਗੇ।
ਐਲਕ ਗਰੋਵ, ਸੈਕਰਾਮੈਂਟੋ 'ਚ ਖੁੱਲ੍ਹੇ ਮੈਦਾਨ ਵਿਚ ਛਾਂ-ਦਾਰ ਦਰੱਖਤਾਂ ਹੇਠ ਲੱਗਣ ਵਾਲੀਆਂ ਇਹ ਤੀਆਂ, ਪੰਜਾਬ 'ਚ ਲੱਗਣ ਵਾਲੀਆਂ ਅਸਲੀ ਤੀਆਂ ਦੀ ਝਲਕ ਪੇਸ਼ ਕਰਦੀਆਂ ਹਨ। ਇਸ ਦੌਰਾਨ ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ, ਗਹਿਣੇ,



ਮਹਿੰਦੀ, ਦੇਸੀ ਜੁੱਤੀਆਂ ਆਦਿ 30 ਦੇ ਕਰੀਬ ਖਰੀਦੋ-ਫਰੋਖਤ ਦੇ ਸਟਾਲ ਵੀ ਲੱਗਣਗੇ, ਜੋ ਕਿ ਪੰਜਾਬ ਵਰਗਾ ਮਾਹੌਲ ਪੇਸ਼ ਕਰਨਗੇ। 25 ਦੇ ਕਰੀਬ ਰੰਗ-ਬਰੰਗੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ, ਜਿਸ ਵਿਚ ਗਿੱਧਾ, ਬੋਲੀਆਂ, ਸਕਿੱਟਾਂ, ਡਾਂਸ, ਗੀਤ-ਸੰਗੀਤ, ਡੀ.ਜੇ. ਆਦਿ ਵੰਨਗੀਆਂ ਹੋਣਗੀਆਂ। ਇਸ ਮੇਲੇ 'ਚ ਵੀਡੀਓ ਅਤੇ ਫੋਟੋਗ੍ਰਾਫੀ 'ਮੋਗਾ ਵੀਡੀਓਜ਼' ਵੱਲੋਂ ਕੀਤੀ ਜਾਵੇਗੀ। ਠੰਡੇ ਮਿੱਠੇ ਜਲ ਦੀ ਛਬੀਲ ਸਤਬੀਰ ਬਾਜਵਾ ਅਤੇ ਪਰਿਵਾਰ ਵੱਲੋਂ ਲਗਾਈ ਜਾਵੇਗੀ।
ਸਟੇਜ ਦੀ ਸੇਵਾ ਪ੍ਰਸਿੱਧ ਹੋਸਟ ਆਸ਼ਾ ਸ਼ਰਮਾ ਵੱਲੋਂ ਨਿਭਾਈ ਜਾਵੇਗੀ। ਐਂਟਰੀ ਤੇ ਪਾਰਕਿੰਗ ਫਰੀ ਹੋਵੇਗੀ। ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਤੀਆਂ ਨੂੰ ਦੇਖਣ ਲਈ ਕੈਲੀਫੋਰਨੀਆ ਭਰ ਤੋਂ ਔਰਤਾਂ, ਬੀਬੀਆਂ, ਬੱਚੀਆਂ ਪਹੁੰਚ ਕੇ ਆਨੰਦ ਮਾਣਦੀਆਂ ਹਨ। ਇਸ ਸਬੰਧੀ ਹੋਰ ਜਾਣਕਾਰੀ ਲਈ ਫੋਨ ਨੰਬਰ 916-895-6688 ਜਾਂ 916-240-6969 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਦੇ ਤੀਆਂ ਦੇ ਮੇਲੇ 'ਚ ਲੱਗੀਆਂ ਭਾਰੀ ਰੌਣਕਾਂ







**ਡੈਲਸ, ਟੈਕਸਸ/ਹਰਜੀਤ ਸਿੰਘ ਢੇਸੀ :**
ਸਥਾਨਕ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਵਲੋਂ ਲੰਘੇ ਸਨਿਚਰਵਾਰ ਨੂੰ ਪੰਜਾਬੀ ਵਿਰਾਸਤੀ ਤਿਓਹਾਰਾਂ ਦੀ ਜਿੰਦ ਜਾਨ ਤੀਆਂ ਦਾ ਮੇਲਾ, ਗਰੈਂਡ ਸੈਂਟਰ ਪਲੈਨੋ ਵਿਖੇ ਕਰਵਾਇਆ ਗਿਆ। ਦੂਰੋਂ ਨੇੜਿਓਂ ਵੰਨ ਸੁਵੰਨੀਆਂ ਪੌਸ਼ਾਕਾਂ ਨਾਲ ਪੰਜਾਬੀ ਪਹਿਚਾਣ ਵਿਚ ਸਜੀਆਂ ਧੀਆਂ ਧਿਆਣੀਆਂ ਅਤੇ ਸੁਆਣੀਆਂ ਨੇ ਪਹੁੰਚ ਕੇ ਇਸ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਏ। ਪੰਜਾਬੀ ਵਿਰਾਸਤੀ ਸੱਭਿਆਚਾਰਕ ਵਸਤੂਆਂ ਨਾਲ ਸਜਾਏ ਗਏ ਹਾਲ ਵਿਚ ਪੇਂਡੂ ਸੱਭਿਆਚਾਰ ਵੇਖਣ ਨੂੰ ਮਿਲਿਆ। ਪੰਜਾਬਣਾਂ ਨੇ ਹਰ ਪਾਸੇ ਪੰਜਾਬੀ ਗੀਤ-ਸੰਗੀਤ ਦੀ ਮਹਿਕ ਬਿਖੇਰ ਦਿੱਤੀ। ਇਸ ਮੇਲੇ ਨੂੰ ਬਹੁਤ ਹੀ ਉਤਸ਼ਾਹ ਤੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਚਾਰ ਚੁਫੇਰੇ ਖੁਸ਼ੀਆਂ ਖੇੜਿਆਂ ਦਾ ਮਾਹੌਲ ਵੇਖਣ ਨੂੰ ਮਿਲਿਆ। ਮੁਟਿਆਰਾਂ ਪੂਰੀ ਤਰ੍ਹਾਂ ਪੰਜਾਬੀ ਰੰਗ ਵਿਚ ਰੰਗੀਆਂ ਹੋਈਆਂ ਸਨ ਅਤੇ ਇਕ ਦੂਸਰੀ ਨਾਲ ਖੁਸ਼ੀ ਸਾਂਝੀ ਕਰ ਰਹੀਆਂ ਸਨ। ਮੇਲੇ ਵਿਚ ਪੰਜਾਬੀ ਲੋਕ ਨਾਚ ਦੀ ਹਰ ਵੰਨਗੀ ਪੇਸ਼ ਕੀਤੀ ਗਈ। ਪੰਜਾਬੀ ਬੋਲੀਆਂ ਪਾਈਆਂ ਗਈਆਂ। ਕੁੜੀਆਂ ਨੇ ਸਕਿੱਟਾਂ ਪੇਸ਼ ਕਰਦਿਆਂ ਖੂਬ ਰੰਗ ਬੰਨਿਆ। ਮੇਲੇ ਵਿਚ ਸ਼ਾਮਲ ਹੋਈਆਂ ਸਭ ਮੁਟਿਆਰਾਂ ਅਤੇ ਬੀਬੀਆਂ ਨੇ ਧਮਾਲਾਂ ਪਾ ਕੇ ਨੱਚ-ਨੱਚ ਕੇ ਧਰਤੀ ਹਿਲਾ ਦਿੱਤੀ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬੀਬੀ ਪਰਮਜੀਤ ਚੀਮਾ ਨੇ ਬਾਖੂਬੀ ਨਿਭਾਈ। ਸੰਸਥਾ ਵਲੋਂ ਸਭ ਸਹਿਯੋਗੀਆਂ, ਸਪਾਂਸਰਜ਼, ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਗਰੈਂਡ ਸਪਾਂਸਰ ਅਨੂ ਗਰਚਾ, ਹਰਿੰਦਰ ਬਡਿਆਲ, ਮੁੱਖ ਮਹਿਮਾਨ ਕੁਲਜੀਤ ਕੌਰ ਵਿਰਦੀ, ਡਾਇਮੰਡ ਸਪਾਂਸਰ ਕਰਮਜੀਤ ਸੰਘੇੜਾ, ਪਰਾਊਡ ਸਪਾਂਸਰ ਓਮ ਟੌਇੰਗ ਰੈਕਰ ਸਰਵਿਸ ਦੇ ਮਾਲਕ ਅੰਗਰੇਜ਼ ਸਿੰਘ, ਕਰੀਨਾ ਕੁਲਫੀ, ਮਹਾਰਾਜਾ, ਅਮਰੀਕਨ ਪਰੈਸ ਕਲੱਬ, ਮੇਜਰ ਸਹੋਤਾ, ਅਮੀਰ ਢਿੱਲੋਂ, ਸੰਨੀ ਕੁਮਾਰ, ਰਾਜੂ ਹੀਰ ਅਤੇ ਗੁਰਸੇਵਕ ਸਿੰਘ ਦਾ ਧੰਨਵਾਦ ਕੀਤਾ ਗਿਆ।


ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਮਿਸ਼ਨ-2019 : ਕਾਂਗਰਸ ਨੂੰ ਪੰਜਾਬ ਤੋਂ ਬੜੀਆਂ ਆਸਾਂ



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਕਾਂਗਰਸ ਨੂੰ ਪਿਛਲੀਆਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਪੰਜ ਹਲਕਿਆਂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਮਿਸ਼ਨ ੨੦੧੯ ਵਿਚ ਕਾਂਗਰਸ ਕੋਈ ਵੀ ਢਿੱਲ ਨਹੀਂ ਵਰਤਣਾ ਚਾਹੁੰਦੀ। ਪੰਜਾਬ ਪ੍ਰਦੇਸ਼ ਕਾਂਗਰਸ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਦੇ ਪੰਜ ਹਾਰੇ ਹੋਏ ਲੋਕ ਸਭਾ ਹਲਕਿਆਂ ਲਈ ਉਮੀਦਵਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਤੇ ਇਸ ਸਿਲਸਿਲੇ ਵਿਚ ਪੰਜੇ ਲੋਕ ਸਭਾ ਹਲਕਿਆਂ ਦੇ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਪਹਿਲੇ ਗੇੜ ਦੀ ਗੱਲਬਾਤ ਕਰਕੇ ਸੰਭਾਵੀਂ ਉਮੀਦਵਾਰਾਂ ਦਾ ਜਾਇਜ਼ਾ ਲਿਆ ਗਿਆ। ਇਹ ਉਹ ਲੋਕ ਸਭਾ ਹਲਕੇ ਹਨ ਜਿਨ੍ਹਾਂ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਨੇ ਵਿਚਾਰ ਚਰਚਾ ਲਈ ਇਨ੍ਹਾਂ ਹਲਕਿਆਂ ਦੇ ਜ਼ਿਲ੍ਹਾ ਪ੍ਰਧਾਨ ਅਤੇ ਹੋਰ ਸੀਨੀਅਰ ਆਗੂ ਅੱਜ ਚੰਡੀਗੜ੍ਹ ਬੁਲਾਏ ਸਨ ਤਾਂ ਕਿ ਉਨ੍ਹਾਂ ਨਾਲ ਸੰਭਾਵੀ ਉਮੀਦਵਾਰਾਂ ਬਾਰੇ ਚਰਚਾ ਕੀਤੀ ਜਾ ਸਕੇ।

ਇਨ੍ਹਾਂ ਪੰਜ ਲੋਕ ਸਭਾ ਹਲਕਿਆਂ ਵਿਚ ਫਤਿਹਗੜ੍ਹ ਸਾਹਿਬ, ਸੰਗਰੂਰ, ਫਰੀਦਕੋਟ, ਖਡੂਰ ਸਾਹਿਬ ਅਤੇ ਹੁਸ਼ਿਆਰਪੁਰ ਸ਼ਾਮਲ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਵਿਸ਼ੇਸ਼ ਤੌਰ 'ਤੇ ਇਥੇ ਪੁੱਜੇ ਸਨ। ਇਨ੍ਹਾਂ ਮੀਟਿੰਗਾਂ ਲਈ ਹਰੇਕ ਲੋਕ ਸਭਾ ਹਲਕੇ ਵਿੱਚ ਪੈਂਦੇ ਵਿਧਾਨ ਸਭਾ ਹਲਕਿਆਂ ਲਈ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਉਮੀਦਵਾਰ ਭਾਵ ਜਿੱਤੇ ਤੇ ਹਾਰੇ ਸੱਦੇ ਹੋਏ ਸਨ। ਇਸ ਦੇ ਨਾਲ ਹੀ ਲੋਕ ਸਭਾ ਹਲਕੇ ਦਾ ਯੂਥ ਵਿੰਗ, ਮਹਿਲਾ ਵਿੰਗ ,ਐਸਸੀ.ਵਿੰਗ, ਸੇਵਾ ਦਲ ਦੇ ਪ੍ਰਧਾਨਾਂ ਨੂੰ ਵੀ ਬੁਲਾਇਆ ਗਿਆ ਸੀ। ਇਸ ਤਰ੍ਹਾਂ ਹਰੇਕ ਲੋਕ ਸਭਾ ਹਲਕੇ ਤੋਂ ਪੰਦਰਾਂ ਤੋਂ ਲੈ ਕੇ ਵੀਹ ਆਗੂ ਹਾਜ਼ਰ ਸਨ। ਇਨ੍ਹਾਂ ਮੀਟਿੰਗਾਂ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਰਾਜਨੀਤਕ ਸਲਾਹਕਾਰ ਸੰਦੀਪ ਸੰਧੂ ਵੀ ਹਾਜ਼ਰ ਸਨ।

ਪਤਾ ਲੱਗਾ ਹੈ ਕਿ ਪੰਜੇ ਹਲਕਿਆਂ ਦੇ ਆਗੂਆਂ ਨਾਲ ਮੀਟਿੰਗਾਂ ਤੋਂ ਬਾਅਦ ਤਿੰਨ ਆਗੂਆਂ ਜਿਨ੍ਹਾਂ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ,

**ਬਾਕੀ ਸਫ਼ਾ 28 'ਤੇ**

# ਮੋਦੀ ਸਰਕਾਰ ਨੇ ਰਾਫੇਲ ਜੰਗੀ ਜਹਾਜ਼ ਖ਼ਰੀਦ-ਮਾਮਲੇ 'ਚ ਕੀਤਾ 41 ਹਜ਼ਾਰ ਕਰੋੜ ਦਾ ਘਪਲਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਦੋਸ਼ ਲਾਇਆ ਕਿ ਇਸ ਨੇ ਰਾਫੇਲ ਜੰਗੀ ਜਹਾਜ਼ ਖ਼ਰੀਦਣ ਦੇ ਮਾਮਲੇ ਵਿਚ ਰਿਲਾਇੰਸ ਗਰੁੱਪ ਰਾਹੀਂ ਇਕਤਾਲੀ ਹਜ਼ਾਰ ਕਰੋੜ ਰੁਪਏ ਦਾ ਘਪਲਾ ਕੀਤਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੇਕ ਇਨ ਇੰਡੀਆ ਦੇ ਨਾਅਰੇ ਦੇ ਉਲਟ ਜਾ ਕੇ ਕੇਂਦਰ ਸਰਕਾਰ ਨੇ 536 ਕਰੋੜ ਰੁਪਏ ਵਾਲਾ ਜੰਗੀ ਜਹਾਜ਼ 1670 ਕਰੋੜ ਵਿੱਚ ਖਰੀਦਿਆ ਗਿਆ। ਇਸ ਤਰ੍ਹਾਂ 36 ਜੰਗੀ ਜਹਾਜ਼ ਖਰੀਦੇ ਗਏ ਹਨ। ਇਹ ਜਹਾਜ਼ ਫਰਾਂਸ ਦੀ ਇਕ ਕੰਪਨੀ ਤੋਂ ਅੰਬਾਨੀ ਦੀ ਕੰਪਨੀ ਰਾਹੀਂ ਖਰੀਦੇ ਗਏ ਹਨ। ਜਹਾਜ਼ ਖ਼ਰੀਦਣ ਦੇ ਆਰਡਰ 10 ਅਪਰੈਲ 20



15 ਨੂੰ ਦਿੱਤੇ ਸਨ। ਆਰਡਰ ਦੇਣ ਤੋਂ 12 ਦਿਨ ਪਹਿਲਾਂ ਹੀ ਕੰਪਨੀ ਵਜੂਦ ਵਿਚ ਆਈ ਸੀ, ਜਿਸ ਤੋਂ ਜ਼ਾਹਿਰ ਹੈ ਕਿ ਮੋਦੀ ਸਰਕਾਰ ਨੇ ਰਿਲਾਇੰਸ ਗਰੁੱਪ ਨਾਲ ਕਥਿਤ ਮਿਲੀਭੁਗਤ ਕੀਤੀ ਸੀ। ਉਨ੍ਹਾਂ ਕਿਹਾ ਕਿ ਕਾਰਗਿਲ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਜੰਗੀ ਜਹਾਜ਼ ਖ਼ਰੀਦਣ ਦੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਸਬੰਧਤ ਮੁਲਜ਼ਮਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਅਡਾਨੀ ਅਤੇ ਅੰਬਾਨੀ ਗਰੁੱਪ ਨੂੰ ਬਹੁਤ ਸਾਰੇ ਵਿੱਤੀ ਲਾਭ ਪਹੁੰਚਾਏ ਹਨ, ਜਿਸ ਤੋਂ ਜ਼ਾਹਿਰ ਹੈ ਕਿ ਕੇਂਦਰ ਦੀ ਸਰਕਾਰ ਉਦਯੋਗਪਤੀਆਂ ਦੀ ਹੀ ਸਰਕਾਰ ਹੈ।

ਉਨ੍ਹਾਂ ਕਿਹਾ ਕਿ ਜਹਾਜ਼ ਖਰੀਦਣ ਦਾ ਮਾਮਲਾ ਦੇਸ਼ ਦੀ ਸੁਰੱਖਿਅਤ ਨਾਲ ਜੁੜਿਆ ਹੋਇਆ ਹੈ ਤੇ ਸੁਰੱਖਿਆ ਦੇ ਮਾਮਲੇ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਇਹ ਮਾਮਲਾ ਪਾਰਲੀਮੈਂਟ ਵਿਚ ਉਠਾਉਣ ਦਾ ਯਤਨ ਕੀਤਾ ਸੀ ਪਰ ਇਸ ਨੂੰ ਉਠਾਉਣ ਦੀ ਆਗਿਆ ਨਹੀਂ ਦਿਤੀ ਗਈ ਤੇ ਕਾਂਗਰਸ ਪਾਰਟੀ ਇਸ ਮੁੱਦੇ ਤੇ ਚੁੱਪ ਕਰਕੇ ਨਹੀਂ ਬੈਠੇਗੀ ਤੇ ਇਸ ਮਾਮਲੇ ਨੂੰ ਪੂਰੀ ਸ਼ਿਦਤ ਨਾਲ ਉਭਾਰੇਗੀ।

# ਬਾਦਲਾਂ ਦੇ ਰਾਜ 'ਚ ਇਸ਼ਤਿਹਾਰਬਾਜ਼ੀ ਦੇ ਨਾਂ ਉਤੇ ਲੁਟਾਇਆ ਗਿਆ ਸੀ ਮਣਾਂਮੂੰਹੀ ਸਰਕਾਰੀ ਪੈਸਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪਿਛਲੀ ਦਸ ਸਾਲਾਂ ਦੀ ਹਕੂਮਤ ਦੌਰਾਨ ਬਾਦਲਾਂ ਨੇ ਪੰਜਾਬ ਦੇ ਖਜ਼ਾਨੇ ਨੂੰ ਕਿੰਨੀ ਬੇਦਰਦੀ ਨਾਲ ਚੂੰਡਿਆ ਸੀ, ਇਸ ਦਾ ਇਕ ਹੋਰ ਖੁਲਾਸਾ ਹੋਇਆ ਹੈ। ਸੂਚਨਾ ਅਧਿਕਾਰ ਐਕਟ ਅਤੇ ਕੈਗ ਰਿਪੋਰਟਾਂ ਤੋਂ ਸਾਬਤ ਹੁੰਦਾ ਹੈ ਕਿ ਤਤਕਾਲੀ ਅਕਾਲੀ ਭਾਜਪਾ ਸਰਕਾਰ ਦੌਰਾਨ ਲੋਕਾਂ ਤੋਂ ਟੈਕਸ ਅਤੇ ਮਾਲੀਏ ਦੇ ਰੂਪ ਵਿੱਚ ਇਕੱਤਰ ਕੀਤੇ ਗਏ ਪੈਸੇ ਦੀ ਸਰਕਾਰ ਨੇ



ਰੱਜ ਕੇ ਦੁਰਵਰਤੋਂ ਕੀਤੀ। ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੱਧੂ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਅਕਾਲੀ ਆਗੂ ਭਾਵੇਂ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਸਾਸ਼ਨ ਦੇਣ ਅਤੇ 'ਰਾਜ ਨਹੀਂ ਸੇਵਾ ਦਾ ਨਾਅਰਾ ਲਾਉਂਦੇ ਰਹੇ ਹਨ, ਪਰ ਚੋਣਾਂ ਤੋਂ ਪਹਿਲਾਂ ਸਰਕਾਰ ਵੱਲੋਂ ਸਾਲ 2016-17 ਵਿੱਚ ਇਸ਼ਤਿਹਾਰਬਾਜ਼ੀ ਦੇ ਨਾਂ 'ਤੇ 150 ਕਰੋੜ ਰੁਪਏ ਖਰਚ ਕੀਤੇ ਗਏ ਹਨ। ਸਰਕਾਰ ਨੇ ਫੇਸਬੁੱਕ ਅਤੇ ਗੂਗਲ 'ਤੇ ਛੇ ਮਹੀਨਿਆਂ (ਮਾਰਚ ਤੋਂ ਅਗਸਤ 2016) ਵਿੱਚ 31,20,660 ਲੱਖ ਰੁਪਏ ਖਰਚ ਕੀਤੇ ਸਨ। ਉਨ੍ਹਾਂ ਦੱਸਿਆ ਕਿ ਕੈਗ ਨੇ ਆਪਣੀ ਰਿਪੋਰਟ ਵਿੱਚ ਪੰਜਾਬ ਸਰਕਾਰ ਦੀ ਬਜਾਏ ਬਾਦਲ ਸਰਕਾਰ ਲਿਖਣ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀਆਂ ਫੋਟੋਆਂ ਲਾਉਣ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ।

ਕੈਗ ਰਿਪੋਰਟ ਵਿੱਚ ਸਪਸ਼ਟ ਕਿਹਾ ਗਿਆ ਹੈ ਕਿ ਇਸ਼ਤਿਹਾਰ ਜਾਰੀ ਕਰਨ ਸਮੇਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਅਣਗੌਲਿਆ ਕੀਤਾ ਗਿਆ। ਬਾਦਲ ਪਰਿਵਾਰ 'ਤੇ ਵਿਅੰਗ ਕੱਸਦਿਆਂ ਸ੍ਰੀ ਸਿੱਧੂ ਨੇ ਕਿਹਾ, "ਜੇਕਰ ਹਵਾਈ ਜਹਾਜ਼ਾਂ, ਸੰਗਤ ਦਰਸ਼ਨਾਂ, ਇਸ਼ਤਿਹਾਰਾਂ 'ਤੇ ਕਰੋੜਾਂ ਰੁਪਏ ਉਡਾਉਣ ਦੀ ਬਜਾਏ ਲੋਕਾਂ ਦੀ ਸੇਵਾ ਕੀਤੀ ਹੁੰਦੀ ਤਾਂ ਅਕਾਲੀ ਆਗੂਆਂ ਨੂੰ ਇਹ ਦਿਨ ਨਾ ਦੇਖਣੇ ਪੈਂਦੇ।" ਉਨ੍ਹਾਂ ਕਿਹਾ ਕਿ ਸਰਕਾਰੀ ਪੂੰਜੀ ਨੂੰ ਲੁਟਾਉਣ ਵਾਲੇ ਸਾਰੇ ਲੋਕਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਉਨ੍ਹਾਂ ਵਿੱਚ ਭਾਵੇਂ ਸਿਆਸੀ ਆਗੂ ਹੋਣ ਜਾਂ ਸਰਕਾਰੀ ਅਧਿਕਾਰੀ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਇਸ ਮਾਮਲੇ ਵਿੱਚ ਜ਼ਿੰਮੇਵਾਰ ਅਫ਼ਸਰਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰਨਗੇ। ਪੰਜਾਬ ਸਰਕਾਰ ਨੇ ਸਾਲ 2014-15 ਵਿੱਚ ਇਸ਼ਤਿਹਾਰਬਾਜ਼ੀ ਲਈ 20 ਕਰੋੜ ਰੁਪਏ, ਸਾਲ 2016-17 ਵਿੱਚ ਬਜਟ 40 ਕਰੋੜ ਰੁਪਏ ਰੱਖੇ ਸਨ ਅਤੇ ਸਾਲ 2016-17 ਵਿੱਚ ਬਜਟ 'ਚ 150 ਕਰੋੜ ਰੁਪਏ ਰੱਖੇ ਗਏ ਸਨ। ਸਾਲ 2016-17 ਦੇ ਸਤੰਬਰ ਮਹੀਨੇ 'ਚ ਅਖ਼ਬਾਰਾਂ, ਇਲੈਕਟ੍ਰਾਨਿਕਸ ਮੀਡੀਆ, ਰੇਡੀਓ ਅਤੇ ਸਿਨੇਮਾ ਹਾਲ 'ਤੇ 8,88,79,339 ਕਰੋੜ ਰੁਪਏ, ਅਕਤੂਬਰ ਵਿੱਚ 9,04,10,291 ਕਰੋੜ, ਨਵੰਬਰ ਵਿੱਚ 18,92,61,709 ਕਰੋੜ ਅਤੇ ਦਸੰਬਰ ਵਿੱਚ 30,48,35,107 ਕਰੋੜ ਰੁਪਏ ਖਰਚ ਕੀਤੇ ਗਏ ਹਨ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅਸਾਮ 'ਚ 40 ਲੱਖ ਤੋਂ ਵੱਧ ਲੋਕਾਂ ਨੂੰ ਭਾਰਤੀ ਨਾਗਰਿਕਤਾ ਤੋਂ ਇਨਕਾਰ



ਅਸਾਮ ਵਿਚ ਸੋਮਵਾਰ ਨੂੰ ਨੌਂਗਾਓਂ ਐਨਆਰਸੀ ਸੇਵਾ ਕੇਂਦਰ ਵਿਚ ਨਾਗਰਿਕਤਾ ਸੂਚੀ ਵਿੱਚ ਆਪੋ ਆਪਣੇ ਨਾਂ ਚੈੱਕ ਕਰਨ ਲਈ ਪੁੱਜੇ ਲੋਕ।

**ਗੁਹਾਟੀ/ਬਿਊਰੋ ਨਿਊਜ਼ :** ਅਸਾਮ ਦੇ ਕਰੀਬ 40 ਲੱਖ ਲੋਕਾਂ ਦੀ ਕਿਸਮਤ ਅੱਧਵਾਟੇ ਲਟਕ ਗਈ ਹੈ ਅਤੇ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਨਾਗਰਿਕਤਾ ਦੇ ਦਰਜੇ ਬਾਰੇ ਕੋਈ ਵੀ ਪ੍ਰਤੀਕਰਮ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕੌਮੀ ਨਾਗਰਿਕਤਾ ਰਜਿਸਟਰ (ਐਨਆਰਸੀ) ਦੇ ਮੁਕੰਮਲ ਖਰੜੇ 'ਚੋਂ 40 ਲੱਖ ਤੋਂ ਵੱਧ ਵਿਅਕਤੀਆਂ ਦੇ ਨਾਮ ਕੱਟੇ ਜਾਣ ਨਾਲ ਰੌਲਾ ਪੈ ਗਿਆ ਹੈ। ਸੰਸਦ 'ਚ ਵਿਰੋਧੀ ਧਿਰ ਨੇ ਇਹ ਮੁੱਦਾ ਉਠਾਇਆ ਅਤੇ ਜਦੋਂ ਉਹ ਸਰਕਾਰ ਦੇ ਜਵਾਬ ਤੋਂ ਸੰਤੁਸ਼ਟ ਨਾ ਹੋਏ ਤਾਂ ਉਨ੍ਹਾਂ ਸਦਨ 'ਚੋਂ ਵਾਕ ਆਊਟ ਕਰ ਦਿੱਤਾ। ਉਂਜ ਖਰੜੇ 'ਚ 2.89 ਕਰੋੜ ਯੋਗ ਵਿਅਕਤੀਆਂ ਦੇ ਨਾਮ ਸ਼ਾਮਲ ਹਨ। ਰਜਿਸਟਰਾਰ ਜਨਰਲ ਆਫ਼ ਇੰਡੀਆ ਸੈਲੇਸ਼ ਵੱਲੋਂ ਇਥੇ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਐਲਾਨ ਕੀਤਾ ਕਿ ਐਨਆਰਸੀ ਦੇ ਮੁਕੰਮਲ ਖਰੜੇ 'ਚ ਕੁੱਲ 3,29,91,384 ਅਰਜ਼ੀਕਾਰਾਂ 'ਚੋਂ 2,89,83,677 ਵਿਅਕਤੀਆਂ ਨੂੰ ਸ਼ਾਮਲ ਕਰਨ ਦੇ ਯੋਗ ਪਾਇਆ ਗਿਆ ਹੈ। ਉਂਜ ਕਰੀਬ 40.07 ਲੱਖ ਅਰਜ਼ੀਕਾਰਾਂ ਦਾ ਨਾਮ ਖਰੜੇ 'ਚ ਸ਼ਾਮਲ ਨਹੀਂ ਹੈ ਜਿਨ੍ਹਾਂ ਕੋਲ ਅਸਮੀ ਹੋਣ ਦਾ ਯੋਗ ਸਬੂਤ ਨਹੀਂ ਮਿਲਿਆ। ਸੈਲੇਸ਼ ਨੇ ਕਿਹਾ,"ਇਹ ਭਾਰਤ ਅਤੇ ਅਸਾਮ ਲਈ ਇਤਿਹਾਸਕ ਦਿਨ ਹੈ। ਇਹ ਕਾਨੂੰਨੀ ਪ੍ਰਕਿਰਿਆ ਹੈ ਜਿਸ ਨੂੰ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਅੰਜਾਮ ਦਿੱਤਾ ਗਿਆ ਹੈ।" ਕਰੀਬ 40 ਲੱਖ ਅਰਜ਼ੀਕਾਰਾਂ ਦਾ ਨਾਮ ਹਟਾਉਣ ਦਾ ਕਾਰਨ ਪੁੱਛੇ ਜਾਣ 'ਤੇ ਐਨਆਰਸੀ ਦੇ ਸੂਬਾ ਕੋਆਰਡੀਨੇਟਰ ਪ੍ਰਤੀਕ ਹਜੇਲਾ ਨੇ

ਬਾਕੀ ਸਫ਼ਾ 28 'ਤੇ

# ਭਾਰਤ 'ਚ ਮੋਦੀ ਰਾਜ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਫਿਰਕੂ ਹਿੰਸਾ ਦੀਆਂ 2920 ਘਟਨਾਵਾਂ ਵਿਚ 389 ਲੋਕਾਂ ਦੀ ਹੋਈ ਮੌਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਵਿਚ ਜਦੋਂ ਤੋਂ ਕੇਂਦਰੀ ਸੱਤਾ ਉਤੇ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਘੱਟ ਗਿਣਤੀਆਂ ਤੇ ਦਲਿਤਾਂ ਖਿਲਾਫ ਫਿਰਕੂ ਹਿੰਸਾ ਦਾ ਦੌਰ ਜਾਰੀ ਹੈ। ਸੰਨ 2014 ਤੋਂ ਲੈ ਕੇ ਸੰਨ 2017 ਤਕ ਸੰਪਰਦਾਇਕ ਹਿੰਸਾ ਦੀਆਂ 2920 ਘਟਨਾਵਾਂ ਹੋਈਆਂ, ਜਿਸ ਵਿਚ 389 ਲੋਕਾਂ ਦੀ ਮੌਤ ਹੋ ਗਈ ਹੈ। ਇਨ੍ਹਾਂ ਘਟਨਾਵਾਂ ਵਿਚ 8890 ਲੋਕ ਜ਼ਖ਼ਮੀ ਵੀ ਹੋਏ ਹਨ, ਜਿਨ੍ਹਾਂ ਵਿਚ ਕਈ ਉਮਰ ਭਰ ਲਈ ਅਪਾਹਿਜ ਹੋ ਗਏ। ਇਹ ਜਾਣਕਾਰੀ ਖੁਦ ਕੇਂਦਰ ਸਰਕਾਰ ਨੇ ਰਾਜ ਸਭਾ ਵਿਚ ਦਿੱਤੀ ਹੈ। ਦੱਸਿਆ ਗਿਆ ਹੈ ਕਿ ਸਾਲ 2017 ਵਿਚ ਦੇਸ਼ ਵਿਚ ਸੰਪਰਦਾਇਕ ਹਿੰਸਾ ਦੀਆਂ 822 ਘਟਨਾਵਾਂ ਹੋਈਆਂ, ਜਿਨ੍ਹਾਂ ਵਿਚ 111 ਲੋਕਾਂ ਦੀ ਮੌਤ ਹੋ ਗਈ। ਗ੍ਰਹਿ ਰਾਜ ਮੰਤਰੀ ਹੰਸਾਰਾਜ ਗੰਗਾਰਾਮ ਅਹੀਰ ਨੇ ਰਾਜ ਸਭਾ ਨੂੰ ਦੱਸਿਆ ਕਿ ਸਾਲ 2016 ਵਿਚ ਸੰਪਰਦਾਇਕ ਹਿੰਸਾ ਦੀਆਂ 703 ਘਟਨਾਵਾਂ ਹੋਈਆਂ, ਜਿਨ੍ਹਾਂ ਵਿਚ 86 ਲੋਕਾਂ ਦੀ ਜਾਨ ਗਈ। ਉਥੇ ਸੰਨ 2015 ਵਿਚ ਸੰਪਰਦਾਇਕ ਹਿੰਸਾ ਦੀਆਂ 751 ਘਟਨਾਵਾਂ ਵਿਚ 97 ਲੋਕਾਂ ਨੇ ਅਪਣੀ ਜਾਨ ਤੋਂ ਹੱਥ ਧੋਣੇ ਪਏ ਅਤੇ ਸਾਲ 2015 ਤੋਂ ਪਹਿਲਾਂ ਦੇ ਅੰਕੜਿਆਂ ਨੂੰ ਦੇਖੀਏ ਤਾਂ 2014 ਤੋਂ ਲੈ ਕੇ 2017 ਤਕ ਵਿਚ ਸੰਪਰਦਾਇਕ ਹਿੰਸਾ ਦੀਆਂ 2920 ਘਟਨਾਵਾਂ ਹੋਈਆਂ, ਜਿਸ ਵਿਚ 389 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਘਟਨਾਵਾਂ ਵਿਚ 8890 ਲੋਕ ਜ਼ਖ਼ਮੀ ਹੋਏ। ਇਕ ਸਵਾਲ ਦੇ ਲਿਖਤੀ ਜਵਾਬ ਵਿਚ ਅਹੀਰ ਨੇ ਇਹ ਵੀ ਮੰਨਿਆ ਕਿ ਕਾਨੂੰਨ ਵਿਵਸਥਾ, ਸ਼ਾਂਤੀ ਅਤੇ ਸੰਪਰਦਾਇਕ ਸਦਭਾਵਨਾ ਬਣਾਏ ਰੱਖਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੁੰਦੀ ਹੈ। ਸੰਨ 2014 ਤੋਂ ਲੈ ਕੇ ਹੁਣ ਤਕ ਦੇ ਅੰਕੜਿਆਂ ਨੂੰ ਦੇਖੀਏ ਤਾਂ ਸੰਪਰਦਾਇਕ ਘਟਨਾਵਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਜਿੱਥੇ ਇਕ ਪਾਸੇ 2014 ਵਿਚ ਸੰਪਰਦਾਇਕ ਹਿੰਸਾ ਦੀਆਂ 644 ਘਟਨਾਵਾਂ ਹੋਈਆਂ ਸਨ, ਉਥੇ ਸਾਲ 2017 ਵਿਚ ਸਭ ਤੋਂ ਜ਼ਿਆਦਾ 822 ਸੰਪਰਦਾਇਕ ਹਿੰਸਾ ਦੇ ਮਾਮਲੇ ਸਾਹਮਣੇ ਆਏ। ਇਸ ਵਿਚ ਸਭ ਤੋਂ ਜ਼ਿਆਦਾ ਘਟਨਾਵਾਂ ਉਤਰ ਪ੍ਰਦੇਸ਼ ਤੋਂ ਆਈਆਂ ਹਨ, ਜਿਥੇ ਭਾਜਪਾ ਦਾ ਕੱਟੜ ਹਿੰਦੂ ਚਿਹਰਾ ਆਦਿਤਿਆ ਨਾਥ ਯੋਗੀ ਰਾਜ ਕਰਦਾ ਹੈ। ਸਾਲ 2017 ਵਿਚ ਯੂਪੀ ਵਿਚ 195 ਸੰਪਰਦਾਇਕ ਹਿੰਸਾ ਦੀਆਂ ਘਟਨਾਵਾਂ ਹੋਈਆਂ, ਜਿਸ ਵਿਚ 44 ਲੋਕਾਂ ਦੀ ਮੌਤ ਹੋ ਗਈ ਅਤੇ 542 ਲੋਕ ਜ਼ਖ਼ਮੀ ਹੋ ਗਏ। ਦੂਜੇ ਨੰਬਰ 'ਤੇ ਕਰਨਾਟਕ ਹੈ। ਕਰਨਾਟਕ ਵਿਚ ਇਸ ਤਰ੍ਹਾਂ ਦੀਆਂ 100 ਘਟਨਾਵਾਂ ਹੋਈਆਂ, ਜਿਸ ਵਿਚ 9 ਲੋਕਾਂ ਦੀ ਮੌਤ ਹੋਈ ਅਤੇ 229 ਲੋਕ ਜ਼ਖ਼ਮੀ ਹੋ ਗਏ। ਉਤਰ ਪ੍ਰਦੇਸ਼ ਵਿਚ ਸੰਨ 2014 ਤੋਂ ਲੈ ਕੇ ਸੰਨ 2017 ਤਕ ਇਸ ਤਰ੍ਹਾਂ ਦੀਆਂ 645 ਘਟਨਾਵਾਂ ਹੋਈਆਂ, ਜਿਸ ਵਿਚ 121 ਲੋਕ ਮਾਰੇ ਗਏ। ਸੰਪਰਦਾਇਕ ਹਿੰਸਾ ਵਿਚ ਮਾਰੇ ਗਏ ਲੋਕਾਂ ਵਿਚੋਂ ਲਗਭਗ 32 ਫ਼ੀਸਦੀ ਲੋਕ ਉਤਰ ਪ੍ਰਦੇਸ਼ ਤੋਂ ਹਨ। ਉਥੇ ਬਿਹਾਰ ਵਿਚ ਵੀ ਪਿਛਲੇ ਸਾਲ 85 ਸੰਪਰਦਾਇਕ ਹਿੰਸਾ ਦੀਆਂ ਘਟਨਾਵਾਂ ਹੋਈਆਂ। ਇਸ ਵਿਚ ਤਿੰਨ ਲੋਕ ਮਾਰੇ ਗਏ ਅਤੇ 321 ਲੋਕ ਜ਼ਖ਼ਮੀ ਹੋ ਗਏ। ਰਾਜਸਥਾਨ ਵਿਚ ਹੋਈਆਂ 91 ਸੰਪਰਦਾਇਕ ਹਿੰਸਾ ਦੀਆਂ ਘਟਨਾਵਾਂ ਵਿਚ 12 ਲੋਕ ਮਾਰੇ ਗਏ ਅਤੇ 175 ਲੋਕ ਜ਼ਖ਼ਮੀ ਹੋਏ। ਪੱਛਮ ਬੰਗਾਲ ਵਿਚ ਵੀ ਸੰਪਰਦਾਇਕ ਹਿੰਸਾ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ, ਜਿੱਥੇ ਸੰਨ 2016 ਵਿਚ ਪੱਛਮੀ ਬੰਗਾਲ ਵਿਚ ਇਸ ਤਰ੍ਹਾਂ ਦੀਆਂ 32 ਘਟਨਾਵਾਂ ਹੋਈਆਂ, ਉਥੇ ਸੰਨ 2017 ਵਿਚ 58 ਸੰਪਰਦਾਇਕ ਹਿੰਸਾ ਦੇ ਮਾਮਲੇ ਸਾਹਮਣੇ ਆਏ। ਇਸ ਦੌਰਾਨ 9 ਲੋਕਾਂ ਦੀ ਮੌਤ ਹੋ ਗਈ ਅਤੇ 230 ਲੋਕ ਜ਼ਖ਼ਮੀ ਹੋ ਗਏ। ਬਿਹਾਰ, ਗੁਜਰਾਤ, ਝਾਰਖੰਡ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਪੱਛਮ ਬੰਗਾਲ ਵਰਗੇ ਰਾਜਾਂ ਵਿਚ ਜ਼ਿਆਦਾਤਰ ਸੰਪਰਦਾਇਕ ਹਿੰਸਾ ਦੀਆਂ ਘਟਨਾਵਾਂ ਹੋਈਆਂ।




A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪਾਕਿ ਦੇ ਨਵੇਂ ਸਿਆਸੀ ਕਪਤਾਨ ਇਮਰਾਨ ਖਾਨ ਨੇ ਭਾਰਤ ਵੱਲ ਸੁੱਟੀ ਸ਼ਾਂਤੀ ਦੀ 'ਗੁਗਲੀ'

**ਇਸਲਾਮਾਬਾਦ/ਬਿਊਰੋ ਨਿਊਜ਼ :** ਭਾਰਤ ਦੇ ਗਵਾਂਢੀ ਮੁਲਕ ਪਾਕਿਸਤਾਨ ਵਿਚ ਆਮ ਚੋਣਾਂ 'ਚ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਮੁਖੀ ਇਮਰਾਨ ਖ਼ਾਨ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਭਾਰਤ ਨਾਲ ਰਿਸ਼ਤੇ ਸੁਧਾਰਨ ਲਈ ਪਾਕਿਸਤਾਨ ਤਿਆਰ ਹੈ ਅਤੇ ਉਨ੍ਹਾਂ ਦੀ ਸਰਕਾਰ ਚਾਹੇਗੀ ਕਿ ਦੋਵੇਂ ਮੁਲਕਾਂ ਦੇ ਆਗੂ ਕਸ਼ਮੀਰ ਦੇ ਅਹਿਮ ਮੁੱਦੇ ਸਮੇਤ ਹੋਰ ਵਿਵਾਦਤ ਮਸਲਿਆਂ ਨੂੰ ਗੱਲਬਾਤ ਰਾਹੀਂ ਸੁਲਝਾਉਣ। ਸਿਆਸੀ ਮਾਹਰਾਂ ਮੁਤਾਬਕ ਸਾਬਕਾ ਕ੍ਰਿਕਟ ਕਪਤਾਨ ਰਹੇ ਇਮਰਾਨ ਖਾਨ ਦੇ ਦੇਸ਼ ਦੇ ਕਪਤਾਨ ਬਣਨ ਤੋਂ ਬਾਅਦ ਇਹ ਭਾਰਤ ਵੱਲ ਸੁੱਟੀ ਇਕ ਤਰ੍ਹਾਂ ਦੀ "ਸਿਆਸੀ ਗੁਗਲੀ" ਹੈ, ਜਦਕਿ ਹਕੀਕਤ ਵਿਚ ਉਨ੍ਹਾਂ ਦੀ ਡੋਰ ਪਾਕਿਸਤਾਨੀ ਫ਼ੌਜ ਦੇ ਹੱਥ ਹੋਣ ਕਰਕੇ ਹਾਲਾਤ ਬਹੁਤੇ ਬਦਲਣ ਦੀ ਸੰਭਾਵਨਾ ਘੱਟ ਹੀ ਨਜ਼ਰ ਪੈਂਦੀ ਹੈ।

65 ਵਰ੍ਹਿਆਂ ਦੇ ਇਮਰਾਨ ਖ਼ਾਨ ਨੇ ਕਿਹਾ,"ਜੇਕਰ ਉਹ (ਭਾਰਤ) ਇਕ ਕਦਮ ਅੱਗੇ ਵਧੇਗਾ ਤਾਂ ਅਸੀਂ ਦੋ ਕਦਮ ਪੁੱਟਾਂਗੇ ਪਰ ਸ਼ੁਰੂਆਤ ਕਰਨ ਦੀ ਲੋੜ ਹੈ।" ਉਨ੍ਹਾਂ ਕਿਹਾ ਕਿ ਕ੍ਰਿਕਟ ਦੇ ਦਿਨਾਂ ਤੋਂ ਹੀ ਉਹ ਭਾਰਤ ਦੇ ਜ਼ਿਆਦਾਤਰ ਲੋਕਾਂ ਨੂੰ ਜਾਣਦੇ ਹਨ ਅਤੇ ਦੋਵੇਂ ਮੁਲਕ ਰਲ ਕੇ ਦੱਖਣ ਪੂਰਬ ਏਸ਼ੀਆ 'ਚ ਗਰੀਬੀ ਦੇ ਸੰਕਟ ਨੂੰ ਹੱਲ ਕਰ ਸਕਦੇ ਹਨ ਪਰ ਸਭ ਤੋਂ ਵੱਡੀ ਸਮੱਸਿਆ ਕਸ਼ਮੀਰ ਹੈ। ਇਮਰਾਨ ਨੇ ਭਾਰਤੀ ਮੀਡੀਆ ਤੋਂ ਨਿਰਾਸ਼ਾ



ਜਤਾਈ ਜਿਸ ਨੇ ਉਸ ਨੂੰ ਪਿਛਲੇ ਕੁਝ ਹਫ਼ਤਿਆਂ 'ਚ 'ਬੌਲੀਵੁੱਡ ਦੇ ਖਲਨਾਇਕ' ਵਰਗਾ ਬਣਾ ਦਿੱਤਾ। ਉਨ੍ਹਾਂ ਕਿਹਾ ਕਿ ਦੋਵੇਂ ਗੁਆਂਢੀ ਮੁਲਕਾਂ ਵੱਲੋਂ ਇਕ-ਦੂਜੇ 'ਤੇ ਦੋਸ਼ ਲਾਉਣ ਦੀ ਖੇਡ ਰੁਕਣੀ ਚਾਹੀਦੀ ਹੈ ਜੋ ਉਪ ਮਹਾਂਦੀਪ ਲਈ ਨੁਕਸਾਨਦੇਹ ਹੈ।

ਅਮਰੀਕਾ ਨਾਲ ਉਸ ਨੇ ਸੰਤੁਲਿਤ ਰਿਸ਼ਤਿਆਂ ਦੀ ਵਕਾਲਤ ਕੀਤੀ। ਇਰਾਨ ਅਤੇ ਸਾਊਦੀ ਅਰਬ ਨਾਲ ਉਨ੍ਹਾਂ ਦੀ ਪਾਰਟੀ ਮਜ਼ਬੂਤ ਰਿਸ਼ਤੇ ਚਾਹੁੰਦੀ ਹੈ। ਉਨ੍ਹਾਂ ਕਿਹਾ,"ਅਸੀਂ ਚੀਨ ਨਾਲ ਮਜ਼ਬੂਤ ਸਬੰਧ ਬਣਾਵਾਂਗੇ। ਉਨ੍ਹਾਂ ਚੀਨ-ਪਾਕਿਸਤਾਨ ਆਰਥਿਕ ਲਾਂਘੇ 'ਚ ਨਿਵੇਸ਼ ਕਰਕੇ ਸਾਨੂੰ ਵੱਡਾ ਮੌਕਾ ਦਿੱਤਾ ਹੈ।" ਅਫ਼ਗਾਨਿਸਤਾਨ ਬਾਰੇ ਉਸ ਨੇ ਕਿਹਾ ਕਿ ਉਥੋਂ ਦੇ ਲੋਕਾਂ ਨੂੰ ਬਹੁਤ ਕੁਝ ਸਹਿਣਾ ਪਿਆ ਹੈ ਅਤੇ ਅਫ਼ਗਾਨਿਸਤਾਨ 'ਚ ਸ਼ਾਂਤੀ ਦਾ ਮਤਲਬ ਪਾਕਿਸਤਾਨ 'ਚ ਸ਼ਾਂਤੀ ਹੋਣਾ ਹੈ। ਵੀਡੀਓ ਲਿੰਕ ਨਾਲ ਪ੍ਰਸਾਰਿਤ ਭਾਸ਼ਣ 'ਚ ਇਮਰਾਨ ਖ਼ਾਨ ਨੇ 22 ਸਾਲਾਂ ਦੇ ਸੰਘਰਸ਼ ਮਗਰੋਂ ਮਿਲੀ ਸਫ਼ਲਤਾ ਲਈ 'ਅੱਲ੍ਹਾ' ਦਾ ਧੰਨਵਾਦ ਕੀਤਾ। ਉਸ ਨੇ ਵਾਅਦਾ ਕੀਤਾ ਕਿ ਉਹ ਪਾਕਿਸਤਾਨ ਨੂੰ ਪਵਿੱਤਰ 'ਮਦੀਨਾ' ਵਰਗਾ ਬਣਾ ਦੇਵੇਗਾ ਜਿਥੇ ਗਰੀਬਾਂ ਅਤੇ ਕਮਜ਼ੋਰ ਵਰਗਾਂ ਨੂੰ ਵੱਧ ਸਹੂਲਤਾਂ ਦਿੱਤੀਆਂ ਜਾਣਗੀਆਂ। ਮੁਲਕ 'ਚ ਵੀਆਈਪੀ ਸੱਭਿਆਚਾਰ ਨੂੰ ਖ਼ਤਮ ਕਰਨ ਦਾ ਵਾਅਦਾ ਕਰਦਿਆਂ ਉਸ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਦੀ ਮੌਜੂਦਾ ਰਿਹਾਇਸ਼ ਨੂੰ ਵਿਦਿਅਕ ਅਦਾਰੇ 'ਚ ਤਬਦੀਲ ਕਰ ਦੇਵੇਗਾ।

ਰਣਨੀਤਕ ਮਾਮਲਿਆਂ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਮਰਾਨ ਖ਼ਾਨ ਦੇ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨ ਨਾਲ ਭਾਰਤ ਨੂੰ ਵੱਧ ਆਸਾਂ ਨਹੀਂ ਰੱਖਣੀਆਂ ਚਾਹੀਦੀਆਂ ਕਿਉਂਕਿ ਉਸ ਨੂੰ ਪਾਕਿਸਤਾਨੀ ਫ਼ੌਜ ਨੇ ਸਥਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਤਾਕਤਵਰ ਫ਼ੌਜ ਵੱਲੋਂ ਭਾਰਤ ਪ੍ਰਤੀ ਆਪਣੇ ਹਮਲਾਵਰ ਤੇਵਰ ਜਾਰੀ ਰੱਖਣ ਦੀ ਸੰਭਾਵਨਾ ਹੈ ਅਤੇ ਉਹ ਜੰਮੂ ਕਸ਼ਮੀਰ 'ਚ ਦਹਿਸ਼ਤੀ ਕਾਰਵਾਈਆਂ ਨੂੰ ਹਮਾਇਤ ਸਮੇਤ ਹੋਰ ਸਰਗਰਮੀਆਂ 'ਚ ਰੁੱਝੀ ਰਹੇਗੀ। ਸਾਬਕਾ ਕੂਟਨੀਤਕ ਜੀ ਪਾਰਥਾਸਾਰਥੀ ਨੇ ਕਿਹਾ,"ਉਹ (ਇਮਰਾਨ ਖ਼ਾਨ) ਫ਼ੌਜ ਦਾ ਬੰਦਾ ਹੈ। ਪਾਕਿਸਤਾਨੀ ਫ਼ੌਜ ਜੋ ਉਸ ਨੂੰ ਆਖੇਗੀ, ਉਸ ਵੱਲੋਂ ਉਹੋ ਕੁਝ ਕੀਤੇ ਜਾਣ ਦੀ ਸੰਭਾਵਨਾ ਹੈ।"

## ਪਾਕਿਸਤਾਨ 'ਚ ਸੱਤਾ ਦੀ ਚਾਬੀ ਆਜ਼ਾਦ ਮੈਂਬਰਾਂ ਦੇ ਹੱਥ

### ਚੋਣ ਨਤੀਜਿਆਂ ਨਾਲ ਛੇੜਛਾੜ ਹੋਈ : ਨਵਾਜ਼ ਸ਼ਰੀਫ਼

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਵਿਚ ਹੋਈਆਂ ਆਮ ਚੋਣਾਂ ਵਿਚ 118 ਸੀਟਾਂ ਲੈਕੇ ਸਭ ਤੋਂ ਵੱਡੀ ਪਾਰਟੀ ਵੱਜੋਂ ਉੱਭਰੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਪਾਰਟੀ ਨੂੰ ਸਰਕਾਰ ਕਾਇਮ ਕਰਨ ਲਈ ਖੇਤਰੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਦੇ ਸਹਿਯੋਗ ਦੀ ਲੋੜ ਪਵੇਗੀ। ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਨੂੰ ਕੁੱਲ 270 ਸੰਸਦੀ ਸੀਟਾਂ ਉੱਤੇ ਹੋਈਆਂ ਚੋਣਾਂ ਵਿਚੋਂ 62 ਸੀਟਾਂ ਹਾਸਲ ਹੋਈਆਂ ਹਨ



ਜਦਕਿ ਆਸਿਫ਼ ਅਲੀ ਜ਼ਰਦਾਰੀ ਦੀ ਅਗਵਾਈ ਵਾਲੀ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਨੂੰ 43 ਸੀਟਾਂ 'ਤੇ ਜਿੱਤ ਹਾਸਲ ਹੋਈ ਹੈ। ਇਸ ਤੋਂ ਇਲਾਵਾ ਆਜ਼ਾਦ ਉਮੀਦਵਾਰਾਂ ਨੇ 12 ਸੀਟਾਂ ਉੱਤੇ ਕਬਜ਼ਾ ਕੀਤਾ ਹੈ। ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਕੁੱਲ 342 ਮੈਂਬਰ ਹਨ, ਜਿਨ੍ਹਾਂ ਵਿਚੋਂ 272 ਸਿੱਧੇ ਤੌਰ 'ਤੇ ਚੁਣੇ ਜਾਂਦੇ ਹਨ। ਸਰਕਾਰ ਕਾਇਮ ਕਰਨ ਲਈ ਕਿਸੇ ਵੀ ਪਾਰਟੀ ਕੋਲ 172 ਸੀਟਾਂ ਹੋਣੀਆਂ ਲਾਜ਼ਮੀ ਹਨ।

ਭਾਰਤ ਵਿਚ ਸੱਤਾਧਾਰੀ ਭਾਜਪਾਈਆਂ ਉਤੇ ਈਵੀਐਮ ਮਸ਼ੀਨਾਂ ਨਾਲ ਛੇੜਛਾੜ ਕਰਕੇ ਸੱਤਾ ਹਾਸਲ ਕਰਨ ਦੇ ਲਗਦੇ ਦੋਸ਼ਾਂ ਵਾਂਗ ਹੀ ਗਵਾਂਢੀ ਮੁਲਕ ਪਾਕਿਸਤਾਨ ਵਿਚ ਵੀ ਹਾਲ ਹੀ ਵਿਚ ਹੋਈਆਂ ਚੋਣਾਂ ਵਿਚ ਧਾਂਦਲੀ ਹੋਣ ਦੇ ਦੋਸ਼ ਲੱਗ ਰਹੇ ਹਨ। ਪਾਕਿਸਤਾਨ ਦੀ ਜੇਲ੍ਹ ਵਿਚ ਬੰਦ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਪਹਿਲੀ ਵਾਰ ਚੋਣ ਨਤੀਜਿਆਂ ਦੇ ਉੱਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਦੋਸ਼ ਲਾਇਆ ਕਿ ਮਤਦਾਨ ਚੋਰੀ ਕਰ ਲਿਆ ਗਿਆ ਸੀ ਅਤੇ ਚਿਤਾਵਨੀ ਦਿੱਤੀ ਕਿ ਛੇੜਛਾੜ ਵਾਲੇ ਅਤੇ ਸ਼ੱਕੀ ਨਤੀਜਿਆਂ ਦੀ ਕੀਮਤ ਦੇਸ਼ ਦੀ ਰਾਜਨੀਤੀ ਉੱਤੇ ਮਾੜੇ ਪ੍ਰਭਾਵ ਦੇ ਰੂਪ ਵਿਚ ਚੁਕਾਉਣੀ ਪਵੇਗੀ। ਅਡਿਆਲਾ ਜੇਲ੍ਹ ਵਿੱਚ ਮੁਲਾਕਾਤੀਆਂ ਨਾਲ ਗੱਲ ਕਰਦਿਆਂ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਆਗੂ ਨਵਾਜ਼ ਸ਼ਰੀਫ਼ ਨੇ ਫ਼ੈਸਲਾਬਾਦ, ਲਾਹੌਰ ਅਤੇ ਰਾਵਲਪਿੰਡੀ ਦੇ ਚੋਣ ਨਤੀਜਿਆਂ ਬਾਰੇ ਆਪਣੇ ਸ਼ਿਕਵਿਆਂ ਦਾ ਖੁੱਲ੍ਹ ਕੇ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਇਲਾਕਿਆਂ ਵਿੱਚ ਉਨ੍ਹਾਂ ਦੀ ਪਾਰਟੀ ਦੇ ਆਗੂ ਬੇਹੱਦ ਮਜ਼ਬੂਤ ਸਥਿਤੀ ਵਿਚ ਸਨ ਪਰ ਉਹ ਹਾਰੇ ਹੋਏ ਉਮੀਦਵਾਰ ਐਲਾਨ ਦਿੱਤੇ ਗਏ। ਵੀਰਵਾਰ ਨੂੰ ਸ਼ਰੀਫ਼, ਉਸ ਦੀ ਧੀ ਮਰੀਅਮ ਅਤੇ ਜਵਾਈ ਕੈਪਟਨ (ਸੇਵਾਮੁਕਤ) ਮੁਹੰਮਦ ਸਫ਼ਦਰ ਲਈ ਮੁਲਾਕਾਤ ਦਾ ਦਿਨ ਸੀ। ਉਨ੍ਹਾਂ ਨੂੰ ਮਿਲਣ ਲਈ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਪੁੱਜੇ। ਇਸ ਮੌਕੇ ਸ਼ਰੀਫ਼ ਨੇ ਕਿਹਾ ਕਿ ਖ਼ੈਬਰ ਪਖ਼ਤੂਨਵਾ ਵਿਚ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ- ਤਹਿਰੀਕ-ਏ-ਇਨਸਾਫ਼ ਦੀ ਸਰਕਾਰ ਸੀ ਅਤੇ ਉਸ ਦੀ ਕਾਰਗੁਜ਼ਾਰੀ ਮਾੜੀ ਸੀ ਪਰ ਉਸ ਨੂੰ ਜਿਤਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਖਾਨ ਦੀ ਪੁਜ਼ੀਸ਼ਨ 2013 ਦੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਮਾੜੀ ਸੀ। ਉਨ੍ਹਾਂ ਕਿਹਾ ਕਿ ਚੋਣਾਂ ਦੇ ਛੇੜਛਾੜ ਵਾਲੇ ਸ਼ੱਕੀ ਨਤੀਜਿਆਂ ਦਾ ਪਾਕਿਸਤਾਨ ਦੀ ਰਾਜਨੀਤੀ ਉੱਤੇ ਮਾੜਾ ਅਸਰ ਪਵੇਗਾ।

## ਮਿਸ਼ਨ-2019 : ਯੂਨਾਈਟਿਡ ਅਕਾਲੀ ਦਲ ਵੱਲੋਂ ਬਸਪਾ ਦੀ ਮਦਦ ਦਾ ਐਲਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਵੀ ਆਗਾਮੀ ਸਾਲ 2019 ਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਬਿਸਾਤ ਵਿਛਣੀ ਸ਼ੁਰੂ ਹੋ ਗਈ ਹੈ। ਇਸੇ ਤਹਿਤ ਗਰਮਦਲੀ ਸਿੱਖ ਧਿਰਾਂ ਵੱਲੋਂ ਆਗਾਮੀ ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਹੱਥ ਮਿਲਾਉਣ ਦਾ ਐਲਾਨ ਕਰਦਿਆਂ ਬੀਬੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਉਣ ਦੀ ਆਵਾਜ਼ ਉਠਾਈ ਹੈ।

ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਗੁਰਨਾਮ ਸਿੰਘ ਸਿੱਧੂ ਨੇ ਇਥੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਬਸਪਾ ਪੰਜਾਬ ਦੇ ਇੰਚਾਰਜ ਨਾਲ ਇਸ ਸਬੰਧ ਵਿਚ ਗੱਲਬਾਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਹ ਭਾਜਪਾ ਨੂੰ ਹਰਾਉਣ ਲਈ ਉਨ੍ਹਾਂ ਦੀਆਂ ਵਿਰੋਧੀ ਪਾਰਟੀਆਂ ਕੋਲ ਪਹੁੰਚ ਕਰਨਗੇ ਅਤੇ ਜ਼ੋਰ ਪਾਉਣਗੇ ਕਿ ਘੱਟ ਗਿਣਤੀ ਅਤੇ ਦਲਿਤ ਵਰਗ ਦੀ ਯੋਗ ਨੁਮਾਇੰਦਗੀ ਕਰਨ ਲਈ ਉਹ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਬੀਬੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਉਣ ਦੀ ਸਹਿਮਤੀ ਦੇਣ।

ਭਾਈ ਗੁਰਦੀਪ ਸਿੰਘ ਨੇ ਕਿਹਾ ਕਿ ਉਹ ਮੁਸਲਮਾਨਾਂ, ਇਸਾਈਆਂ, ਪੰਥਕ ਸ਼ਖ਼ਸੀਅਤਾਂ ਦਾ ਵਫ਼ਦ ਲੈ ਕੇ ਬੀਬੀ ਮਾਇਆਵਤੀ ਨੂੰ ਜਲਦ ਹੀ ਮਿਲਣਗੇ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਦੇ ਹਿੱਤਾਂ, ਜਮਹੂਰੀਅਤ ਦੀ ਕਾਇਮੀ, ਕਾਨੂੰਨ ਦਾ ਰਾਜ ਕਾਇਮ ਕਰਨ ਅਤੇ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਮੋਦੀ ਹਕੂਮਤ



ਦਾ ਖਾਤਮਾ ਕਰਨਾ ਸਮੇਂ ਦੀ ਮੰਗ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਜਿਥੇ ਮੁਗਲ ਅਤੇ ਅੰਗਰੇਜ਼ ਰਾਜਾਂ ਦੇ ਖਾਤਮੇ ਲਈ ਅਹਿਮ ਭੂਮਿਕਾ ਨਿਭਾਈ ਸੀ, ਉਸੇ ਤਰ੍ਹਾਂ ਹੁਣ ਮੋਦੀ ਦੀ ਤਾਨਾਸ਼ਾਹੀ ਹਕੂਮਤ ਤੇ ਖਾਤਮੇ ਲਈ ਘੱਟ ਗਿਣਤੀਆਂ, ਦਲਿਤਾਂ, ਖੇਤਰੀ ਪਾਰਟੀਆਂ ਅਤੇ ਜਮਹੂਰੀਅਤ ਦੀ ਆਵਾਜ਼ ਬੁਲੰਦ ਕਰਨ ਲਈ ਸੰਘਰਸ਼ਸ਼ੀਲ ਧਿਰਾਂ ਨੂੰ ਇਕਜੁੱਟ ਕਰਕੇ ਬੀਬੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਐਲਾਨਿਆਂ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਸਪਾ ਨਾਲ ਗੱਠਜੋੜ ਕਰਨ ਵੇਲੇ ਉਨ੍ਹਾਂ ਦੀ ਧਿਰ ਸੀਟਾਂ ਆਦਿ ਦੀ ਕੋਈ ਸ਼ਰਤ ਨਹੀਂ ਲਾਵੇਗੀ। ਭਾਈ ਗੁਰਦੀਪ ਸਿੰਘ ਨੇ ਕਿਹਾ ਕਿ ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚੋਂ ਬਾਦਲ ਦਲ ਤੇ ਭਾਜਪਾ ਦਾ ਸਫਾਇਆ ਕਰਨ ਲਈ ਸਮੂਹ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਇਕਜੁੱਟ ਕਰਨ ਲਈ ਪੂਰੀ ਰਣਨੀਤੀ ਘੜ ਲਈ ਗਈ ਹੈ। ਉਨ੍ਹਾਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਬਰਗਾੜੀ ਵਿੱਚ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ ਲਾਏ ਮੋਰਚੇ ਬਾਰੇ ਗਲਤ ਪ੍ਰਚਾਰ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਦਾਅਵਾ ਕੀਤਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਸ਼ਰ ਹੋਣ ਤੋਂ ਬਾਅਦ ਬਾਦਲ ਦਲ ਦਾ ਪੰਜਾਬ ਵਿਚ ਨਿਕਲਣਾ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮੋਰਚੇ ਵਿੱਚ ਕਈ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਵੀ ਸ਼ਾਮਲ ਹੋਏ ਹਨ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਕਿ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਸ਼ਰ ਕੀਤੀ ਜਾਵੇ।

## ਹੇਮਾ ਮਾਲਿਨੀ ਵਾਸਤੇ ਮੁੱਖ ਮੰਤਰੀ ਬਣਨਾ ਖੱਬੇ ਹੱਥ ਦੀ ਖੇਡ

**ਜੈਪੁਰ/ਬਿਊਰੋ ਨਿਊਜ਼ :** ਹਰ ਖੇਤਰ ਵਿਚ ਉਚੇ ਤੋਂ ਉਚੇ ਸੁਪਨੇ ਦੇਖਣਾ ਉਂਝ ਤਾਂ ਹਰ ਆਦਮੀ ਦਾ ਨਿੱਜੀ ਅਧਿਕਾਰ ਹੁੰਦਾ ਹੈ ਪਰ ਬੌਲੀਵੁੱਡ ਦੀ "ਡਰੀਮ ਗਰਲ" ਦੇ ਡਰੀਮ ਕੁਝ ਖਾਸ ਹੀ ਹਨ। ਅਭਿਨੇਤਰੀ ਅਤੇ ਰਾਜਸੀ ਆਗੂ ਹੇਮਾ ਮਾਲਿਨੀ ਨੇ ਕਿਹਾ ਹੈ ਕਿ ਉਹ ਕਿਸੇ ਸਮੇਂ ਵੀ ਮੁੱਖ ਮੰਤਰੀ ਬਣ ਸਕਦੀ ਹੈ ਪਰ ਉਸ ਦੀ ਇਸ ਅਹੁਦੇ ਵਿਚ ਰੁਚੀ ਹੀ ਨਹੀਂ ਹੈ।ਸੋਸ਼ਲ ਮੀਡੀਆ ਵਿਚ ਹੇਮਾ ਮਾਲਿਨੀ ਦੇ ਇਸ ਬਿਆਨ ਉਤੇ "ਹਾਥ ਨ ਪਹੁੰਚੇ ਥੂ ਕੌੜੀ" ਵਰਗੇ ਕੁਮੈਂਟ ਆ ਰਹੇ ਹਨ।



ਮਥੁਰਾ ਤੋਂ ਭਾਜਪਾ ਦੀ ਲੋਕ ਸਭਾ ਮੈਂਬਰ ਹੇਮਾ ਮਾਲਿਨੀ ਨੇ ਰਾਜਸਥਾਨ ਦੇ ਬੰਸਵਾੜਾ ਸ਼ਹਿਰ ਵਿਚ ਕਿਹਾ,ਕਿ "ਜੇ ਮੈਂ ਚਾਹਾਂ ਤਾਂ ਮੈਂ ਇਕ ਮਿੰਟ ਵਿਚ ਮੁੱਖ ਮੰਤਰੀ ਬਣ ਸਕਦੀ ਹਾਂ ਪਰ ਖ਼ੁਦ ਨੂੰ ਪਾਬੰਦ ਨਹੀਂ ਕਰਨਾ ਚਾਹੁੰਦੀ, ਮੇਰੀ ਘੁੰਮਣ ਫਿਰਨ ਦੀ ਆਜ਼ਾਦੀ ਖਤਮ ਹੋ ਜਾਵੇਗੀ।" ਉਨ੍ਹਾਂ ਨੇ ਇਹ ਪ੍ਰਗਟਾਵਾ ਉਦੋਂ ਕੀਤਾ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਜੇ ਉਸ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਮਿਲੇ ਤਾਂ ਕੀ ਉਹ ਮੁੱਖ ਮੰਤਰੀ ਬਣਨਾ ਪਸੰਦ ਕਰੇਗੀ। ਇਹ ਪ੍ਰਗਟਾਵਾ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਅਹੁਦੇ ਸਬੰਧੀ ਸੀ ਜਿੱਥੇ ਭਾਜਪਾ ਦੀ ਸਰਕਾਰ ਹੈ ਅਤੇ ਯੋਗੀ ਆਦਿੱਤਿਆਨਾਥ ਸੂਬੇ ਦੇ ਮੁੱਖ ਮੰਤਰੀ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਆਪਣੇ ਫਿਲਮੀ ਕਰੀਅਰ ਕਰਕੇ ਸੰਸਦ ਮੈਂਬਰ ਬਣਨਾ ਪਸੰਦ ਕੀਤਾ ਹੈ। ਹੇਮਾ ਨੇ ਕਿਹਾ ਕਿ ਉਹ ਜਾਣਦੀ ਹੈ ਕਿ ਉਸਦੀ ਪਛਾਣ ਬੌਲੀਵੁੱਡ ਕਰਕੇ ਹੈ, ਉਸ ਨੂੰ 'ਡਰੀਮ ਗਰਲ' ਜਾਂ ਹੇਮਾ ਮਾਲਿਨੀ ਕਰਕੇ ਜਾਣਿਆਂ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੰਸਦ ਵਿਚ ਆਉਣ ਤੋਂ ਪਹਿਲਾਂ ਵੀ ਉਨ੍ਹਾਂ ਨੇ ਭਾਜਪਾ ਲਈ ਬੇਹੱਦ ਕੰਮ ਕੀਤਾ ਹੈ। ਉਨ੍ਹਾਂ ਨੇ ਮਥੁਰਾ ਨੂੰ ਕ੍ਰਿਸ਼ਨ ਭਗਵਾਨ ਦੀ ਨਗਰੀ ਕਹਿੰਦਿਆਂ ਕਿਹਾ ਕਿ ਉਹ ਅਸਲ ਵਿਚ ਬ੍ਰਿਜਵਾਸੀਆਂ ਲਈ ਕੰਮ ਕਰਨਾ ਚਾਹੁੰਦੀ ਹੈ। ਉਨ੍ਹਾਂ ਨੇ ਆਪਣੇ ਹਲਕੇ ਵਿਚ ਬਣਾਈਆਂ ਸੜਕਾਂ ਦਾ ਵਿਸ਼ੇਸ਼ ਤੌਰ ਉੱਤੇ ਜ਼ਿਕਰ ਕੀਤਾ।

ਗੌਰਤਲਬ ਹੈ ਕਿ ਹੇਮਾ ਮਾਲਿਨੀ ਦੇ ਪਤੀ ਧਰਮਿੰਦਰ ਨੇ ਵੀ ਇਕ ਵਾਰ ਭਾਜਪਾ ਦੀ ਹੀ ਟਿਕਟ ਉਤੇ ਰਾਜਸਥਾਨ ਦੇ ਬੀਕਾਨੇਰ ਹਲਕੇ ਤੋਂ ਲੋਕ ਸਭਾ ਦੀ ਚੋਣ ਲੜਨ ਵੇਲੇ ਵਿਰੋਧੀਆਂ ਨੂੰ ਗੋਲੀ ਮਾਰਨ ਦਾ ਬਿਆਨ ਦੇ ਕੇ ਵਿਵਾਦ ਖੜ੍ਹਾ ਕਰ ਦਿਤਾ ਸੀ।

## ਪੰਜਾਬ 'ਚ ਪੰਚਾਇਤੀ ਚੋਣਾਂ ਦਾ ਮੈਦਾਨ ਭਖਣ ਲੱਗਾ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਚਾਇਤੀ ਚੋਣਾਂ ਦੇ ਐਲਾਨ ਤੋਂ ਬਾਅਦ ਪੰਜਾਬ ਦੇ ਪੇਂਡੂ ਭਾਈਚਾਰੇ 'ਤੇ ਧੜੇਬਾਜ਼ੀ ਦੀ ਸਿਆਸਤ ਦਾ ਪਰਛਾਵਾਂ ਪੈਣਾ ਸ਼ੁਰੂ ਹੋ ਗਿਆ ਹੈ। ਸਤੰਬਰ ਮਹੀਨੇ ਹੋਣ ਵਾਲੀਆਂ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਲਈ ਸਿਆਸੀ ਪਾਰਟੀਆਂ ਨੇ ਹੁਣੇ ਤੋਂ ਹੀ ਆਪੋ-ਆਪਣੇ ਨੁਮਾਇੰਦੇ ਚੁਣਨ ਲਈ ਅੰਦਰਖਾਤੇ ਖਿਚੜੀ ਪਕਾਉਣੀ ਸ਼ੁਰੂ ਕਰ ਦਿੱਤੀ ਹੈ। ਧੜੇਬਾਜ਼ੀ ਦੀ ਸਿਆਸਤ ਕਾਰਨ ਪਹਿਲਾਂ ਹੀ ਪਾਟੋ-ਧਾੜ ਹੋਏ ਪਿੰਡਾਂ ਦੇ ਲੋਕ ਆਰਥਿਕ ਪੱਖੋਂ ਕਮਜ਼ੋਰ, ਸਿਆਸੀ ਤਾਕਤ ਪੱਖੋਂ ਊਣੇ ਅਤੇ ਭਾਈਚਾਰਕ ਸਾਂਝ ਟੁੱਟਣ ਦਾ ਦਰਦ ਝੱਲ ਰਹੇ ਹਨ। ਸਰਪੰਚੀ ਦੇ ਚਾਹਵਾਨ ਉਮੀਦਵਾਰਾਂ ਲਈ ਰਾਖਵੇਂਕਰਨ, ਡੋਪ ਟੈਸਟ ਅਤੇ ਮੈਟ੍ਰਿਕ ਪਾਸ ਹੋਣ ਦੀਆਂ ਲਾਜ਼ਮੀ ਸ਼ਰਤਾਂ ਦੇ ਭੰਬਲਭੂਸੇ ਕਰਕੇ ਸਮੀਕਰਣ ਸਵੇਰ-ਸ਼ਾਮ ਬਦਲ ਰਹੇ ਹਨ। ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) 'ਚ ਜ਼ਮੀਨੀ ਪੱਧਰ 'ਤੇ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀ ਚੋਣਾਂ ਲਈ ਅੰਦਰਖਾਤੇ ਕੰਮ ਚੱਲ ਰਿਹਾ ਹੈ। ਚੋਣ ਲੜਨ ਦੇ ਚਾਹਵਾਨ ਆਪਣੇ ਪ੍ਰਤੀ ਮਾਹੌਲ ਬਣਾਉਣ ਵਿੱਚ ਜੁਟੇ ਹੋਏ ਹਨ।

ਭਾਰਤੀ ਸੰਵਿਧਾਨ ਦੀ 73ਵੀਂ ਸੰਵਿਧਾਨਕ ਸੋਧ ਮੁਤਾਬਕ ਪੰਚਾਇਤੀ ਰਾਜ ਸੰਸਥਾਵਾਂ ਹੁਣ ਸੱਤਾ ਦਾ ਅਹਿਮ ਹਿੱਸਾ ਹਨ। ਇਸ ਦਾ ਮਹੱਤਵਪੂਰਨ ਪਹਿਲੂ ਹੈ ਕਿ ਦਲਿਤ ਨੁਮਾਇੰਦਗੀ ਲਈ ਰਾਖਵੇਂਕਰਨ ਤੋਂ ਇਲਾਵਾ ਇਸ ਦਫ਼ਾ ਔਰਤਾਂ ਲਈ 33 ਤੋਂ ਵਧਾ ਕੇ ਰਾਖਵਾਂਕਰਨ 50 ਫੀਸਦ ਕਰ ਦਿੱਤਾ ਗਿਆ ਹੈ। ਪਰ ਹਕੀਕਤ ਇਹ ਹੈ ਕਿ ਔਰਤਾਂ ਨੂੰ ਸਰਪੰਚੀ ਜਾਂ ਹੋਰ ਨੁਮਾਇੰਦਗੀ ਕਰਨ ਲਈ ਮਾਹੌਲ ਬਣਾਉਣਾ ਅਜੇ ਵੀ ਬਾਕੀ ਹੈ। ਪਿੰਡਾਂ ਵਿੱਚ 5 ਤੋਂ ਲੈ ਕੇ 13 ਤੱਕ ਪੰਚਾਇਤ ਮੈਂਬਰ ਹਰ ਪੰਚਾਇਤ ਵਿੱਚ ਚੁਣੇ ਜਾਣੇ ਹਨ। ਬਲਾਕ ਸਮਿਤੀਆਂ ਦੇ ਲਗਪਗ 2700 ਅਤੇ ਜ਼ਿਲ੍ਹਾ ਪਰਿਸ਼ਦਾਂ ਦੇ 327 ਮੈਂਬਰ ਬਣਦੇ ਹਨ। ਅਜਿਹੀ ਸਥਿਤੀ ਵਿੱਚ ਪੰਜਾਬ ਦੇ ਪੇਂਡੂ ਲੋਕ ਆਪਣੇ 90 ਹਜ਼ਾਰ ਤੋਂ ਵੱਧ ਨੁਮਾਇੰਦੇ ਚੁਣਨਗੇ, ਜਿਨ੍ਹਾਂ ਦੀ ਅਗਵਾਈ ਵਿੱਚ ਪਿੰਡਾਂ ਦੇ ਵਿਕਾਸ ਦੀ ਉਮੀਦ ਰੱਖੀ ਜਾਵੇਗੀ। ਵੱਡੀਆਂ ਸਿਆਸੀ ਪਾਰਟੀਆਂ ਨੇ ਹੁਣੇ ਤੋਂ ਹੀ ਬਲਾਕ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਪਾਰਟੀ ਚੋਣ ਨਿਸ਼ਾਨ ਦੇ ਆਧਾਰ ਉੱਤੇ ਲੜਨ ਦਾ ਐਲਾਨ ਕਰ ਦਿੱਤਾ ਹੈ। ਤਖ਼ਤ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਪਿੰਡ ਬਚਾਓ ਪੰਜਾਬ ਬਚਾਓ ਦੇ ਆਗੂ ਜਥੇਦਾਰ ਕੇਵਲ ਸਿੰਘ ਨੇ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਕੋਈ ਕਾਨੂੰਨ ਘੜਨ ਵਾਲੀਆਂ ਸੰਸਥਾਵਾਂ ਨਹੀਂ, ਇਸ ਲਈ ਸਿਆਸੀ ਪਾਰਟੀਆਂ ਨੂੰ ਇਹ ਚੋਣਾਂ ਪਾਰਟੀ ਚੋਣ ਨਿਸ਼ਾਨਾਂ ਉੱਤੇ ਨਹੀਂ ਲੜਨੀਆਂ ਚਾਹੀਦੀਆਂ।

ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਸਕੀਮਾਂ ਦੇ ਲਾਭਪਾਤਰੀਆਂ ਦੀ ਸ਼ਨਾਖ਼ਤ ਗ੍ਰਾਮ ਸਭਾਵਾਂ ਦੇ ਇਜਲਾਸਾਂ ਵਿੱਚ ਹੋਣੀ ਹੁੰਦੀ ਹੈ। ਪੰਜਾਬ ਪੰਚਾਇਤੀ ਰਾਜ ਕਾਨੂੰਨ 1994 ਦੇ ਮੁਤਾਬਕ ਜੂਨ ਅਤੇ ਦਸੰਬਰ ਦੇ ਮਹੀਨੇ ਦੋ ਇਜਲਾਸ ਕਰਵਾਉਣੇ ਲਾਜ਼ਮੀ ਹਨ। ਜਿਹੜਾ ਵੀ ਸਰਪੰਚ ਲਗਾਤਾਰ ਦੋ ਇਜਲਾਸ ਨਹੀਂ ਕਰਦਾ ਤਾਂ ਉਹ ਖ਼ੁਦ ਹੀ ਮੁਅੱਤਲ ਹੋ ਜਾਂਦਾ ਹੈ। ਬੀਡੀਪੀਓ ਦੀ ਇਹ ਜ਼ਿੰਮੇਵਾਰੀ ਹੈ ਕਿ ਇਸ ਦੀ ਸੂਚਨਾ ਤੁਰੰਤ ਡੀਡੀਪੀਓ ਨੂੰ ਦੇਵੇ ਪਰ ਪੰਜਾਬ ਵਿੱਚ ਇਜਲਾਸ ਨਹੀਂ ਹੋ ਰਹੇ ਅਤੇ ਨਾ ਹੀ ਕੋਈ ਸਰਪੰਚ ਇਸ ਕਾਰਨ ਮੁਅੱਤਲ ਹੋਇਆ ਹੈ। ਕੇਂਦਰ ਸਰਕਾਰ ਵੱਲੋਂ

ਬਾਕੀ ਸਫ਼ਾ 28 'ਤੇ

## ਕਲਯੁੱਗੀ ਬਾਬਾ ਅਮਰਪੁਰੀ ਸੰਗੀਨ ਦੋਸ਼ਾਂ ਤਹਿਤ ਗ੍ਰਿਫ਼ਤਾਰ

**ਟੋਹਾਣਾ/ਬਿਊਰੋ ਨਿਊਜ਼ :** ਟੋਹਾਣਾ ਦੇ ਸ਼ਕਤੀ ਨਗਰ ਵਿਚ ਬਾਬਾ ਬਾਲਕ ਨਾਥ ਮੰਦਰ ਦਾ ਅਰੋਪੀ ਅਮਰਪੁਰੀ ਬਾਬਾ ਔਰਤਾਂ ਨੂੰ ਅਫੀਮ ਵਾਲੀ ਚਾਹ ਪਿਲਾ ਕੇ ਉਨ੍ਹਾਂ ਨਾਲ ਬਲਾਤਕਾਰ ਕਰਦਾ ਸੀ। ਉਨ੍ਹਾਂ ਦੀ ਫ਼ਿਲਮ ਬਣਾਉਂਦਾ ਸੀ ਤੇ ਫਿਰ ਉਨ੍ਹਾਂ ਨੂੰ ਬਲੈਕਮੇਲ ਕਰਦਾ ਸੀ। ਅਰੋਪੀ ਬਾਬਾ ਹੁਣ ਜੇਲ੍ਹ ਵਿਚ ਹੈ। ਪੁਲੀਸ ਅਨੁਸਾਰ ਬਾਬਾ ਅਫੀਮ ਸ਼ਮਸ਼ਾਨਘਾਟ ਵਿਚ ਛੁਪਾਉਂਦਾ ਸੀ ਤੇ ਕੁਝ ਅਫੀਮ ਆਪਣੇ ਕੋਲ ਰੱਖਦਾ ਸੀ। ਕਈ ਬੇਔਲਾਦ ਔਰਤਾਂ ਨਾਲ ਉਸ ਦੇ ਸੰਬੰਧ ਸਨ ਤੇ ਕਈਆਂ ਨੂੰ ਉਸ ਨੇ ਸਬੰਧ ਰਚਾ ਕੇ ਔਲਾਦ ਦਿੱਤੀ ਸੀ। ਪੁਲੀਸ ਨੇ ਉਹਦੇ ਕੋਲੋਂ 15 ਗ੍ਰਾਮ ਅਫੀਮ ਤੇ ਪਿਸਤੌਲ ਦੇ ਲਾਇਸੈਂਸ ਦੀ ਕਾਪੀ ਬਰਾਮਦ ਕੀਤੀ ਹੈ। ਇਹ ਲਾਇਸੈਂਸ ਪੰਜਾਬ ਤੋਂ ਬਣਿਆ ਹੈ।

## ਨੌਜਵਾਨ ਨੇ ਖੁਦ ਹੀ ਬਣਾ ਲਿਆ ਆਪਣੀ ਮੌਤ ਦਾ ਆਖਰੀ ਵੀਡੀਓ

**ਨੈਨੀਤਾਲ/ਬਿਊਰੋ ਨਿਊਜ਼ :** ਕੁਝ ਲੋਕ ਮੋਬਾਇਲ ਨਾਲ ਕੁਝ ਜ਼ਿਆਦਾ ਹੀ ਖੇਡਦੇ ਹਨ ਤੇ ਕਈ ਵਾਰ ਇਸ ਖੇਡ ਵਿਚ ਜ਼ਿੰਦਗੀ ਦੀ ਬਾਜ਼ੀ ਤਕ ਹਾਰ ਜਾਦੇ ਹਨ। ਅਜਿਹਾ ਹੀ ਵਾਪਰਿਆ ਹੈ ਭਾਰਤ ਦੇ ਉੱਤਰਾਖੰਡ ਦੇ ਇਕ ਨੌਜਵਾਨ ਨਾਲ। ਪਹਾੜਾਂ ਦੀਆਂ ਸੜਕਾਂ



'ਤੇ ਚੱਲਦੀ ਕਾਰ ਵਿਚ ਫਿਲਮ ਬਣਾਉਣਾ ਇਸ 28 ਸਾਲਾ ਵਿਅਕਤੀ ਲਈ ਉਸ ਵੇਲੇ ਜਾਨਲੇਵਾ ਸਾਬਤ ਹੋਇਆ ਜਦੋਂ ਇਕ ਕੂਹਣੀ ਮੋੜ 'ਤੇ ਉਹ ਸੰਤੁਲਨ ਗਵਾ ਬੈਠਿਆ ਅਤੇ ਕਾਰ ਡੂੰਘੀ ਖੱਡ ਵਿਚ ਜਾ ਡਿੱਗੀ। ਇਹ ਜਾਣਕਾਰੀ ਪੁਲੀਸ ਨੇ ਦਿੱਤੀ। ਇਸ ਘਟਨਾ ਵਿਚ ਉਸ ਦੇ ਦੋ ਸਾਥੀ ਜ਼ਖ਼ਮੀ ਵੀ ਹੋ ਗਏ।ਨੈਨੀਤਾਲ ਸਟੇਸ਼ਨ ਹਾਊਸ ਦੇ ਅਫ਼ਸਰ ਵਿਪਿਨ ਚੰਦਰਾ ਨੇ ਦੱਸਿਆ ਕਿ ਹਾਦਸੇ ਵਾਲੀ ਥਾਂ ਤੋਂ ਇਕ ਮੋਬਾਈਲ ਫੋਨ ਮਿਲਿਆ ਹੈ ਜਿਸ ਵਿਚ ਇਹ ਵੀਡੀਓ ਦੇਖੀ ਜਾ ਸਕਦੀ ਹੈ। ਇਸ ਵੀਡੀਓ ਵਿੱਚ ਤਿੰਨੇ ਜਣੇ ਚੀਕਾਂ ਮਾਰ ਰਹੇ ਹਨ.."ਓਹ.. ਮਰ ਗੇ"। ਇਸੇ ਦੌਰਾਨ ਕਾਰ ਡੂੰਘੀ ਖੱਡ ਵਿਚ ਡਿੱਗ ਪਈ। ਇਸ ਘਟਨਾ ਵਿਚ ਕਾਰ ਚਲਾ ਰਹੇ ਦੀਪੂ ਕੁੰਵਰ (28) ਦੀ ਮੌਤ ਹੋ ਗਈ ਜਦੋਂ ਕਿ ਉਸ ਦੇ ਸਾਥੀ ਸੰਜੂ ਸਿੰਘ (22) ਅਤੇ ਦੀਪੂ (28) ਗੰਭੀਰ ਜ਼ਖ਼ਮੀ ਹੋ ਗਏ। ਹਾਦਸੇ ਵੇਲੇ ਕੁੰਵਰ ਵੀਡੀਓ ਬਣਾਉਣ ਵਿਚ ਰੁਝਿਆ ਹੋਇਆ ਸੀ ਜਦੋਂ ਉਹ ਗੱਡੀ ਤੋਂ ਸੰਤੁਲਨ ਗਵਾ ਬੈਠਾ। ਇਹ ਹਾਦਸਾ ਨੈਨੀਤਾਲ ਤੋਂ ਕਾਲਾਧੁੰਗਰੀ ਜਾਂਦਿਆਂ ਰਸਤੇ ਵਿਚ ਵਾਪਰਿਆ।

# ਬਾਦਲਾਂ ਦਾ ਸਾਬਕਾ ਮੰਤਰੀ ਸੁੱਚਾ ਸਿਹੁੰ ਸਾਬਤ ਨਹੀਂ ਹੋਇਆ ਬਲਾਤਕਾਰੀ



ਅਦਾਲਤ ਵੱਲੋਂ ਬਰੀ ਕੀਤੇ ਜਾਣ ਤੋਂ ਬਾਅਦ ਸੁੱਚਾ ਸਿੰਘ ਲੰਗਾਹ ਆਪਣੇ ਹਮਾਇਤੀਆਂ ਨਾਲ।

**ਗੁਰਦਾਸਪੁਰ/ਬਿਊਰੋ ਨਿਊਜ਼ :** ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਕ ਵੀਡੀਓ ਵਿਚ ਇਕ ਔਰਤ ਨਾਲ ਇਤਰਾਜ਼ਯੋਗ ਹਾਲਤ ਵਿਚ ਦਿਖੇ ਜਾਣ ਤੋਂ ਬਾਅਦ ਬਲਾਤਕਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਬਾਦਲਾਂ ਦੇ ਚਹੇਤੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਆਖਰ ਕਾਨੂੰਨੀ ਲੜਾਈ ਜਿੱਤ ਕੇ ਸਰਕਾਰੀ ਅਦਾਲਤ ਵਿਚੋਂ ਬਰੀ ਹੋ ਗਏ ਹਨ। ਉਨ੍ਹਾਂ ਨੂੰ ਭਾਰੀ ਰਾਹਤ ਦਿੰਦਿਆਂ ਵਧੀਕ ਸੈਸ਼ਨ ਜੱਜ (ਗੁਰਦਾਸਪੁਰ) ਪ੍ਰੇਮ ਕੁਮਾਰ ਦੀ ਅਦਾਲਤ ਨੇ ਬਲਾਤਕਾਰ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਸ੍ਰੀ ਲੰਗਾਹ ਖ਼ਿਲਾਫ਼ ਵਿਜੀਲੈਂਸ ਵਿਭਾਗ ਪਠਾਨਕੋਟ ਵਿਖੇ ਤਾਇਨਾਤ ਇੱਕ ਮਹਿਲਾ ਕਾਂਸਟੇਬਲ ਦੀ ਸ਼ਿਕਾਇਤ ਉੱਤੇ ਸਿਟੀ ਪੁਲੀਸ (ਗੁਰਦਾਸਪੁਰ) ਵਿਖੇ 28 ਸਤੰਬਰ, 2017 ਨੂੰ ਧਾਰਾ 376 (ਬਲਾਤਕਾਰ) ਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਸੁਣਵਾਈ ਦੌਰਾਨ ਸਬੰਧਤ ਔਰਤ ਆਪਣੇ ਪਹਿਲੇ ਬਿਆਨਾਂ ਤੋਂ ਮੁੱਕਰ ਗਈ। ਉਸ ਨੇ ਅਦਾਲਤ ਵਿੱਚ ਕਿਹਾ ਕਿ ਪੁਲੀਸ ਨੇ ਦਬਾਅ ਪਾ ਕੇ ਸ੍ਰੀ ਲੰਗਾਹ ਖਿਲਾਫ਼ ਸ਼ਿਕਾਇਤ ਕਰਵਾਈ ਸੀ। ਉਸ ਨੇ ਵੀਡੀਓ ਵਿਚ ਵੀ ਆਪਣੇ ਹੋਣ ਤੋਂ ਇਨਕਾਰ ਕੀਤਾ। ਇਸ ਕਾਰਨ ਸ੍ਰੀ ਲੰਗਾਹ ਅਦਾਲਤ ਵਿੱਚੋਂ ਜ਼ਮਾਨਤ ਲੈਣ ਵਿਚ ਵੀ ਸਫਲ ਹੋ ਗਏ। ਇਸੇ ਰੌਸ਼ਨੀ ਵਿਚ ਅਦਾਲਤ ਨੇ ਸ੍ਰੀ ਲੰਗਾਹ ਨੂੰ ਧਾਰਾ 376 (ਬਲਾਤਕਾਰ) ਅਤੇ 295ਏ (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ) ਤਹਿਤ ਦੋਸ਼ਾਂ ਤੋਂ ਬਰੀ ਕਰ ਦਿੱਤਾ।

ਪਹਿਲਾਂ ਇਸੇ ਮਹਿਲਾ ਨੇ ਦੋਸ਼ ਲਗਾਇਆ ਸੀ ਕਿ ਸ੍ਰੀ ਲੰਗਾਹ ਸਾਲ 2009 ਤੋਂ ਉਸ ਦਾ ਜਿਨਸੀ ਸ਼ੋਸ਼ਣ ਕਰ ਰਹੇ ਸਨ। ਇਸ ਸਬੰਧੀ ਇੱਕ ਅਸ਼ਲੀਲ ਵੀਡੀਓ ਵੀ ਵਾਇਰਲ ਹੋਈ ਸੀ, ਜਿਸ ਕਾਰਨ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਸੀ। ਉਦੋਂ ਲੋਕ ਸਭਾ ਜ਼ਿਮਨੀ ਚੋਣ ਹੋਣ ਕਾਰਨ ਕਾਂਗਰਸ ਨੂੰ ਫਾਇਦਾ ਵੀ ਮਿਲਿਆ ਸੀ।

ਘਟਨਾ ਬਾਅਦ ਸ੍ਰੀ ਲੰਗਾਹ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢ ਦਿੱਤਾ ਗਿਆ ਅਤੇ ਸ੍ਰੀ ਅਕਾਲ ਤਖ਼ਤ ਨੇ ਵੀ ਪੰਥ ਵਿੱਚੋਂ ਛੇਕ ਦਿੱਤਾ ਸੀ। ਕੇਸ ਦਰਜ ਹੋਣ ਪਿੱਛੋਂ ਸ੍ਰੀ ਲੰਗਾਹ ਰੂਪੋਸ਼ ਹੋ ਗਏ ਸਨ ਪਰ ਪੇਸ਼ਗੀ ਜ਼ਮਾਨਤ ਰੱਦ ਹੋਣ ਬਾਅਦ ਗੁਰਦਾਸਪੁਰ ਅਦਾਲਤ ਵਿਚ ਆਤਮ-ਸਮਰਪਣ ਕੀਤਾ ਸੀ। ਵੀਡੀਓ ਵਾਇਰਲ ਹੋਣ ਉਪਰੰਤ ਸਿੱਖ ਸੰਗਠਨਾਂ ਦੀ ਮੰਗ ਉੱਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਧਾਰਾ 295ਏ ਵੀ ਕੇਸ ਵਿਚ ਜੋੜੀ ਗਈ ਸੀ।

# ਉਡਾਰੀ ਮਾਰ ਗਏ 'ਪਰਦੇਸੀ ਢੋਲਿਆਂ' ਨੂੰ ਮੁੜ ਪਿੰਜਰੇ 'ਚ ਪਾਉਣ ਦਾ ਇੰਤਜ਼ਾਮ ਹੋਵੇਗਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਭਾਰਤ 'ਚ ਭਗੌੜੇ ਲਾੜਿਆਂ ਬਾਰੇ ਸਖਤ ਕਾਨੂੰਨ ਆਉਣ ਲਈ ਤਿਆਰ ਹੈ। ਵਿਆਹ ਕਰਵਾ ਕੇ ਪਤਨੀ ਨੂੰ ਬਿਨਾਂ ਤਲਾਕ ਦਿੱਤੇ ਵਿਦੇਸ਼ ਜਾਣ ਵਾਲੇ ਪ੍ਰਵਾਸੀ ਭਾਰਤੀ ਭਾਵ ਐਨਆਰਆਈ. ਲਾੜਿਆਂ ਖ਼ਿਲਾਫ਼ ਸ਼ਿਕੰਜਾ ਮਜ਼ਬੂਤ ਕਰਨ ਲਈ ਸਰਕਾਰ ਮੌਜੂਦਾ ਕਾਨੂੰਨ 'ਚ ਵਿਆਪਕ ਬਦਲਾਅ ਦੀ ਤਿਆਰੀ 'ਚ ਹੈ। ਤਜਵੀਜ਼ਤ ਬਦਲਾਅ ਤਹਿਤ ਅਜਿਹੇ ਲਾੜਿਆਂ ਦੇ ਨਾਂਅ 'ਤੇ ਵੈੱਬਸਾਈਟ ਰਾਹੀਂ ਸੰਮਨ ਜਾਰੀ ਕੀਤਾ ਜਾਵੇਗਾ ਅਤੇ ਉਸ ਨੂੰ ਹਾਸਲ ਹੋਇਆ ਵੀ ਮੰਨਿਆ ਜਾਵੇਗਾ।ਅਜਿਹੇ ਪ੍ਰਵਾਸੀ ਭਾਰਤੀ ਪਤੀਆਂ ਨੂੰ ਭਗੌੜਾ ਐਲਾਨ ਕੇ ਉਸ ਦੀ ਜਾਇਦਾਦ ਜ਼ਬਤ ਕਰ ਲਈ ਜਾਵੇਗੀ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਉਕਤ ਜਾਣਕਾਰੀ ਦਿੰਦਿਆਂ ਇਹ ਵੀ ਕਿਹਾ ਕਿ ਸਰਕਾਰ ਇਸ ਸਬੰਧੀ ਬਿੱਲ ਸੰਸਦ ਦੇ ਸਰਦ ਰੁੱਤ ਇਜਲਾਸ 'ਚ ਪੇਸ਼ ਕਰੇਗੀ।

ਜ਼ਿਕਰਯੋਗ ਹੈ ਕਿ ਪੰਜਾਬ ਐਨਆਰਆਈ. ਕਮਿਸ਼ਨ ਦੇ ਸਾਬਕਾ ਪ੍ਰਧਾਨ ਜਸਟਿਸ ਅਰਵਿੰਦ ਗੋਇਲ ਦੀ ਅਗਵਾਈ ਹੇਠ 2016 'ਚ ਬਣੇ ਪੈਨਲ ਨੇ ਕਾਨੂੰਨ 'ਚ ਬਦਲਾਅ ਦੀ ਸਿਫ਼ਾਰਸ਼ ਕੀਤੀ ਸੀ। ਵਿਦੇਸ਼ ਮੰਤਰੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਸਬੰਧ 'ਚ ਬਿੱਲ ਦਾ ਖ਼ਾਕਾ ਤਿਆਰ ਕਰ ਲਿਆ ਗਿਆ ਹੈ ਅਤੇ ਛੇਤੀ ਹੀ ਇਸ ਨੂੰ ਮੰਤਰੀ ਮੰਡਲ ਕੋਲ ਭੇਜਿਆ ਜਾਵੇਗਾ। ਮੰਤਰਾਲੇ ਵਲੋਂ ਇਸ ਸਬੰਧ 'ਚ ਚੁੱਕੇ ਜਾਣ ਵਾਲੇ ਕਦਮਾਂ 'ਚ ਸਭ ਤੋਂ ਪਹਿਲਾਂ ਅਜਿਹੀ ਵੈੱਬਸਾਈਟ ਬਣਾਉਣ ਲਈ ਜਿਥੇ ਸੰਮਨ ਅਤੇ ਵਾਰੰਟ ਜਾਰੀ ਕੀਤੇ ਜਾਣਗੇ, ਜ਼ਾਬਤਾਏ ਫ਼ੌਜਦਾਰੀ ਤਰਮੀਮ ਕਰਨ ਦੀ ਲੋੜ ਪਵੇਗੀ, ਤਾਂ ਜੋ ਜ਼ਿਲ੍ਹਾ ਮੈਜਿਸਟ੍ਰੇਟ ਵੈੱਬਸਾਈਟ 'ਤੇ ਅਪਲੋਡ ਕੀਤੇ ਸੰਮਨ ਅਤੇ ਵਾਰੰਟਾਂ ਨੂੰ ਭਾਰਤੀ ਕਾਨੂੰਨ ਤਹਿਤ ਹਾਸਲ ਹੋਇਆ ਮੰਨਿਆ ਜਾ ਸਕੇ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਐਨ. ਆਰ. ਆਈ. ਵਿਆਹਾਂ ਸਬੰਧੀ ਦਿੱਕਤਾਂ ਨਾਲ ਨਜਿੱਠਣ ਸਬੰਧੀ ਮੁੱਦਿਆਂ 'ਤੇ ਕੀਤੀ ਪ੍ਰੈੱਸ ਕਾਨਫ਼ਰੰਸ 'ਚ ਕਿਹਾ ਕਿ ਵਿਦੇਸ਼ ਮੰਤਰਾਲਾ, ਕਾਨੂੰਨ ਮੰਤਰਾਲਾ, ਗ੍ਰਹਿ ਮੰਤਰਾਲਾ ਅਤੇ ਔਰਤਾਂ ਅਤੇ ਬੱਚਿਆਂ ਦੇ ਵਿਕਾਸ ਬਾਰੇ ਮੰਤਰਾਲਾ ਇਸ ਵੈੱਬਸਾਈਟ ਨੂੰ ਸ਼ੁਰੂ ਕਰਨ ਦੀ ਯੋਜਨਾ 'ਤੇ ਰਾਜ਼ੀ ਹੋ ਗਏ ਹਨ ਅਤੇ ਇਸ ਸਬੰਧੀ ਤਰਮੀਮ ਨੂੰ ਛੇਤੀ ਹੀ ਮੰਤਰੀ ਮੰਡਲ ਦੀ ਬੈਠਕ 'ਚ ਪ੍ਰਵਾਨਗੀ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਥੇ ਦੱਸਣਯੋਗ ਹੈ ਕਿ ਅਜੇ ਤੱਕ ਇਸ ਸਬੰਧ 'ਚ ਅਖ਼ਬਾਰਾਂ 'ਚ ਸੰਮਨ ਭੇਜੇ ਜਾਂਦੇ ਹਨ, ਜਿਸ ਨੂੰ ਐਨਆਰਆਈ. ਲਾੜੇ 'ਨਾ ਪੜ੍ਹਨ' ਦਾ ਹਵਾਲਾ ਦੇ ਕੇ ਇਸ ਦਾ ਜਵਾਬ ਨਹੀਂ ਦਿੰਦੇ। ਸਰਕਾਰ ਵਲੋਂ ਉਸ ਖ਼ਿਲਾਫ਼ ਕੋਈ ਵੀ ਕਾਨੂੰਨੀ ਕਾਰਵਾਈ ਸ਼ੁਰੂ ਕਰਨ 'ਚ ਸਭ ਤੋਂ ਵੱਡੀ ਰੁਕਾਵਟ ਉਸ ਨੂੰ ਨੋਟਿਸ ਭੇਜਣਾ ਹੀ ਹੁੰਦਾ ਹੈ, ਕਿਉਂਕਿ ਜ਼ਿਆਦਾਤਰ ਪ੍ਰਵਾਸੀ ਆਪਣੀ ਪਤਨੀ ਜਾਂ ਉਸ ਦੇ ਪਰਿਵਾਰ ਨੂੰ ਆਪਣਾ ਸਹੀ ਪਤਾ ਤੱਕ ਨਹੀਂ ਦੱਸਦੇ। ਇਸ ਤੋਂ ਪਹਿਲਾਂ ਚੁੱਕੇ ਕਦਮਾਂ 'ਚ ਸਰਕਾਰ ਨੇ ਜੂਨ 'ਚ ਇਹ ਐਲਾਨ ਵੀ ਕੀਤਾ ਸੀ ਕਿ ਭਾਰਤ 'ਚ ਵਿਆਹ ਕਰਵਾਉਣ ਵਾਲੇ ਐਨਆਰਆਈ.

ਬਾਕੀ ਸਫ਼ਾ 27 'ਤੇ

# ਜਦੋਂ ਸੇਵਾ ਕਰਨ ਦੀ ਸਿੱਖਿਆ ਨੇ ਅਮਲੀ ਜਾਮਾ ਪਹਿਨਿਆ





## *ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਲੱਗਿਆ ਗੁਰਮਤਿ ਸੇਵਾ ਸਿਖਲਾਈ ਕੈਂਪ*

**ਫਰੀਮੌਂਟ/ਬਿਊਰੋ ਨਿਊਜ਼ :**

ਸਿਖਰ ਦੁਪਹਿਰ ਵੇਲੇ ਜਦੋਂ ਤਾਪਮਾਨ ਵੀ ਆਪਣੇ ਸਿਖਰਾਂ ਤੇ ਸੀ, ਉਸ ਸਮੇਂ ਕੂੜੇ ਵਾਲਾ ਟਰੱਕ ਗੁਰਦੁਆਰਾ ਸਾਹਿਬ ਤੋਂ ਕੂੜਾ ਚੁੱਕਣ ਲਈ ਆਇਆ। 10 ਕੁ ਸਾਲ ਦਾ ਬੱਚਾ ਹੱਥ ਵਿੱਚ ਜੱਗ ਅਤੇ ਗਲਾਸ ਚੁੱਕੀ ਉਸ ਨੂੰ ਪਾਣੀ ਪਿਆ ਰਿਹਾ ਸੀ । ਆਪ ਜੀ ਦੇ ਮਨ ਵਿੱਚ ਪ੍ਰਸ਼ਨ ਪੈਦਾ ਹੋ ਰਿਹਾ ਹੋਵੇਗਾ ਕਿ ਉਸ ਬੱਚੇ ਨੂੰ ਖਿਆਲ ਕਿਵੇਂ ਆਇਆ ਕਿ ਟਰੱਕ ਚਾਲਕ ਨੂੰ ਪਿਆਸ ਲੱਗੀ ਹੋਵੇਗੀ। ਅਸਲ ਵਿੱਚ ਇਹ ਬੱਚਾ ਬਾਕੀ ਬੱਚਿਆਂ ਨਾਲ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਚੱਲ ਰਹੇ ਗੁਰਮਤਿ ਕੈਂਪ ਵਿੱਚ ਸੇਵਾ ਦੇ ਵਿਸ਼ੇ ਤੇ ਸਿਖਲਾਈ ਪ੍ਰਾਪਤ ਕਰ ਰਿਹਾ ਸੀ ਤੇ ਇਸ ਨੇ ਉਸ ਸਿੱਖਿਆ ਨੂੰ ਅਸਲੀ ਜਾਮਾ ਪਹਿਨਾਇਆ। ਇਸ ਕੈਂਪ ਵਿੱਚ, ਜੋ ਕਿ ਇੱਕ ਮਹੀਨਾ ਚੱਲਿਆ, ਬਾਕੀ ਬੱਚੇ ਵੀ ਸੇਵਾ ਕਰਦੇ ਦੇਖੇ ਗਏ, ਜਿਵੇਂ ਕਿ ਲੰਗਰ ਦੀ ਸੇਵਾ, ਬਰਤਨਾਂ ਦੀ ਸੇਵਾ । ਇੱਥੋਂ ਤੱਕ ਕਿ 8-9 ਸਾਲ ਦੇ ਬੱਚਿਆਂ ਨੇ ਬਾਥਰੂਮ ਵੀ ਸਾਫ਼ ਕੀਤੇ ।

ਇਸ ਕੈਂਪ ਦੇ ਸੰਚਾਲਕ ਇੱਥੋਂ ਦੇ ਜੰਮਪਲ ਯੁਵਕ ਹੀ ਸਨ ਜਿਹਨਾਂ ਨੇ ਛੋਟੀ ਉਮਰ ਵਿੱਚ ਆਪ ਇਹਨਾਂ ਕੈਂਪਾਂ ਵਿੱਚ ਸਿੱਖਿਆ ਪਰਾਪਤ ਕੀਤੀ । ਸ਼ਾਮ ਨੂੰ ਕੈਂਪ ਦੀ ਸਮਾਪਤੀ ਤੋਂ ਬਾਅਦ ਇਹ ਨੌਜਵਾਨ ਬੱਚੇ-ਬੱਚੀਆਂ ਸਾਫ਼ ਸਫ਼ਾਈ ਕਰ ਕੇ ਫਿਰ ਆਪਣੇ ਘਰਾਂ ਨੂੰ ਜਾਂਦੇ ਸਨ। ਕਲਾਸਾਂ ਦੇ ਸਮੇਂ ਦਾ ਵੇਰਵਾ, ਅਧਿਆਪਕਾਂ ਦੀ ਕਲਾਸ ਜਿੰਮੇਵਾਰੀ ਸਭ ਇਹ ਨੌਜਵਾਨ ਬੱਚੇ ਹੀ ਤਿਆਰ ਕਰਦੇ ਸਨ । ਲੰਗਰ ਬਣਾਉਣ ਅਤੇ ਵਰਤਾਉਣਾ ਵਿੱਚ ਵੀ ਇਹਨਾਂ ਨੇ ਅੱਗੇ ਹੋ ਕੇ ਸੇਵਾ ਕੀਤੀ।

ਇਸੇ ਤਰ੍ਹਾਂ ਇੱਕ ਮਹੀਨੇ ਦੇ ਇਸ ਕੈਂਪ ਵਿੱਚ ਵੱਖਰੇ-ਵੱਖਰੇ ਗੁਰਸਿੱਖ ਵੀਰਾਂ ਭੈਣਾਂ ਨੇ ਪੜ੍ਹਾਉਣ ਦੀ ਸੇਵਾ ਕੀਤੀ । ਭਾਈ ਸਰਬਜੀਤ ਸਿੰਘ ਗੋਬਿੰਦਪੁਰੀ, ਭਾਈ ਭੁਪਿੰਦਰ ਸਿੰਘ, ਬੀਬੀ ਜਪਨੀਤ ਕੌਰ, ਕਨੇਡਾ ਤੋਂ ਭਾਈ ਸੁਖਵਿੰਦਰ ਸਿੰਘ ਨੇ ਸੇਵਾ ਦੇ ਵਿਸ਼ੇ 'ਤੇ ਬੱਚਿਆਂ ਨੂੰ ਸਾਖੀਆਂ ਅਤੇ ਉਦਾਹਰਣਾਂ ਰਾਹੀਂ ਸੇਵਾ ਦਾ ਸੰਦਰਭ ਸਮਝਾਇਆ। ਨਾਲ ਦੀ ਨਾਲ ਭਾਈ ਗੁਰਾ ਸਿੰਘ, ਭਾਈ ਸਾਹਿਬ ਸਿੰਘ ਦਮਦਮੀ ਟਕਸਾਲ, ਬੀਬੀ ਪਵਨਜੋਤ ਕੌਰ ਤੇ ਬੀਬੀ ਕਿਰਨਜੋਤ ਕੌਰ ਨੇ ਗੁਰਬਾਣੀ ਦੀ ਸੰਥਿਆ ਦਿੱਤੀ ਜਿਸ ਵਿੱਚ ਨਿਤਨੇਮ, ਸੁਖਮਨੀ ਸਾਹਿਬ ਦੀਆਂ ਬਾਣੀਆਂ ਸਨ । ਬੱਚਿਆਂ ਨੇ ਗੁਰਬਾਣੀ ਕੰਠ ਕਰ ਕੇ ਵੀ ਸੁਣਾਈ । ਇੱਕ ਬੱਚੀ ਨੇ ਸੁਖਮਨੀ ਸਾਹਿਬ ਦੀਆਂ ਤਿੰਨ ਅਸਟਪਦੀਆਂ ਵੀ ਯਾਦ ਕੀਤੀਆਂ ।

ਹਰ ਸਾਲ ਦੀ ਤਰਾਂ ਬਾਬਾ ਜੋਗਿੰਦਰ ਸਿੰਘ ਜੀ ਨੇ ਕਨੇਡਾ ਤੋਂ ਆਪਣੀ ਟੀਮ ਸਮੇਤ ਆ ਕੇ ਕੈਂਪ ਦੇ ਅਖੀਰਲੇ ਹਫ਼ਤੇ ਦੀ ਵਾਗ-ਡੋਰ ਸੰਭਾਲੀ । ਕੈਂਪ ਦੇ ਅਖੀਰਲੇ ਦਿਨ ਬੱਚਿਆਂ ਨੂੰ ਪ੍ਰਮਾਣ ਪੱਤਰ ਅਤੇ ਇਨਾਮ ਵੀ ਵੰਡੇ ਗਏ । ਸਭ ਤੋਂ ਅੱਛੇ ਵਿਵਹਾਰ ਲਈ, ਜਲਦੀ ਗੁਰਮੁਖੀ ਸਿੱਖਣ ਵਾਲੇ ਨੂੰ ਅਤੇ ਹੋਰ ਵੱਖਰੀਆਂ ਵੱਖਰੀਆਂ ਸੂਚੀਆਂ ਵਿੱਚ ਖਾਸ ਇਨਾਮ ਦਿੱਤੇ ਗਏ। ਕੈਂਪ ਦੀ ਸਮਾਪਤੀ ਤੇ ਅੰਮ੍ਰਿਤ ਸੰਚਾਰ ਵਿਚ 30 ਤੋਂ ਵੱਧ ਪ੍ਰਾਣੀਆਂ, ਜਿਹਨਾਂ ਵਿੱਚ 8 ਬੱਚੇ ਵੀ ਸਨ, ਨੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ ਅਤੇ ਗੁਰੂ ਸਾਹਿਬ ਦੇ ਲੜ ਲੱਗੇ। ਆਖਿਰ ਵਿਚ ਫਰੀਮੌਂਟ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਫਰੀਮੌਂਟ ਖਾਲਸਾ ਸਕੂਲ ਦੇ ਸਮੂਹ ਸੇਵਾਦਾਰਾਂ ਵਲੋਂ ਸਾਰਿਆਂ ਹੀ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ, ਜਿਹਨਾਂ ਨੇ ਇਸ ਕੈਂਪ ਨੂੰ ਸਫਲ ਬਣਾਉਣ ਲਈ ਯੋਗਦਾਨ ਪਾਇਆ।

## ਪੰਜਾਬ ਦੀਆਂ ਕੁੜੀਆਂ ਨੂੰ ਦੁਬਈ 'ਚ ਵੇਚਣ ਦੇ ਧੰਦੇ ਦਾ ਪਰਦਾਫਾਸ਼

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਪੰਜਾਬ ਦੀਆਂ ਮੁਟਿਆਰਾਂ ਨੂੰ ਦੁਬਈ ਵਿਚ ਨੌਕਰੀ ਤੇ ਸੁਨਹਿਰੀ ਭਵਿੱਖ ਦਾ ਲਾਲਚ ਦੇ ਕੇ ਉੱਥੋਂ ਦੇ ਸ਼ੇਖਾਂ ਕੋਲ ਵੇਚਿਆ ਜਾ ਰਿਹਾ ਹੈ। ਇਸ ਗੱਲ ਦਾ ਖ਼ੁਲਾਸਾ ਦੁਬਈ ਦੇ ਸ਼ੇਖਾਂ ਦੇ ਚੁੰਗਲ ਵਿਚੋਂ ਮੁਸ਼ਕਲ ਨਾਲ ਆਪਣੀ ਜਾਨ ਬਚਾ ਕੇ ਘਰ ਪੁੱਜੀਆਂ ਜ਼ਿਲ੍ਹਾ ਤਰਨ ਤਾਰਨ ਦੀਆਂ ਤਿੰਨ ਕੁੜੀਆਂ ਨੇ ਕੀਤਾ ਹੈ।ਪੰਜਾਬੀ ਕੁੜੀਆਂ ਨੂੰ ਦੁਬਈ ਵੇਚਣ ਦੇ ਚਾਰ ਮਾਮਲੇ ਸਾਹਮਣੇ ਆਉਣ ਮਗਰੋਂ ਤਰਨ ਤਾਰਨ ਪੁਲਿਸ ਨੇ ਦੋ ਔਰਤਾਂ ਨੂੰ ਗ੍ਰਿਫਤਾਰ ਕੀਤਾ ਹੈ। ਅੰਮ੍ਰਿਤਸਰ ਦੇ ਆਈਜੀ ਐਸਪੀਐਸ ਪਰਮਾਰ ਤੇ ਤਰਨ ਤਾਰਨ ਦੇ ਐਸਐਸਪੀ ਦਰਸ਼ਨ ਸਿੰਘ ਮਾਨ ਨੇ ਦੱਸਿਆ ਕਿ ਪੁਲਿਸ ਨੇ ਇਸ ਮਾਮਲੇ 'ਤੇ ਛੇੜਛਾੜ ਤੇ ਮਨੁੱਖੀ ਤਸਕਰੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਤੋਂ ਇਲਾਵਾ ਕੇਰਲਾ ਨਿਵਾਸੀ ਇਬਰਾਹਿਮ ਨੂੰ ਗ੍ਰਿਫ਼ਤਾਰ ਕਰਨ ਲਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਟਵੀਟ ਕੀਤੇ ਜਾਣ ਮਗਰੋਂ ਪੰਜਾਬ ਸਰਕਾਰ ਤੇ ਪੁਲਿਸ ਹਰਕਤ ਵਿਚ ਆਈ। ਇਸ ਤੋਂ ਬਾਅਦ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਤਰਨ ਤਾਰਨ ਵਿਚ ਮਾਮਲਾ ਦਰਜ ਕੀਤਾ। ਇਸ ਤੋਂ ਬਾਅਦ ਪਿਛਲੇ ਚੌਵੀ ਘੰਟੇ ਵਿਚ ਪੁਲਿਸ ਨੇ ਮਾਂ-ਧੀ ਨੂੰ ਗ੍ਰਿਫਤਾਰ ਕੀਤਾ ਹੈ ਤੇ ਇਕ ਲੜਕੀ ਨੂੰ ਬਾਹਰ ਜਾਣ ਤੋਂ ਬਚਾਇਆ ਹੈ। ਹੁਣ ਤਕ ਲੜਕੀਆਂ ਨੂੰ ਧੋਖੇ ਨਾਲ ਵਿਦੇਸ਼ ਭੇਜਣ ਦੇ ਚਾਰ ਮਾਮਲੇ ਸਾਹਮਣੇ ਆ ਚੁੱਕੇ ਹਨ। ਕੁੜੀਆਂ ਨੇ ਦੱਸਿਆ ਕਿ ਪਿੰਡ ਪੰਡੋਰੀ ਗੋਲਾ ਦੀ ਇਕ ਮਹਿਲਾ ਏਜੰਟ ਨੇ ਉਨ੍ਹਾਂ ਨੂੰ ਦੁਬਈ ਵਿਚ ਕਿਸੇ ਪੰਜਾਬੀ ਪਰਿਵਾਰ ਦੇ ਘਰ ਬੱਚੇ ਦੀ ਦੇਖਭਾਲ ਕਰਨ ਬਦਲੇ ਚੰਗੀ ਤਨਖਾਹ ਦਿਵਾਉਣ ਦੇ ਲਾਲਚ ਵਿਚ ਦੁਬਈ ਭੇਜਿਆ ਸੀ। ਉਨ੍ਹਾਂ ਦੱਸਿਆ ਕਿ ਦੁਬਈ ਹਵਾਈ ਅੱਡੇ 'ਤੇ ਪਹੁੰਚਦਿਆਂ ਹੀ ਉਨ੍ਹਾਂ ਦੇ ਪਾਸਪੋਰਟ ਤੇ ਮੋਬਾਈਲ ਫੋਨ ਖੋਹ ਲਏ ਗਏ। ਪਹਿਲਾਂ ਦੋ ਦਿਨਾਂ ਤਕ ਉਨ੍ਹਾਂ ਨੂੰ ਬੰਦ ਕਮਰੇ

ਬਾਕੀ ਸਫ਼ਾ 27 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES
01 ਅਗਸਤ 2018 ਤੋਂ 07 ਅਗਸਤ 2018

### ਪੰਜਾਬ ਤੇ ਪਰਵਾਸ

# ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥

ਜੇਕਰ ਮਨੁੱਖੀ ਇਤਿਹਾਸ ਉਤੇ ਨਜ਼ਰ ਮਾਰੀ ਜਾਵੇ ਤਾਂ ਦੁਨੀਆ ਭਰ ਵਿਚ ਲੋਕਾਂ ਦੇ ਆਦਿ ਕਾਲ ਤੋਂ ਹੀ ਇਕ ਤੋਂ ਦੂਜੀ ਥਾਂ ਜਾ ਕੇ ਵੱਸਣ ਦੇ ਹਵਾਲੇ ਮਿਲਦੇ ਹਨ। ਵਿਗਿਆਨ ਤਾਂ ਇਹ ਵੀ ਮੰਨਦੀ ਹੈ ਕਿ ਮਨੁੱਖਾਂ ਵਾਂਗ ਜੀਵ-ਜੰਤੂ ਤੇ ਪੰਛੀ ਵੀ ਇਕ ਤੋਂ ਦੂਜੀ ਥਾਂ ਚੰਗੀ ਜ਼ਿੰਦਗੀ ਦੀ ਆਸ ਵਿਚ ਪਰਵਾਸ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਇਹ ਇਕ ਕੁਦਰਤੀ ਵਰਤਾਰਾ ਹੈ। ਪੰਜਾਬੀਆਂ ਤੇ ਪਰਵਾਸ ਦਾ ਵੀ ਗੂੜ੍ਹਾ ਰਿਸ਼ਤਾ ਹੈ। ਜੇ ਬਹੁਤਾ ਪਿੱਛੇ ਨਾ ਜਾਈਏ ਤਾਂ ਸਾਡੇ ਬਜ਼ੁਰਗਾਂ ਦੇ ਸਮੇਂ ਤੋਂ ਪੰਜਾਬੀਆਂ ਦਾ ਰੋਜ਼ੀ-ਰੋਟੀ ਲਈ ਵਿਦੇਸ਼ਾਂ ਵੱਲ ਜਾਣਾ ਇਕ ਆਮ ਵਰਤਾਰਾ ਸੀ। ਸਾਡੇ ਸੱਭਿਆਚਾਰ ਵਿਚ ਬਹੁਤ ਸਾਰੀਆਂ ਲੋਕ ਬੋਲੀਆਂ ਤੇ ਲੋਕ ਅਖਾਣ ਪਰਦੇਸ ਜਾ ਕੇ ਵੱਸਣ ਦੇ ਹੇਰਵਿਆਂ ਨਾਲ ਭਰੇ ਪਏ ਹਨ। "ਨਾ ਜਾਈਂ ਬਰਮਾ ਨੂੰ ਲੇਖ ਜਾਣਗੇ ਨਾਲੇ", "ਪੰਛੀਆਂ ਤੇ ਪਰਦੇਸੀਆਂ ਦਾ ਹੁੰਦਾ ਨਹੀਂ ਠਿਕਾਣਾ" ਅਤੇ "ਪਰਦੇਸੀ ਨਾਲ ਨਾ ਨੇਹੁ ਲਗਾਇਓ" ਵਰਗੇ ਲੋਕ ਗੀਤ ਤੇ ਅਖਾਣ ਪੰਜਾਬੀਆਂ ਦੇ ਨਿਰੰਤਰ ਦੂਰ ਦੇਸ਼ਾਂ ਨੂੰ ਪਰਵਾਸ ਕਰਨ ਦੀ ਗਵਾਹੀ ਭਰਦੇ ਹਨ। ਅਜੋਕੇ ਸਮੇਂ ਵਿਚ ਪਰਵਾਸ ਨੂੰ ਕੁਝ ਹੋਰ ਨਜ਼ਰੀਏ ਨਾਲ ਵੀ ਲਿਆ ਜਾਣ ਲੱਗਾ ਹੈ। ਹੁਣ ਪਰਵਾਸ ਦਾ ਆਧਾਰ ਆਰਥਿਕ ਤੇ ਵਿਗੜੇ ਸਿਆਸੀ ਹਾਲਾਤ ਹੋਣ ਦੇ ਨਾਲ-ਨਾਲ ਇਹ ਇਕ ਗਹਿਰੀ ਸਾਜ਼ਿਸ਼ ਵੀ ਹੋ ਸਕਦਾ ਹੈ। ਇਜ਼ਰਾਇਲ ਤੇ ਫਲਸਤੀਨ ਦੀ ਉਦਾਹਰਣ ਸਭ ਦੇ ਸਾਹਮਣੇ ਹੈ। ਅਰਬਾਂ ਦੀ ਧਰਤੀ ਉਤੇ ਇਕ ਰਣਨੀਤੀ ਨਾਲ ਯਹੂਦੀ ਬਸਤੀਆਂ ਵਸਾ ਕੇ ਉਥੋਂ ਦੇ ਮੂਲ ਨਿਵਾਸੀਆਂ ਨੂੰ ਖਦੇੜਿਆਂ ਗਿਆ ਹੈ। ਪੰਜਾਬ ਵਿਚ ਇਥੋਂ ਦੇ ਬਾਸ਼ਿੰਦਿਆਂ ਦਾ ਯੂਰਪ, ਅਮਰੀਕਾ ਤੇ ਹੋਰ ਮੁਲਕਾਂ ਵੱਲ ਅੰਧਾਧੁੰਦ ਪਰਵਾਸ ਅਤੇ ਭਾਰਤ ਦੇ ਹਿੰਦੀ ਭਾਸ਼ਾਈ ਰਾਜਾਂ ਤੋਂ ਪੰਜਾਬ ਵੱਲ ਆ ਰਹੀਆਂ ਵਹੀਰਾਂ ਨੇ ਇਸ ਧਰਤੀ 'ਤੇ ਨਵੀਆਂ ਪੇਚੀਦਗੀਆਂ ਪੈਦਾ ਹੋ ਜਾਣ ਦਾ ਸੰਕੇਤ ਦੇ ਦਿੱਤਾ ਹੈ, ਜਿਸ ਦੇ ਗਹਿਰੇ ਰਾਜਨੀਤਿਕ ਅਰਥ ਹਨ। ਪੰਜਾਬ ਵਿਚ ਬੇਰੁਜ਼ਗਾਰੀ ਤੇ ਨਸ਼ਿਆਂ ਦੇ ਮੁੱਦੇ ਉਤੇ ਬਹਿਸ ਛਿੜੀ ਹੋਈ ਹੈ ਪਰ ਪੰਜਾਬੀ ਵਿਦਿਆਰਥੀਆਂ ਦਾ ਚੁੱਪ-ਚੁਪੀਤੇ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ ਕੋਈ ਬਹੁਤਾ ਨੋਟਿਸ ਵਿਚ ਹੀ ਨਹੀਂ ਹੈ। ਤਾਜ਼ਾ ਖਬਰਾਂ ਅਨੁਸਾਰ ਇਸ ਸਾਲ ਲੱਗਭੱਗ ਡੇਢ ਲੱਖ ਵਿਦਿਆਰਥੀਆਂ ਦਾ ਵਿਦੇਸ਼ਾਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਾਖਲਾ ਹੋਇਆ ਹੈ। ਇਹ ਅੰਕੜੇ ਸਿਰਫ ਵਿਦਿਆਰਥੀਆਂ ਦੇ ਹਨ, ਵਰਕ ਪਰਮਿਟਾਂ ਰਾਹੀਂ, ਵਿਆਹ ਦੇ ਆਧਾਰ 'ਤੇ, ਬਲੱਡ ਰਿਲੇਸ਼ਨਜ਼ ਤਹਿਤ ਅਤੇ ਗੈਰਕਾਨੂੰਨੀ ਤੌਰ 'ਤੇ ਪੰਜਾਬ ਤੋਂ ਵਿਦੇਸ਼ਾਂ ਵਿਚ ਦਾਖ਼ਲੇ ਦੀ ਗਿਣਤੀ ਵੱਖਰੀ ਹੈ। ਅਨੁਮਾਨ ਮੁਤਾਬਕ ਵਿਦੇਸ਼ ਜਾ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਪਹਿਲੇ ਸਾਲ ਲਈ 15 ਤੋਂ 22 ਲੱਖ ਰੁਪਏ ਦੀ ਲਾਗਤ ਆਉਂਦੀ ਹੈ।ਇਸ ਤਰ੍ਹਾਂ ਸਿੱਖਿਆ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀ ਹਰ ਸਾਲ ਪੰਜਾਬ ਵਿਚੋਂ 27000 ਕਰੋੜ ਰੁਪਇਆ ਵੀ ਨਾਲ ਹੀ ਲੈ ਜਾਂਦੇ ਹਨ। ਪੈਸੇ ਨਾਲੋਂ ਵੀ ਵੱਧ ਬੇਸ਼ਕੀਮਤੀ ਉਜਵਲ ਦਿਮਾਗਾਂ ਦੀ ਵਿਦੇਸ਼ਾਂ ਵੱਲ ਹਿਜ਼ਰਤ ਬਹੁਤ ਭਿਆਲਕ ਨਤੀਜੇ ਲਿਆਉਣ ਵਾਲੀ ਹੈ। ਪਹਿਲਾਂ ਜੋ ਲੋਕ ਪੰਜਾਬ ਤੋਂ ਵਿਦੇਸ਼ ਜਾਂਦੇ ਸਨ, ਉਹ ਉਥੇ ਕਮਾਈ ਕਰ ਕੇ ਪੈਸਾ ਪੰਜਾਬ ਭੇਜਦੇ ਸਨ। ਹੁਣ ਇਹ ਰੁਝਾਨ ਵੀ ਖਤਮ ਹੀ ਹੋ ਗਿਆ ਹੈ। ਹੁਣ ਵਿਦੇਸ਼ਾਂ ਵਿਚ ਪੱਕੇ ਤੌਰ 'ਤੇ ਵੱਸਣ ਦੀ ਰੀਝ ਨੇ ਸਗੋਂ ਇਥੋਂ ਦੇ ਆਸਾਸੇ ਵੀ ਵੇਚ ਵੱਟ ਕੇ ਨਾਲ ਲੈ ਜਾਣ ਦੀ ਪਿਰਤ ਪਾਈ ਹੈ। ਇਕ ਜਾਂ ਦੋ ਪੀੜ੍ਹੀਆਂ ਪਹਿਲਾਂ ਵਿਦੇਸ਼ਾਂ ਤੋਂ ਪੰਜਾਬ ਆਇਆ ਸਰਮਾਇਆ ਵੀ ਵਾਪਸ ਹੋ ਰਿਹਾ ਹੈ ਕਿਉਂਕਿ ਵਿਦੇਸ਼ ਗਏ ਪੰਜਾਬੀਆਂ ਦੇ ਬੱਚਿਆਂ ਦਾ ਪੰਜਾਬ ਨਾਲੋਂ ਨਾਤਾ ਟੁੱਟ ਗਿਆ ਹੈ ਯੂਰਪ ਦੇ ਦੇਸ਼ਾਂ ਲਈ ਬਾਹਰੋ ਪਰਵਾਸ ਇਕ ਲਾਹੇਵੰਦ ਸੌਦਾ ਬਣ ਗਿਆ ਹੈ। ਵਿਦੇਸ਼ੀ ਵਿਦਿਆਰਥੀਆਂ ਲਈ ਧੜਾਧੜ ਕਾਲਜ ਖੋਲ੍ਹਣ ਦੀ ਹੋੜ੍ਹ ਮੱਚੀ ਹੋਈ ਹੈ, ਜਦਕਿ ਇਨ੍ਹਾਂ ਦੇਸ਼ਾਂ ਦੇ ਸ਼ਾਸਕ ਬਾਖੂਬੀ ਜਾਣਦੇ ਹਨ ਕਿ ਬਾਹਰੋਂ ਵਿਦਿਆਰਥੀਆਂ ਦੇ ਰੂਪ ਵਿਚ ਆ ਰਹੇ ਬਹੁਤਿਆਂ ਦਾ ਅਸਲ ਸੱਚ ਪੜ੍ਹਾਈ ਕਰਨਾ ਨਹੀਂ ਹੈ। ਇਸ ਸਾਲ ਪੰਜਾਬ ਦੇ 1.25 ਲੱਖ ਵਿਦਿਆਰਥੀਆਂ ਨੇ ਪੜ੍ਹਾਈ ਲਈ ਕੈਨੇਡਾ ਜਾਣ ਦੀ ਦੀ ਚੋਣ ਕੀਤੀ, 25 ਹਜ਼ਾਰ ਨੇ ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ ਅਤੇ ਬ੍ਰਿਟੇਨ ਨੂੰ ਚੁਣਿਆ। ਸਾਫ ਜ਼ਾਹਰ ਹੈ ਕਿ ਜਿੱਥੇ ਹਮੇਸ਼ਾ ਲਈ ਵੱਸਣ ਵਾਸਤੇ ਕਾਨੂੰਨ ਅਤੇ ਨੀਤੀਆਂ ਕਾਫ਼ੀ ਸਖ਼ਤ ਹਨ, ਉਥੇ ਪੜ੍ਹਨ ਜਾਣ ਵਾਲਿਆਂ ਦੀ ਗਿਣਤੀ ਵੀ ਥੋੜ੍ਹੀ ਹੈ।ਵਿਦਿਆਰਥੀਆਂ ਲਈ ਕੈਨੇਡੀਅਨ ਵੀਜ਼ੇ ਦੀ ਸਹੂਲਤ ਦੇਣ ਵਿਚ ਰੁੱਝੇ ਹੋਏ ਟ੍ਰੈਵਲ ਏਜੰਟਾਂ ਦਾ ਕਹਿਣਾ ਹੈ ਕਿ ਇਹ ਰੁਝਾਨ ਸੰਨ 2016 ਤੋਂ ਹੋਰ ਵਧ ਗਿਆ ਹੈ। ਸੰਨ 2016 ਵਿਚ ਪੰਜਾਬ ਦੇ ਕਰੀਬ 75,000 ਵਿਦਿਆਰਥੀ ਬਾਹਰ ਗਏ ਸਨ। ਇਸ ਸਾਲ ਜਿਹੜੇ 4.94 ਲੱਖ ਵਿਦਿਆਰਥੀਆਂ ਨੇ ਵਿਦੇਸ਼ ਜਾਣ ਲਈ ਰਜਿਸਟ੍ਰੇਸ਼ਨ ਕਰਵਾਈ ਹੈ, ਇਨ੍ਹਾਂ ਵਿੱਚੋਂ ਲਗਭਗ 1.25 ਲੱਖ ਪੰਜਾਬੀ ਹਨ। ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਪੰਜਾਬ ਤੋਂ ਹੋਣਹਾਰ ਵਿਦਿਆਰਥੀਆਂ ਦੇ ਰੂਪ ਵਿਚ ਅਤੇ ਪੈਸੇ ਦੇ ਰੂਪ ਵਿਚ ਬਾਹਰ ਜਾ ਰਹੇ ਸਰਮਾਏ ਨੂੰ ਚਿੰਤਾ ਦਾ ਕਾਰਨ ਦੱਸਿਆ ਹੈ। ਮੰਤਰੀ ਨੇ ਪੰਜਾਬੀਆਂ ਦੇ ਵਿਦੇਸ਼ ਜਾਣ ਦੇ ਰੁਝਾਨ ਕਾਰਨ ਗੈਰਕਾਨੂੰਨੀ ਟਰੈਵਲ ਏਜੰਟਾਂ ਰਾਹੀਂ ਪੰਜਾਬ ਨੂੰ ਇਕ ਸਾਲ ਵਿਚ ਘੱਟੋ ਘੱਟ 20,000 ਕਰੋੜ ਰੁਪਏ ਦੇ ਨੁਕਸਾਨ ਦਾ ਜ਼ਿਕਰ ਵੀ ਕੀਤਾ ਹੈ।ਪੰਜਾਬ ਤੋਂ ਵਿਦੇਸ਼ਾਂ ਵੱਲ ਜਾ ਰਹੇ ਵਿਦਿਆਰਥੀਆਂ ਦੇ ਰੁਝਾਨ ਨੂੰ ਕਈ ਪੱਖਾਂ ਤੋਂ ਦੇਖਣ ਤੇ ਸਮਝਣ ਦੀ ਕੋਸ਼ਿਸ਼ ਹੋਈ ਹੈ। ਆਪਣੀ ਆਰਥਿਕ ਦਸ਼ਾ ਸੁਧਾਰਨ ਜਾਂ ਬਿਹਤਰ ਜ਼ਿੰਦਗੀ ਜਿਉਣ ਦੀ ਚਾਹਤ ਦਾ ਪਰਵਾਸ ਪਿਛਲਾ ਕਾਰਨ ਤਾਂ ਜੱਗ ਜ਼ਾਹਰ ਹੈ ਪਰ ਕੁਝ ਹੋਰ ਮਨੋਵਿਗਿਆਨਕ ਤੇ ਰਾਜਨੀਤਿਕ ਪੱਖ ਵੀ ਹਨ, ਜੋ ਪੰਜਾਬੀਆਂ ਖਾਸ ਕਰਕੇ ਸਿੱਖ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਪਰਵਾਸ ਕਰਨ ਦੇ ਡੂੰਘੇ ਤੇ ਅਣਦਿਸਦੇ ਕਾਰਨ ਹਨ। ਤਿੰਨ ਦਹਾਕੇ ਪਹਿਲਾਂ ਪੰਜਾਬ ਵਿਚ ਸਰਕਾਰੀ ਜਬਰ ਦੀ ਝੁੱਲੀ ਹਨੇਰੀ ਨੇ ਬਹੁਤ ਸਾਰੇ ਸਿੱਖ ਨੌਜਵਾਨਾਂ ਨੂੰ ਘਰੋਂ ਬੇਘਰ ਕੀਤਾ ਸੀ। ਮੌਤ ਨਾਲੋਂ ਜ਼ਿੰਦਗੀ ਨੂੰ ਤਰਜੀਹ ਦਿੰਦਿਆਂ ਮਾਪਿਆਂ ਨੇ ਹੱਥੀਂ ਆਪਣੇ ਪੁੱਤਰਾਂ ਨੂੰ ਏਜੰਟਾਂ ਰਾਹੀਂ ਲੱਖਾਂ ਰੁਪਏ ਦੇ ਕੇ ਪਰਦੇਸਾਂ ਵੱਲ ਤੋਰਿਆ ਸੀ। ਅੱਜ ਵੀ ਬਹੁਤ ਸਾਰੇ ਖਾਂਦੇ-ਪੀਂਦੇ ਘਰਾਂ ਦੇ ਬੱਚੇ ਭਾਰਤ ਦੇ ਸਿਆਸੀ ਤੇ ਸਮਾਜਕ ਹਾਲਾਤ ਤੋਂ ਤੰਗ ਆ ਕੇ ਵਿਦੇਸ਼ ਜਾ ਕੇ ਵੱਸਣ ਨੂੰ ਤਰਜੀਹ ਦੇ ਰਹੇ ਹਨ। ਕਈ ਵਿਦਵਾਨਾਂ ਅਤੇ ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਸੰਨ 1984 ਤੇ ਬਾਅਦ ਦੀ ਕਤਲੋਗਾਰਤ ਨਾਲ ਸਿੱਖਾਂ ਦੇ ਅੰਤਰੀਵ ਮਨ ਵਿਚ ਪੈਦਾ ਹੋਇਆ ਬੇਗਾਨਗੀ ਦਾ ਅਹਿਸਾਸ ਵੀ ਪੰਜਾਬ ਤੋਂ ਵੱਡੀ ਗਿਣਤੀ ਵਿਚ ਵਿਦੇਸ਼ਾਂ ਵੱਲ ਪਰਵਾਸ ਦਾ ਇਕ ਅਹਿਮ ਕਾਰਨ ਰਿਹਾ ਹੈ। ਇਸ ਪ੍ਰਥਾਇ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ 'ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥' ਦੀਆਂ ਰੂਹਾਨੀ ਤੁਕਾਂ ਦਾ ਜ਼ਿਕਰ ਸਾਡੀ ਦੁਨਿਆਵੀ ਜ਼ਿੰਦਗੀ ਦੇ ਅਜਿਹੇ ਮੋੜਾਂ ਉਤੇ ਰਾਹ ਦਿਸੇਰਾ ਬਣ ਜਾਂਦਾ ਹੈ। ਮਨ ਦੀ ਘੋਰ ਉਦਾਸੀ ਦੇ ਆਲਮ ਵਿਚ ਉਸ ਦੇਸ਼ ਦੇ ਪਰਾਇਆ ਹੋ ਜਾਣ ਦੀ ਟੀਸ ਸਿੱਖਾਂ ਲਈ ਸ਼ਾਇਦ ਕੁਝ ਜ਼ਿਆਦਾ ਚੁਭਵੀਂ ਤੇ ਮਾਰੂ ਸਾਬਤ ਹੁੰਦੀ ਹੈ, ਜਿਸ ਦੇਸ਼ ਵਾਸਤੇ ਉਨ੍ਹਾਂ ਨੇ ਕਦੇ ਕਿੰਨੇ ਹੀ ਲਹੂ ਦੇ ਦਰਿਆ ਪਾਰ ਕੀਤੇ ਹੋਣ। ਪੰਜਾਬ ਤੋਂ ਵਿਦੇਸ਼ਾਂ ਵਿਚ ਜਾ ਵਸੇ ਲੋਕਾਂ ਦਾ ਮਨ ਸ਼ਾਇਦ ਤਾਂ ਹੀ ਪੰਜਾਬ ਲਈ ਲੋਚਦਾ ਰਹਿੰਦਾ ਹੈ, ਕਿ ਉਹ ਆਪਣੇ ਦੇਸ਼ ਨੂੰ ਕਿਸੇ ਚਾਅ ਵਿਚ ਅਲਵਿਦਾ ਨਹੀਂ ਕਹਿ ਕੇ ਗਏ। ਨਿਰਸੰਦੇਹ ਗਰੀਬੀ, ਬੇਰੁਜ਼ਗਾਰੀ, ਬੇਗਾਨਗੀ ਤੇ ਰਹਿਣ ਦੀਆਂ ਮਾੜੀਆਂ ਹਾਲਤਾਂ ਕਾਰਨ ਪੰਜਾਬ ਤੋਂ ਵਿਦੇਸ਼ਾਂ ਵੱਲ ਹੋ ਰਹੇ ਪਰਵਾਸ ਨੇ ਜੋ ਰਫਤਾਰ ਫੜੀ ਹੈ, ਆਉਣ ਵਾਲੇ ਸਮੇਂ ਵਿਚ ਇਸ ਦੇ ਗੰਭੀਰ ਸਿਆਸੀ ਨਤੀਜੇ ਸਾਹਮਣੇ ਆਉਣਗੇ। ਜੇ ਇਹੋ ਹਾਲਾਤ ਰਹੇ ਤਾਂ ਪ੍ਰੋ. ਪੂਰਨ ਸਿੰਘ ਦੀਆਂ "ਪੰਜਾਬ ਸਾਰਾ ਵਸਦਾ ਗੁਰਾਂ ਦੇ ਨਾਂ 'ਤੇ" ਦੀਆਂ ਸਤਰਾਂ ਕਿਤਾਬਾਂ ਵਿਚ ਹੀ ਪੜ੍ਹਨ ਨੂੰ ਮਿਲਣਗੀਆਂ।

# ਬਰਗਾੜੀ ਮੋਰਚਾ : ਕੀ ਪੰਜਾਬ ਸਰਕਾਰ ਬਿਨਾ ਤੀਰ ਚਲਾਇਆਂ ਹੀ ਨਿਸ਼ਾਨਾ ਫੁੰਡਣਾ ਚਾਹੁੰਦੀ ਹੈ ?



**ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਬਾਰੇ ਸਰਕਾਰ ਪੂਰੀ ਤਰ੍ਹਾਂ ਚੁੱਪ ਹੈ। ਲਗਦਾ ਹੈ ਕਿ ਮੋਰਚੇ ਦੇ ਪਰਬੰਧਕ ਵੀ ਇਸ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਪੜਤਾਲ ਰਾਹੀਂ ਹੀ ਕੋਈ ਗੱਲ ਅੱਗੇ ਤੁਰਨ ਦੀ ਉਮੀਦ ਕਰ ਰਹੇ ਹਨ ਕਿਉਂਕਿ ਉਨ੍ਹਾਂ ਵੱਲੋਂ ਵੀ ਇਸ ਬਾਰੇ ਸਰਕਾਰ ਉੱਤੇ ਸਿੱਧਾ ਦਬਾਅ ਨਹੀਂ ਬਣਾਇਆ ਜਾ ਰਿਹਾ।**

**ਪਰਮਜੀਤ ਸਿੰਘ**
(ਲੇਖਕ ਸਿੱਖ ਸਿਆਸਤ ਦਾ ਸੰਪਾਦਕ ਹੈ)।

ਭਾਈ ਧਿਆਨ ਸਿੰਘ ਮੰਡ ਨੇ ਚੱਬਾ (ਤਰਨਤਾਰਨ) ਦੇ ਪੰਥਕ ਇਕੱਠ ਵਿੱਚ ਐਲਾਨੇ ਗਏ ਹੋਰਨਾਂ ਜਥੇਦਾਰ ਸਾਹਿਬਾਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ) ਤੇ ਯੁਨਾਇਟਡ ਅਕਾਲੀ ਦਲ ਨਾਲ ਰਲ ਕੇ 1 ਜੂਨ 2018 ਤੋਂ ਬਰਗਾੜੀ ਵਿਖੇ 'ਇਨਸਾਫ ਮੋਰਚਾ' ਲਾਇਆ ਹੋਇਆ ਹੈ। ਬਰਗਾੜੀ ਪਿੰਡ ਦੀ ਮੰਡੀ ਵਿਚ ਧਰਨੇ ਦੇ ਰੂਪ ਵਿਚ ਚੱਲ ਰਹੇ ਇਸ ਮੋਰਚੇ ਦੇ ਪਰਬੰਧਕਾਂ ਵੱਲੋਂ ਸਰਕਾਰ ਅੱਗੇ ਇਹ ਮਸਲੇ ਮੰਗਾਂ ਦੇ ਰੂਪ ਵਿਚ ਰੱਖੇ ਗਏ ਹਨ - ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਅਤੇ ਬਹਿਬਲ ਕਲਾਂ ਵਿਚ ਗੋਲੀ ਚਲਾ ਕੇ ਸਿੱਖਾਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਵਾਲਿਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇ; ਦੂਜਾ, ਜਸਟਿਸ (ਸਾਬਕਾ) ਰਣਜੀਤ ਸਿੰਘ ਕਮਿਸ਼ਨ ਦੇ ਜਾਂਚ ਲੇਖੇ ਨੂੰ ਜਨਤਕ ਕੀਤਾ ਜਾਵੇ ਅਤੇ ਤੀਜਾ, ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘ ਰਿਹਾਅ ਕੀਤੇ ਜਾਣ ਤੇ ਦੂਜੇ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਕੈਦ ਬੰਦੀ ਸਿੰਘਾਂ ਨੂੰ ਪੰਜਾਬ ਤਬਦੀਲ ਕੀਤਾ ਜਾਵੇ।

ਮੋਰਚੇ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਪੰਜਾਬ ਸਰਕਾਰ ਨੇ ਧਰਨੇ ਦੇ ਪਰਬੰਧਕਾਂ ਨਾਲ ਗੱਲਬਾਤ ਦੀ ਤੰਦ ਛੇੜ ਲਈ ਸੀ। ਸਰਕਾਰ ਵੱਲੋਂ ਵਜ਼ੀਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਗੱਲਬਾਤ ਕਰਦੇ ਆ ਰਹੇ ਹਨ। ਅਖਬਾਰਾਂ ਵਿਚ ਛਪੇ ਬਿਆਨਾਂ ਮੁਤਾਬਕ ਉਹ ਕਈ ਵਾਰ ਮੋਰਚੇ ਦੇ ਪਰਬੰਧਕਾਂ ਦੀਆਂ ਸਾਰੀਆਂ ਮੰਗਾਂ ਮੰਨ ਲਏ ਜਾਣ ਦਾ ਦਾਅਵਾ ਕਰ ਚੁੱਕੇ ਹਨ। ਉਂਝ ਉਹ ਇਹ ਵੀ ਕਹਿੰਦੇ ਆ ਰਹੇ ਹਨ ਕਿ ਉਹਨਾਂ ਦਾ ਕੰਮ ਸਰਕਾਰ ਤੱਕ ਮੋਰਚੇ ਦੇ ਪਰਬੰਧਕਾਂ ਦੀਆਂ ਮੰਗਾਂ ਪਹੁੰਚਾਉਣਾ ਹੈ ਤੇ ਆਖਰੀ ਫੈਸਲਾ 'ਕੈਪਟਨ ਸਾਬ' ਨੇ ਕਰਨਾ ਹੈ। ਸਰਕਾਰ ਵੱਲੋਂ ਕਈ ਵਾਰ ਪਰਬੰਧਕਾਂ ਨੂੰ ਮੋਰਚਾ ਚੁੱਕ ਲੈਣ ਲਈ ਵੀ ਕਿਹਾ ਜਾ ਚੁੱਕਾ ਹੈ। ਜਦੋਂ ਪੰਜਾਬ ਸਰਕਾਰ ਨੇ ਰਾਜਸਥਾਨ ਦੀ ਜੇਲ੍ਹ ਵਿੱਚ ਕੈਦ ਭਾਈ ਹਰਨੇਕ ਸਿੰਘ ਭੱਪ ਦੀ ਜੇਲ੍ਹ ਤਬਦੀਲੀ ਲਈ ਰਾਜਸਥਾਨ ਸਰਕਾਰ ਨੂੰ ਸਹਿਮਤੀ (ਨੋ ਅਬਜੈਕਸ਼ਨ) ਭੇਜੀ ਸੀ ਉਦੋਂ ਵੀ ਸਰਕਾਰ ਦੀ ਇਹ ਕੋਸ਼ਿਸ਼ ਸੀ ਕਿ ਇਸ ਦੇ ਹਵਾਲੇ ਨਾਲ ਧਰਨਾ ਚੁਕਵਾ ਦਿੱਤਾ ਜਾਵੇ। ਹਾਲ ਦੀ ਘੜੀ ਤਕ ਮੋਰਚੇ ਦੇ ਪਰਬੰਧਕ ਆਪਣੇ ਧਰਨੇ ਨੂੰ ਜਾਰੀ ਰੱਖ ਰਹੇ ਹਨ ਤੇ ਸਰਕਾਰ ਨਾਲ ਉਨ੍ਹਾਂ ਦੀ ਗੱਲਬਾਤ ਲਗਾਤਾਰ ਹੁੰਦੀ ਆ ਰਹੀ ਹੈ। ਮੋਰਚਾ ਆਪਸੀ ਤਾਲਮੇਲ ਤੇ ਸੁਖਾਵੇਂ ਮਾਹੌਲ ਵਿਚ ਚੱਲ ਰਿਹਾ ਹੈ। ਪੰਜਾਬ ਸਰਕਾਰ ਵੀ ਇਸ ਮਾਮਲੇ ਵਿਚ ਕੋਈ ਸਖਤੀ ਕਰਨ ਦੇ ਰੌਂਅ ਵਿੱਚ ਨਹੀਂ ਹੈ ਕਿਉਂਕਿ ਇਕ ਤਾਂ ਸੰਨ 2015 ਵਿਚ ਬੇਅਦਬੀ ਮਾਮਲਿਆਂ ਕਾਰਨ ਪੰਜਾਬ ਵਿਚ ਬਣੇ ਹਾਲਾਤ ਸਰਕਾਰ ਦੇ ਧਿਆਨ ਵਿੱਚ ਹਨ ਤੇ ਦੂਜਾ ਮੋਰਚੇ ਦੇ ਪਰਬੰਧਕਾਂ ਵੱਲੋਂ ਵੀ ਅਜਿਹਾ ਕੋਈ ਕਦਮ ਨਹੀਂ ਚੁੱਕਿਆ ਗਿਆ ਜਿਸ ਨਾਲ ਸਰਕਾਰ ਨੂੰ ਇਸ ਬਾਬਤ ਕੋਈ ਪ੍ਰਸ਼ਾਸਨਕ ਕਾਰਵਾਈ ਕਰਨ ਬਾਰੇ ਸੋਚਣਾ ਪਵੇ; ਤੀਜਾ ਬੇਅਦਬੀ ਮਾਮਲੇ ਵਿੱਚ ਵਿਰੋਧੀ ਧਿਰ ਸ਼੍ਰੋ.ਅ.ਦ. (ਬਾਦਲ) ਨਿਸ਼ਾਨੇ 'ਤੇ ਹੈ ਖੁਦ ਕਾਂਗਰਸ ਨਹੀਂ।

ਜਿੱਥੋਂ ਤੱਕ ਮੋਰਚੇ ਦੀਆਂ ਮੰਗਾਂ ਵਜੋਂ ਪੇਸ਼ ਕੀਤੇ ਜਾ ਰਹੇ ਤਿੰਨਾਂ ਮਸਲਿਆਂ ਦੀ ਗੱਲ ਹੈ ਤਾਂ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ 1 ਜੂਨ 2015 ਨੂੰ ਗੁਰੂ ਗਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਤੇ ਮੁੜ 12 ਅਕਤੂਬਰ 2015 ਨੂੰ ਬਰਗਾੜੀ ਵਿਖੇ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਦੀ ਬੇਅਦਬੀ ਕਰਨ ਦਾ ਮਾਮਲਾ ਇਸ ਸਾਲ ਦੇ ਸ਼ੁਰੂ ਵਿਚ ਹੀ ਹੱਲ ਤਕ ਪਹੁੰਚਣ ਦੀਆਂ ਖਬਰਾਂ ਸਨ। ਕਥਿਤ 'ਟਾਰਗਟ ਕਿਲਿੰਗ' ਦੇ ਮਾਮਲਿਆਂ ਵਾਂਗ ਮੁੱਖ ਮੰਤਰੀ ਵੱਲੋਂ ਆਪ ਇਸ ਮਾਮਲੇ ਦੇ ਹੱਲ ਹੋ ਜਾਣ ਦਾ ਐਲਾਨ ਕਰਨ ਦੀ ਆਸ ਲਾਈ ਬੈਠੇ ਪੰਜਾਬ ਪੁਲਿਸ ਦੇ ਜਾਂਚ ਦਲ ਦੀ ਉਮੀਦ ਦੇ ਉਲਟ ਉਨ੍ਹਾਂ ਨੂੰ ਇਸ ਪਾਸੇ ਨਾ ਵਧਣ ਦਾ ਫੁਰਮਾਨ ਮਿਲ ਗਿਆ ਤੇ ਗੱਲ ਕੁਝ ਕੁ ਖਬਰਾਂ ਵਿਚ ਨਸ਼ਰ ਹੋ ਕੇ ਆਈ ਗਈ ਹੋ ਗਈ। ਲੰਘੇ ਮਹੀਨੇ ਇਸ ਪਾਸੇ ਮੁੜ ਸਰਗਰਮੀ ਹੋਈ ਤੇ ਡੇਰਾ ਪਰੇਮੀਆਂ ਦੀਆਂ ਗਿਰਫਤਾਰੀਆਂ ਵੀ ਹੋਈਆਂ। ਭਾਵੇਂ ਕਿ ਅਖਬਾਰਾਂ ਤੇ ਪੱਤਰਕਾਰਾਂ ਨੇ ਬੇਅਦਬੀ ਦੇ ਇਹ ਦੋ ਵੱਡੇ ਮਾਮਲੇ ਹੱਲ ਹੋਣ ਦਾ ਐਲਾਨ ਆਪਣੀਆਂ ਖਬਰਾਂ ਵਿਚ ਕਰ ਦਿੱਤਾ ਤੇ ਸੀਬੀਆਈ. ਨੇ ਵੀ ਇਨ੍ਹਾਂ ਮਾਮਲਿਆਂ ਵਿਚ ਡੇਰਾ ਸਿਰਸਾ ਨਾਲ ਜੁੜੇ ਬੰਦਿਆਂ ਨੂੰ ਗ੍ਰਿਫਤਾਰ ਕਰਕੇ ਹਿਰਾਸਤ ਵਿਚ ਪੁੱਛਗਿੱਛ ਕੀਤੀ ਪਰ ਫਿਰ ਵੀ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਇਸ ਬਾਰੇ ਹਾਲੇ ਤੱਕ ਮੂੰਹ ਨਹੀਂ ਖੋਲ੍ਹਿਆ। ਜਾਂਚ ਦਲ ਦੇ ਮੁਖੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿਰਫ ਇੰਨਾ ਹੀ ਕਿਹਾ ਕਿ ਇਹ ਮਾਮਲੇ ਸੀਬੀਆਈ. ਕੋਲ ਹਨ ਤੇ ਫਿਰ ਪੰਜਾਬ ਪੁਲਿਸ ਦੇ ਮੁਖੀ ਨੇ ਇਹ ਬਿਆਨ ਜਾਰੀ ਕੀਤਾ ਕਿ ਪੰਜਾਬ ਪੁਲਿਸ ਆਪਣੀ ਜਾਂਚ ਦੇ ਵੇਰਵੇ ਸੀਬੀਆਈ ਨਾਲ ਸਾਂਝੇ ਕਰੇਗੀ ਤੇ ਇਨ੍ਹਾਂ ਮਾਮਲਿਆਂ ਚ ਸੀਬੀਆਈ ਦੀ ਹਰ ਤਰ੍ਹਾਂ ਮਦਦ ਕਰੇਗੀ। ਜ਼ਿਕਰਯੋਗ ਹੈ ਕਿ ਜਗਤਾਰ ਸਿੰਘ ਜੌਹਲ ਦੀ ਗ੍ਰਿਫਤਾਰੀ ਤੋਂ ਬਾਅਦ ਜਿਨ੍ਹਾਂ ਮਾਮਲਿਆਂ ਦੇ ਹੱਲ ਹੋਣ ਦਾ ਐਲਾਨ ਮੁੱਖ ਮੰਤਰੀ ਨੇ ਪੰਜਾਬ ਪੁਲਿਸ ਦੇ ਮੁਖੀ ਨੂੰ ਨਾਲ ਲੈ ਕੇ ਆਪ ਕੀਤਾ ਸੀ ਉਹ ਮਾਮਲੇ ਵੀ ਕੇਂਦਰੀ ਜਾਂਚ ਅਦਾਰਿਆਂ ਸੀਬੀਆਈ. ਅਤੇ ਐਨਆਈਏ. ਕੋਲ ਹੀ ਸਨ। ਮੋਰਚੇ ਦੇ ਪਰਬੰਧਕ ਹੁਣ ਇਹ ਸਵਾਲ ਵੀ ਚੁੱਕ ਰਹੇ ਹਨ ਕਿ ਵਿੱਕੀ ਗੌਂਡਰ ਨੂੰ ਪੰਜਾਬ ਪੁਲਿਸ ਵੱਲੋਂ 'ਮੁਕਾਬਲੇ' ਵਿਚ ਮਾਰੇ ਜਾਣ ਤੋਂ ਬਾਅਦ ਕਥਿਤ ਗੈਂਗਸਟਰਾਂ ਬਾਰੇ ਆਪ ਪੱਤਰਕਾਰਾਂ ਸਾਹਮਣੇ ਬਿਆਨ ਦੇਣ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲਿਆਂ ਤੋਂ ਦੂਰੀ ਬਣਾ ਕੇ ਕਿਉਂ ਚੱਲ ਰਹੇ ਹਨ ?

ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਬਾਰੇ ਸਰਕਾਰ ਪੂਰੀ ਤਰ੍ਹਾਂ ਚੁੱਪ ਹੈ। ਲਗਦਾ ਹੈ ਕਿ ਮੋਰਚੇ ਦੇ ਪਰਬੰਧਕ ਵੀ ਇਸ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਪੜਤਾਲ ਰਾਹੀਂ ਹੀ ਕੋਈ ਗੱਲ ਅੱਗੇ ਤੁਰਨ ਦੀ ਉਮੀਦ ਕਰ ਰਹੇ ਹਨ ਕਿਉਂਕਿ ਉਨ੍ਹਾਂ ਵੱਲੋਂ ਵੀ ਇਸ ਬਾਰੇ ਸਰਕਾਰ ਉੱਤੇ ਸਿੱਧਾ ਦਬਾਅ ਨਹੀਂ ਬਣਾਇਆ ਜਾ ਰਿਹਾ।

ਦੂਜਾ ਮਸਲਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਲੇਖੇ ਨੂੰ ਜਨਤਕ ਕਰਨ ਦਾ ਹੈ। ਜਦੋਂ ਕੁ ਬਰਗਾੜੀ ਵਿਖੇ 'ਇਨਸਾਫ ਮੋਰਚੇ' ਦੇ ਨਾਂ ਹੇਠ ਧਰਨੇ ਦੀ ਸ਼ੁਰੂਆਤ ਹੋਈ ਉਦੋਂ ਤਕ ਇਹ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਆਉਂਦੇ ਦਿਨਏ ਵਿਚ ਲੇਖਾ ਸਰਕਾਰ ਕੋਲ ਪੇਸ਼ ਕਰ ਦਿੱਤਾ ਜਾਵੇਗਾ। 30 ਜੂਨ ਨੂੰ ਜਸਟਿਸ ਰਣਜਤਿ ਸਿੰਘ ਨੇ ਲੇਖੇ ਦਾ ਪਹਿਲਾ ਹਿੱਸਾ ਮੁੱਖ ਮੰਤਰੀ ਨੂੰ ਸੌਂਪ ਦਿੱਤਾ ਸੀ। ਤਕਰੀਬਨ ਮਹੀਨਾ ਬੀਤ ਜਾਣ ਉੱਤੇ ਵੀ ਹਾਲਾਂ ਤਕ ਸਰਕਾਰ ਦੇ ਕਾਨੂੰਨੀ ਮਾਹਿਰ ਇਹ ਲੇਖੇ ਦੀ "ਘੋਖ" ਵਿਚ ਹੀ ਰੁੱਝੇ ਹੋਏ ਹਨ। ਕੁਝ ਕੁ ਦਿਨ ਪਹਿਲਾਂ ਮੁੱਖ ਮੰਤਰੀ ਨੇ ਇਹ ਐਲਾਨ ਕੀਤਾ ਕਿ ਇਹ ਲੇਖਾ ਆਉਂਦੇ ਇਜਲਾਸ ਦੌਰਾਨ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾਵੇਗਾ। ਇਹ ਬਿਆਨ ਬਰਗਾੜੀ ਵਿਖੇ ਚੱਲ ਰਹੇ ਧਰਨੇ ਦੇ ਪਰਬੰਧਕਾਂ ਵੱਲੋਂ ਲੇਖੇ ਨੂੰ ਜਨਤਕ ਕਰਨ ਦੀ ਮੰਗ ਦੇ ਪਿਛੋਕੜ ਵਿਚ ਹੀ ਦਿੱਤਾ ਗਿਆ ਹੈ। ਵਿਧਾਨ ਸਭਾ ਦਾ ਨੇੜਲਾ ਇਜਲਾਸ ਸਤੰਬਰ ਮਹੀਨੇ ਵਿਚ ਹੈ ਇਸ ਲਈ ਹੁਣ ਸਰਕਾਰ ਦੀ ਕੋਸ਼ਿਸ਼ ਹੈ ਕਿ ਇਸ ਐਲਾਨ ਦੇ ਸਹਾਰੇ ਹੀ ਬਰਗਾੜੀ ਵਾਲਾ ਧਰਨਾ ਚੁਕਵਾ ਦਿੱਤਾ ਜਾਵੇ। ਦੂਜੇ ਪਾਸੇ ਮੋਰਚੇ ਦੇ ਪਰਬੰਧਕ ਇਹ ਮੰਗ ਕਰ ਰਹੇ ਹਨ ਕਿ ਸਰਕਾਰ ਵਿਧਾਨ ਸਭਾ ਦਾ ਇਕ ਦਿਨ ਲਈ ਖਾਸ ਇਜਲਾਸ ਬੁਲਾ ਕੇ ਇਸ ਲੇਖੇ ਨੂੰ ਜਨਤਕ ਕਰੇ ਤੇ ਇਸ ਮੁਤਾਬਕ ਦੋਸ਼ੀਆਂ ਖਿਲਾਫ ਕਾਰਵਾਈ ਕਰੇ। ਜਦੋਂ ਕੁ ਤੋਂ ਸਿਆਸੀ ਤੇ ਸਰਕਾਰੀ ਹਲਕਿਆਂ ਵਿਚ ਜਾਂਚ ਕਮਿਸ਼ਨ ਦਾ ਲੇਖਾ ਵਿਧਾਨ ਸਭਾ ਵਿਚ ਪੇਸ਼ ਹੋਣ ਦੀ ਚਰਚਾ ਸ਼ੁਰੂ ਹੋਈ ਉਦੋਂ ਤੋਂ ਸ਼੍ਰੋ.ਅ.ਦ. (ਬਾਦਲ) ਨੇ ਬਰਗਾੜੀ ਮੋਰਚੇ ਨੂੰ ਪੰਜਾਬ ਵਿੱਚ ਲਾਂਬੂ ਲਾਉਣ ਦੀ ਕਾਂਗਰਸ ਪਾਰਟੀ ਦੀ ਸਾਜਿਸ਼ ਕਰਾਰ ਦੇਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿਚ ਜਾਂਚ ਕਮਿਸ਼ਨਾਂ ਵੱਲੋਂ ਪੇਸ਼ ਕੀਤੇ ਜਾਂਦੇ ਲੇਖਿਆਂ ਨੂੰ ਦੱਬਣ ਅਤੇ ਉਨ੍ਹਾਂ ਤੇ ਮਿੱਟੀ ਪਾਉਣ ਦਾ ਲੰਮਾ ਪਿਛੋਕੜ ਹੈ ਇਸ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਲੇਖੇ ਦਾ ਵਿਧਾਨ ਸਭਾ ਵਿਚ ਜਨਤਕ ਹੋਣਾ ਅਹਿਮੀਅਤ ਰੱਖਦਾ ਹੈ। ਮੋਰਚੇ ਦੇ ਪਰਬੰਧਕਾਂ ਵਿਚੋਂ ਯੁਨਾਇਟਡ ਅਕਾਲੀ ਦਲ ਦੇ ਆਗੂ ਗੁਰਦੀਪ ਸਿੰਘ ਬਠਿੰਡਾ ਨੇ ਤਾਂ ਇਹ ਵੀ ਦਾਅਵਾ ਕੀਤਾ ਹੈ ਕਿ ਇਹ ਲੇਖਾ ਜਨਤਕ ਹੋਣ ਤੋਂ ਬਾਅਦ ਬਾਦਲਾਂ ਨੂੰ ਪੰਜਾਬ ਵਿਚ ਨਿਕਲਣਾ ਮੁਸ਼ਕਲ ਹੋ ਜਾਵੇਗਾ। ਇਸ ਤੋਂ ਪਹਿਲਾਂ ਸ਼੍ਰ.ਅ.ਦ.ਅ. (ਮਾਨ) ਦੇ ਮੁਖੀ ਸਿਰਮਨਜੀਤ ਸਿੰਘ ਮਾਨ ਵੀ ਇਕ ਪੱਤਰਕਾਰ ਮਿਲਣੀ ਦੌਰਾਨ ਬਰਗਾੜੀ ਬੇਅਦਬੀ ਕਾਂਡ ਦੀ ਜਾਂਚ ਦੇ "ਆਪਣੇ ਸੂਤਰਾਂ" ਤੋਂ ਮਿਲੇ ਵੇਰਵੇ ਸਾਂਝੇ ਕਰ ਚੁੱਕੇ ਹਨ।

ਪਰ ਸਰਕਾਰ ਹਾਲ ਦੀ ਘੜੀ ਕਮਿਸ਼ਨ ਦੀ ਜਾਂਚ ਦੇ ਲੇਖੇ ਨੂੰ ਘੋਖਣ ਦੇ ਨਾਂ ਤੇ ਦੱਬੀ ਬੈਠੀ ਹੈ ਅਤੇ ਜੇਕਰ ਇਹ ਅਗਲੇ ਇਜਲਾਸ ਵਿੱਚ ਹੀ ਜਨਤਕ ਕੀਤਾ ਜਾਣਾ ਹੈ ਤਾਂ ਇਸ ਨੂੰ ਘੱਟੋ-ਘੱਟ ਇਕ ਮਹੀਨਾ ਹੋਰ ਲੱਗੇਗਾ।

ਤੀਜਾ ਮਸਲਾ ਬੰਦੀ ਸਿੰਘਾਂ ਦਾ ਹੈ ਜਿਸ ਵਿੱਚ ਦੋ ਗੱਲਾਂ ਮੁੱਖ ਹਨ: ਪਹਿਲੀ ਕਿ ਉਮਰ ਕੈਦ ਦੀ ਸਜਾ ਜ਼ਾਫਤਾ ਜਿਹੜੇ ਸਿੰਘ ਮਿੱਥੀ ਕਾਨੂੰਨੀ ਹੱਦ ਤੱਕ ਦੀ ਕੈਦ ਪੂਰੀ ਕਰ ਚੁੱਕੇ ਹਨ ਉਨ੍ਹਾਂ ਦੀ 'ਮਿਆਦ ਤੋਂ ਪਹਿਲਾਂ ਪੱਕੀ ਰਿਹਾਈ' (ਪ੍ਰੀਮਚਿਓਰ ਰਿਲੀਜ਼) ਕੀਤੀ ਜਾਵੇ ਅਤੇ ਦੂਜੀ ਕਿ ਜਿਹੜੇ ਬੰਦੀ ਸਿੰਘ ਹਰੋਨਾਂ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਕੈਦ ਹਨ ਉਨ੍ਹਾਂ ਨੂੰ ਪੰਜਾਬ ਲਿਆਂਦਾ ਜਾਵੇ।

ਬਾਕੀ ਸਫ਼ਾ 28 'ਤੇ

# ਆਮ ਆਦਮੀ ਪਾਰਟੀ ਦਾ ਰਾਜਨੀਤਕ ਵਜੂਦ ਹੀ ਖਤਰੇ ਵਿਚ ?

**ਕਰਮਜੀਤ ਸਿੰਘ**
ਸੰਪਰਕ 99150-91063

ਆਮ ਆਦਮੀ ਪਾਰਟੀ ਦੀ ਪੰਜਾਬ ਸ਼ਾਖਾ ਦਾ ਸੰਕਟ ਦਿਨ-ਬ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਉਂਜ ਇਹ ਕਹਿਣਾ ਵਧੇਰੇ ਵਾਜਬ



ਹੋਵੇਗਾ ਕਿ ਇਸ ਪਾਰਟੀ ਦਾ ਪੰਜਾਬ ਵਿਚ ਰਾਜਨੀਤਕ ਵਜੂਦ ਹੀ ਖਤਰੇ ਵਿਚ ਹੈ। ਪਾਰਟੀ ਦੇ ਉਸ ਵੱਡੇ ਰਹਿਬਰ ਨੇ ਹੁਣ ਪੰਜਾਬ ਤੋਂ ਕਿਨਾਰਾ ਕਰ ਲਿਆ ਹੈ ਜਿਸ ਨੂੰ ਇਸ ਸੂਬੇ ਨੇ ਕਦੇ ਆਪਣੀਆਂ ਪਲਕਾਂ ’ਤੇ ਬਿਠਾਇਆ ਸੀ। ਇਕ ਅਜਿਹੀ ਪਾਰਟੀ ਜਿਸ ਨੇ ਤੇਜ਼ ਰੌਸ਼ਨੀ ਸੁੱਟ ਕੇ ਵਰਤਮਾਨ ਰਾਜਨੀਤਕ ਸਿਸਟਮ ਦੀ ਨੈਤਿਕ ਹੋਂਦ ’ਤੇ ਹੀ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਸਨ ਅਤੇ ਜਦੋਂ ਬੇਸ਼ੁਮਾਰ ਇਨਸਾਫ ਪਸੰਦ ਲੋਕ ਅਤੇ ਦਾਨਿਸ਼ਵਰਾਂ ਦਾ ਕਾਫਲਾ ਇਸ ਨਵੇਂ ਰਾਜਨੀਤਕ ਮਹਿਮਾਨ ਦਾ ਸਵਾਗਤ ਕਰ ਰਿਹਾ ਸੀ ਅਤੇ ਜਦੋਂ ਦੁਨੀਆ ਵਿਚ ਰਾਜਨੀਤਕ ਬਾਦਸ਼ਾਹੀਆਂ ਦਾ ਰੂਪ ਬਣ ਰਹੀਆਂ ਸਰਕਾਰਾਂ ਦੀਆਂ ਨਜ਼ਰਾਂ ਵੀ ਇਸ ਵਰਤਾਰੇ ’ਤੇ ਲੱਗੀਆਂ ਹੋਈਆਂ ਸਨ, ਤਾਂ ਉਹ ਪਾਰਟੀ ਇੰਨੀ ਛੇਤੀ ਇਤਿਹਾਸ ਦਾ ਹਿੱਸਾ ਕਿਉਂ ਬਣਦੀ ਜਾ ਰਹੀ ਹੈ, ਇਹ ਨੁਕਤਾ ਗੰਭੀਰ ਵਿਚਾਰ ਤੇ ਬਹਿਸ ਦੀ ਮੰਗ ਕਰਦਾ ਹੈ। ਮਿਊਂਸਪਲ ਚੋਣਾਂ ਤੋਂ ਸ਼ੁਰੂ ਹੋ ਕੇ ਅਤੇ ਫਿਰ ਗੁਰਦਾਸਪੁਰ ਅਤੇ ਫਿਰ ਸ਼ਾਹਕੋਟ ਦੇ ਨਤੀਜਿਆਂ ਨੇ ‘ਕੰਧ ਉਤੇ ਲਿਖਿਆ’ ਪੜ੍ਹਨ ਦੀ ਚਿਤਾਵਨੀ ਦੇ ਦਿੱਤੀ ਸੀ ਪਰ ਦੂਰ ਤੱਕ ਵੇਖਣ ਵਾਲੇ ਪਾਰਟੀ ਆਗੂ ਵੀ ਅੰਦਰੋਂ ਤੇ ਬਾਹਰੋਂ ਇਸ ਕਦਰ ਵੰਡੇ ਹੋਏ ਸਨ ਕਿ ਗਰਾਊਂਡ ਜ਼ੀਰੋ ’ਤੇ ਤੂੜੀ ਦੀ ਪੰਡ ਪੂਰੀ ਤਰ੍ਹਾਂ ਖਿਲਰ ਗਈ ਸੀ ਅਤੇ ਅਜੇ ਤੱਕ ਵੀ ਪਾਰਟੀ ਦੇ ਅੰਦਰ ਇਸ ਵੱਡੇ ਖਿਲਾਰੇ ਨੂੰ ਸਾਂਭਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ। ਆ ਰਹੀਆਂ ਪੰਚਾਇਤ ਚੋਣਾਂ ਵਿਚ ਵੀ ਇਸ ਦਾ ਭਵਿੱਖ ਸਾਹਮਣੇ ਆਉਣ ਵਾਲਾ ਹੈ।

ਕੁਝ ਸਵਾਲ ਅਜੇ ਵੀ ਨਿੱਠ ਕੇ ਵਿਚਾਰੇ ਨਹੀਂ ਗਏ ਜੋ ਪੰਜਾਬ ਦੇ ਲੋਕਾਂ ਦੇ ਮਨੋਵਿਗਿਆਨਕ ਧਰਾਤਲ ਨਾਲ ਜੁੜੇ ਹੋਏ ਹਨ। ਇਸ ਗੱਲ ਵਿਚ ਦੋ ਰਾਵਾਂ ਹੀ ਨਹੀਂ ਸਨ ਕਿ ਪੰਜਾਬ ਦੇ ਲੋਕ ਕਾਂਗਰਸ ਤੇ ਅਕਾਲੀ ਦਲ ਦੋਵਾਂ ਤੋਂ ਹੀ ਖਫਾ ਹੋ ਚੁੱਕੇ ਸਨ। ਜਿਥੋਂ ਤੱਕ ਅਕਾਲੀ ਦਲ ਦਾ ਸਬੰਧ ਸੀ, ਉਸ ਪਾਰਟੀ ਲਈ ਵਿਸ਼ੇਸ਼ ਕਰ ਕੇ ਪੰਜਾਬ ਦੇ ਨੌਜਵਾਨਾਂ ਲਈ ਕੋਈ ਥਾਂ ਨਹੀਂ ਸੀ ਰਹਿ ਗਈ ਅਤੇ ਇਸ ਦੇ ਕਾਰਨ ਇੰਨੇ ਸਾਫ ਤੇ ਸਪੱਸ਼ਟ ਸਨ ਕਿ ਬਹਿਸ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਇਨ੍ਹਾਂ ਨੌਜਵਾਨਾਂ ਨੇ ਜਥੇਬੰਦਕ ਰੂਪ ਵਿਚ ਅਕਾਲੀ ਦਲ ਦੇ ਦਹਾਕਿਆਂ ਪੁਰਾਣੇ ਮਜ਼ਬੂਤ ਕਿਲ੍ਹਿਆਂ ਵਿਚ ਵੀ ਵੱਡੀ ਸੰਨ੍ਹ ਲਾ ਦਿੱਤੀ ਸੀ ਅਤੇ ਬਜ਼ੁਰਗਾਂ ਨੂੰ ਵੀ ਆਪਣੇ ਨਾਲ ਲਾ ਲਿਆ ਸੀ। ਵੈਸੇ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਇਸ ‘ਰਾਜਪਲਟੇ’ ਦਾ ਵਿਵੇਕ ਵਿਸ਼ਲੇਸ਼ਣ ਅਜੇ ਤੱਕ ਵੀ ਨਹੀਂ ਕੀਤਾ ਜਦੋਂ ਕਿ ਪਾਰਟੀ ਦੀਆਂ ਹੇਠਲੀਆਂ ਸਫਾਂ ਦਾ ਪਹਿਲੇ ਵਾਲਾ ਫੁੰਕਾਰਾ ਤੇ ਰੋਅਬ-ਦਾਬ ਆਪਣਾ ਅਸਰ ਗੁਆ ਚੁੱਕਾ ਹੈ। ਪਰ ਕਾਂਗਰਸ ਪਾਰਟੀ ਵੀ ਉਦੋਂ ਇਕ ਵੱਡਾ ਤੇ ਸਿਧਾਂਤਕ ਬਦਲ ਨਹੀਂ ਸੀ ਬਣ ਰਹੀ ਕਿਉਂਕਿ ਵਰਤਮਾਨ ਰਾਜਨੀਤਕ ਤਾਣੇ ਬਾਣੇ ਨਾਲੋਂ ਵੱਖਰਾ ਤੇ ਨਿਵੇਕਲਾ ਬਦਲ ਬਣ ਕੇ ਆਮ ਆਦਮੀ ਪਾਰਟੀ ਉਭਰ ਰਹੀ ਸੀ। ਰਾਜਨੀਤਕ ਖੇਤਰ ਵਿਚ ਇਹੋ ਜਿਹੇ ਹੈਰਾਨਜਨਕ ਵਰਤਾਰੇ ਅਚਾਨਕ ਕਿਉਂ ਵਾਪਰਦੇ ਹਨ, ਇਸ ਦਾ ਬਾਹਰਮੁਖੀ ਵਿਸ਼ਲੇਸ਼ਣ ਸਮਾਜ ਵਿਗਿਆਨੀਆਂ ਦੀ ਪਕੜ ਵਿਚ ਵੀ ਘੱਟ ਹੀ ਆਉਂਦਾ ਹੈ। ਪਰ ਸਿਆਣਿਆਂ ਦੀ ਇਕ ਟੋਲੀ ਉਨ੍ਹਾਂ ਦਿਨਾਂ ਵਿਚ ਅਜੇ ਵੀ ਇਸ ਧਾਰਨਾ ’ਤੇ ਦ੍ਰਿੜ ਸੀ ਕਿ ਇਹੋ ਜਿਹੇ ਵਰਤਾਰਿਆਂ ਦੀ ਉਮਰ ਬਹੁਤੀ ਲੰਮੀ ਨਹੀਂ ਹੁੰਦੀ ਕਿਉਂਕਿ ਵਰਤਮਾਨ ਰਾਜਨੀਤਕ ਪ੍ਰਣਾਲੀ ਇਕ ਵੱਡੇ ਬੋਹੜ ਦੀ ਤਰ੍ਹਾਂ ਹੈ ਜਿਸ ਨਾਲ ਥੋੜਚਿਰੇ ਆਗੂ ਟੱਕਰ ਤਾਂ ਜ਼ਰੂਰ ਲੈਂਦੇ ਹਨ ਪਰ ਆਪਣਾ ਮੱਥਾ ਲਹੂ ਲੁਹਾਣ ਕਰਵਾ ਕੇ ਮੁੜ ਉਸੇ ਰਾਜਨੀਤਕ ਪ੍ਰਣਾਲੀ ਦਾ ਹਿੱਸਾ ਬਣ ਜਾਂਦੇ ਹਨ। ਆਮ ਆਦਮੀ ਪਾਰਟੀ ਵਿਚਾਰ ਦੇ ਧਰਾਤਲ ਪੱਖੋਂ ਅਰਾਜਕਤਾਵਾਦੀ ਤਾਂ ਨਹੀਂ ਸੀ ਪਰ ਇਹ ਇਹੋ ਜਿਹੀ ਬਗਾਵਤ ਵੀ ਨਹੀਂ ਸੀ ਜੋ ਵਿਚਾਰਾਂ ਤੋਂ ਸੱਖਣੀ ਸੀ। ਪਰ ਦਰਅਸਲ ਇਹ ਨਾਰਾਜ਼ ਤੇ ਉਦਾਸ ਲੋਕਾਂ ਦਾ ਸਮੂਹ ਸੀ ਜੋ ਰਾਜਨੀਤਕ ਪ੍ਰਣਾਲੀ ਵਿਚ ਇਨਕਲਾਬੀ ਤਬਦੀਲੀਆਂ ਤਾਂ ਲਿਆਉਣਾ ਚਾਹੁੰਦੇ ਸਨ ਪਰ ਇਹ ਤਬਦੀਲੀ ਕਿਵੇਂ ਆਏਗੀ, ਇਸ ਬਾਰੇ ਹਰ ਕਿਸੇ ਦੇ ਰਾਹ ਵੱਖਰੇ ਵੀ ਸਨ ਅਤੇ ਇਕ ਦੂਜੇ ਨਾਲ ਟਕਰਾਉਂਦੇ ਵੀ ਸਨ। ਇਸ ਲਈ ਇਕੋ ਤਰ੍ਹਾਂ ਦੇ ਮਿਲਦੇ ਜੁਲਦੇ ਵਿਚਾਰ ਅਤੇ ਇਕੋ ਨਿਸ਼ਾਨਾ ਜੋ ਕਿਸੇ ਰਾਜਨੀਤਕ ਪਾਰਟੀ ਦੀ ਪਰਿਭਾਸ਼ਾ ਹੁੰਦੀ ਹੈ, ਉਹ ਗੰਭੀਰ ਤੱਤ ਆਮ ਆਦਮੀ ਪਾਰਟੀ ਵਿਚ ਇਸ ਦੇ ਜਨਮ ਤੋਂ ਹੀ ਧੁੰਦਲੇ ਅਤੇ ਅਸਪੱਸ਼ਟ ਸਨ ਅਤੇ ਇਹ ਸਥਿਤੀ ਅੱਜ ਵੀ ਜਿਉਂ ਦੀ ਤਿਉਂ ਬਣੀ ਹੋਈ ਹੈ।

ਪਰ ਜਦੋਂ ਬਹਿਸ ਪੰਜਾਬ ਉਤੇ ਕੇਂਦਰਿਤ ਕੀਤੀ ਜਾਵੇ ਤਾਂ ਇਸ ਰਾਜ ਵਿਚ ਆਮ ਆਦਮੀ ਪਾਰਟੀ ਦੇ ਇੰਨੀ ਛੇਤੀ ਡਿੱਗਣ ਅਤੇ ਰੁਲ-ਖੁਲ ਜਾਣ ਦੇ ਅਸਲ ਕਾਰਨਾਂ ਦੀ ਪੜਚੋਲ ਨਾ ਤਾਂ ਪਾਰਟੀ ਦੇ ਅੰਦਰ ਹੀ ਹੋਈ ਹੈ ਅਤੇ ਗੰਭੀਰ ਰਾਜਨੀਤਕ ਹਲਕਿਆਂ ਅਤੇ ਜ਼ਿੰਮੇਵਾਰ ਬੁੱਧੀਜੀਵੀਆਂ ਨੇ ਵੀ ਇਸ ਗਿਰਾਵਟ ਦੇ ਕਾਰਨਾਂ ਵਿਚ ਉਤਰਨ ਲਈ ਵੱਡੀ ਦਿਲਚਸਪੀ ਤੇ ਚਿੰਤਾ ਦਾ ਪ੍ਰਗਟਾਵਾ ਨਹੀਂ ਕੀਤਾ। ਇਹ ਸਵਾਲ ਵੀ ਅਜੇ ਤੱਕ ਸਮਝ ਤੋਂ ਬਾਹਰ ਹੈ ਕਿ ਆਖਰਕਾਰ ਪੰਜਾਬ ਨੇ ਹੀ ਇਸ ਪਾਰਟੀ ਵਿਚ ਹੱਦੋਂ ਵੱਧ ਦਿਲਚਸਪੀ ਕਿਉਂ ਵਿਖਾਈ? ਕੀ ਉਨ੍ਹਾਂ ਦਿਨਾਂ ਵਿਚ ਕੇਜਰੀਵਾਲ ਵਰਗਾ ਕੱਦਾਵਰ ਅਤੇ ਵਚਨਬੱਧ






ਨੇਤਾ ਉਨ੍ਹਾਂ ਨੂੰ ਨਜ਼ਰ ਹੀ ਨਹੀਂ ਆਇਆ? ਜਾਂ ਕੀ ਇਕ ਨਾਇਕ ਵਰਗੀਆਂ ਜੁਝਾਰੂ ਤੇ ਲੜਾਕੂ ਖੂਬੀਆਂ ਉਨ੍ਹਾਂ ਨੂੰ ਉਸ ਉਭਰ ਰਹੀ ਸ਼ਖਸੀਅਤ ਵਿਚ ਦਿਸੀਆਂ ਜੋ ਪੰਜਾਬੀਆਂ ਦੀ ਖਾਸਮਖਾਸ ਕਮਜ਼ੋਰੀ ਹੈ? ਇਨ੍ਹਾਂ ਵੱਡੇ ਸਵਾਲਾਂ ਨੂੰ ਅਜੇ ਵੀ ਵੱਡੇ ਤੇ ਗੰਭੀਰ ਜਵਾਬਾਂ ਦਾ ਇੰਤਜ਼ਾਰ ਹੈ। ਕੀ ਪੰਜਾਬ ਵਿਚ ਤੀਜਾ ਰਾਜਨੀਤਕ ਬਦਲ ਉਸਰ ਹੀ ਨਹੀਂ ਸਕਦਾ? ਜਾਂ ਰਾਜਨੀਤਕ ਤਾਕਤਾਂ ਦੀ ਜਥੇਬੰਦਕ ਅਜਾਰੇਦਾਰੀ ਇਸਦੇ ਰਾਹ ਵਿਚ ਅਣਦਿਸਦੀ ਰੁਕਾਵਟ ਹੈ? ਕੀ ਇਨ੍ਹਾਂ ਅਟਕਲਬਾਜ਼ਾਂ ਦੇ ਇਸ ਪ੍ਰਚਾਰ ਵਿਚ ਦਮ ਹੈ ਕਿ ਸੰਨ 2017 ਦੀਆਂ ਅਸੈਂਬਲੀ ਚੋਣਾਂ ਵਿਚ ਐਨ ਆਖਰੀ ਦਿਨ ਵਿਚ ਦੋ ਰਵਾਇਤੀ ਪਾਰਟੀਆਂ ਦੇ ਅੰਦਰੂਨੀ ਸਮਝੌਤੇ ਨੇ ਰਾਜਨੀਤਕ ਸਮੀਕਰਨਾਂ ਦਾ ਸਾਰਾ ਪਾਸਾ ਹੀ ਪਲਟ ਦਿੱਤਾ ਸੀ? ਇਹ ਭੇਤ ਭਾਵੇਂ ਜੱਗ ਜ਼ਾਹਿਰ ਨਹੀਂ ਹੋਏ ਅਤੇ ਸ਼ਾਇਦ ਕਦੇ ਹੋਣਗੇ ਵੀ ਨਹੀਂ, ਪਰ ਜਦੋਂ ਕਦੇ ਵੀ ਇਹ ਬੁਝਾਰਤ ਬਹਿਸ ਦਾ ਵਿਸ਼ਾ ਬਣਦੀ ਹੈ ਤਾਂ ਦੋਵਾਂ ਪਾਰਟੀਆਂ ਦੀਆਂ ਸ਼ਰਾਰਤੀ ਤੇ ਕੂਟਨੀਤਕ ਮੁਸਕਰਾਹਟਾਂ ਇਨ੍ਹਾਂ ਸੱਚਾਈਆਂ ਦੀ ਪੁਸ਼ਟੀ ਤਾਂ ਕਰਦੀਆਂ ਹੀ ਹਨ। ਹੁਣ ਹਾਲਤ ਇਹ ਬਣੀ ਹੋਈ ਹੈ ਕਿ ਪੰਜਾਬ ਵਾਲੀ ਆਮ ਆਦਮੀ ਪਾਰਟੀ ਕੇਵਲ ਵਿਧਾਇਕਾਂ ਦੀ ਹੀ ਪਾਰਟੀ ਹੈ ਜਦਕਿ ਪਾਰਟੀ ਕਾਰਕੁੰਨ ਖਿੰਡ ਪੁੰਡ ਗਏ ਹਨ ਜਾਂ ਨਿਰਾਸ਼ ਹੋ ਕੇ ਉਨੇ ਸਰਗਰਮ ਨਹੀਂ ਰਹੇ ਅਤੇ ਜਾਂ ਫਿਰ ਹੋਰਨਾਂ ਰਾਜਨੀਤਕ ਰਾਹਾਂ ਦੀ ਤਲਾਸ਼ ਕਰ ਰਹੇ ਹਨ। ਪਾਰਟੀ ਦੀ ਖਾਮੋਸ਼ ਬਹੁਗਿਣਤੀ ਨੂੰ ਸਹਾਰਾ ਦੇਣ ਵਾਲੇ ਦੂਰਦਰਸ਼ੀ ਆਗੂ ਨਜ਼ਰ ਨਹੀਂ ਆ ਰਹੇ।

ਇਕ ਹੋਰ ਵਿਚਾਰ ਨੇ ਵੀ ਸਿੱਖਾਂ ਦੇ ਵਿਚਾਰਧਾਰਕ ਪਹਿਲੂ ਵਿਚ ਆਪਣੀ ਥਾਂ ਬਣਾ ਰੱਖੀ ਹੈ। ਇਸ ਹਿੱਸੇ ਨੂੰ ਇਹ ਚਿੰਤਾ ਹੈ ਕਿ ਆਮ ਆਦਮੀ ਪਾਰਟੀ ਦੀਆਂ ਰਾਜਨੀਤਕ ਜੜ੍ਹਾਂ ਦੇ ਪਸਾਰ ਤੇ ਪ੍ਰਭਾਵ ਨਾਲ ਪੰਜਾਬ ਵਿਚ ਪੰਥਕ ਸਿਆਸਤ ਦਾ ਭੋਗ ਪੈ ਜਾਏਗਾ ਕਿਉਂਕਿ ਪੰਜਾਬ ਦੇ ਹਿੱਤਾਂ ਲਈ ਸੰਘਰਸ਼ ਕਰਨ ਵਾਲੀ ਜੰਗਜੂ ਅਤੇ ਲੜਾਕੀ ਫੋਰਸ ਦਾ ਹੀ ਖਾਤਮਾ ਹੋ ਜਾਏਗਾ ਜਿਹੜੀ ਤਾਕਤ ਹਰ ਫਰੰਟ ’ਤੇ ਭਾਵੇਂ ਕਿਸਾਨੀ ਫਰੰਟ ਹੋਵੇ, ਭਾਵੇਂ ਮੁਲਾਜ਼ਮਾਂ ਦਾ ਫਰੰਟ ਹੋਵੇ ਤੇ ਭਾਵੇਂ ਧਾਰਮਕ ਤੇ ਸੱਭਿਆਚਾਰਕ ਫਰੰਟ ਹੋਵੇ, ਇਹ ਫੋਰਸ ਜੋਸ਼ ਤੇ ਹੋਸ਼ ਨਾਲ ਲੜਦੀ ਵੀ ਹੈ, ਹਰ ਥਾਂ ਨਜ਼ਰ ਵੀ ਆਉਂਦੀ ਹੈ ਅਤੇ ਪੰਜਾਬੀਆਂ ਦੇ ਦਿਲਾਂ ਵਿਚ ਆਪਣੀ ਥਾਂ ਵੀ ਬਣਾਉਂਦੀ ਹੈ। ਇਸ ਲਈ ਇਹ ਕਿਹਾ ਜਾਂਦਾ ਹੈ ਕਿ ਆਮ ਆਦਮੀ ਪਾਰਟੀ ਪੰਥਕ ਸਿਆਸਤ ਦਾ ਬਦਲ ਨਹੀਂ ਬਣ ਸਕਦੀ। ਉਸ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਇਕ ਧਰਮਨਿਰਪੱਖ ਪੈਂਤੜਾ ਅਖਤਿਆਰ ਕਰਨਾ ਪੈਂਦਾ ਹੈ, ਹਾਲਾਂਕਿ ਇਸ ਪਾਰਟੀ ਵਿਚ ਅਜਿਹੇ ਰੁਝਾਨ ਮੌਜੂਦ ਹਨ ਜੋ ਪੰਥਕ ਸਿਆਸਤ ਦਾ ਬਦਲ ਬਣਨ ਦੀ ਧੁੰਦਲੀ ਜਿਹੀ ਰੀਝ ਰੱਖਦੇ ਹਨ। ਪੰਥਕ ਸਿਆਸਤ ਦੇ ਪੈਰੋਕਾਰਾਂ ਦਾ ਕਹਿਣਾ ਹੈ ਕਿ ਜੇ ਇਸ ਪਾਰਟੀ ਨੇ ਧਰਮ ਨਿਰਪੱਖ ਪੁਜ਼ੀਸ਼ਨ ’ਤੇ ਹੀ ਅਟੱਲ ਰਹਿਣਾ ਹੈ ਤਾਂ ਫਿਰ ਸਿੱਖਾਂ ਦਾ ਇਕ ਹਿੱਸਾ ਆਪਣੇ ਆਪ ਨੂੰ ਅਜੇ ਵੀ ਕਾਂਗਰਸ ਦੇ ਨੇੜੇ ਹੀ ਰੱਖਣਾ ਚਾਹੁੰਦਾ ਹੈ। ਅਜਿਹੀ ਹਾਲਤ ਵਿਚ ਪੰਥਕ ਸਿਆਸਤ ਦਾ ਧੁਰਾ ਮੁੜ-ਘਿੜ ਕੇ ਅਕਾਲੀ ਦਲ ਹੀ ਬਣਦਾ ਹੈ ਜਿਸ ਨੇ ਵੱਡੀ ਇਤਿਹਾਸਕ ਹਾਰ ਪਿਛੋਂ ਸਬਕ ਲੈ ਕੇ ਅੱਜਕੱਲ੍ਹ ਇਕ ਮਿਥੇ ਪ੍ਰੋਗਰਾਮ ਤਹਿਤ ਪੰਥਕ ਮੁੱਦੇ ਆਪਣੇ ਹੱਥ ਵਿਚ ਲੈ ਲਏ ਹਨ। ਭਾਵੇਂ ਇਹ ਗੱਲ ਵੱਖਰੀ ਹੈ ਕਿ ਪਹਿਲਾਂ ਵਾਲੀ ਜਨਤਕ ਹਮਾਇਤ ਅਜੇ ਇਸ ਪਾਰਟੀ ਨੂੰ ਨਹੀਂ ਮਿਲ ਰਹੀ। ਦਿਲਚਸਪ ਗੱਲ ਇਹ ਹੈ ਕਿ ਅਕਾਲੀ ਦਲ ਦੀ ਜੋਟੀਦਾਰ ਪਾਰਟੀ ਭਾਜਪਾ ਨੂੰ ਵੀ ਅਕਾਲੀ ਦਲ ਦੀ ਪੰਥਕ ਰਾਜਨੀਤੀ ਉਤੇ ਕੋਈ ਇਤਰਾਜ਼ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਇਹ ਤਜਰਬਾ ਹਾਸਲ ਹੋ ਗਿਆ ਹੈ ਕਿ ਸੱਤਾ ਤੋਂ ਬਾਹਰ ਰਹਿ ਕੇ ਪੰਥਕ ਮੁੱਦੇ ਜ਼ੋਰਦਾਰ ਢੰਗ ਨਾਲ ਉਭਾਰਨ ਅਤੇ ਸੱਤਾ ਵਿਚ ਆ ਕੇ ਉਹ ਮੁੱਦੇ ਭੁੱਲ ਜਾਣ ਤੇ ਛੱਡ ਜਾਣ ਦਾ ਅਕਾਲੀ ਦਲ ਦਾ ਪੁਰਾਣਾ ਇਤਿਹਾਸ ਹੈ ਜੋ ਭਾਜਪਾ ਨੂੰ ਰਾਸ ਆਉਣ ਲੱਗ ਪਿਆ ਹੈ।

ਪਰ ਜੇਕਰ ਆਮ ਆਦਮੀ ਪਾਰਟੀ ਗੰਭੀਰ ਫੁੱਟ ਦਾ ਸ਼ਿਕਾਰ ਹੋ ਕੇ ਦੋਫਾੜ ਹੁੰਦੀ ਹੈ ਤਾਂ ਇਸ ਗੱਲ ਦੀਆਂ ਸੰਭਾਵਨਾਵਾਂ ਹਨ ਕਿ ਪਾਰਟੀ ਦਾ ਇਕ ਵੱਡਾ ਤੇ ਪ੍ਰਭਾਵਸ਼ਾਲੀ ਹਿੱਸਾ ਇਕ ਦੂਰੀ ’ਤੇ ਰਹਿ ਕੇ ਪੰਥਕ ਸਿਆਸਤ ਦੀ ਪੈਰਵੀ ਕਰੇਗਾ। ਲੋਕ ਇਨਸਾਫ ਪਾਰਟੀ ਅਜਿਹੀ ਸਥਿਤੀ ਵਿਚ ਇਸ ਹਿੱਸੇ ਨੂੰ ਜੀ ਆਇਆਂ ਕਹੇਗੀ ਅਤੇ ਇਹੋ ਜਿਹੀ ਹਾਲਤ ਤੇ ਮਾਹੌਲ ਬਣਾਉਣ ਲਈ ਅੱਜਕੱਲ੍ਹ ਅੰਦਰਖਾਤੇ ਗੰਭੀਰ ਵਿਚਾਰਾਂ ਵੀ ਚੱਲ ਰਹੀਆਂ ਹਨ। ਪੰਥਕ ਮੁੱਦਿਆਂ ’ਤੇ ਉਨ੍ਹਾਂ ਦੀ ਨੇੜਤਾ ਤੇ ਸਾਂਝ ਹੁਣ ਬਹੁਤੀ ਗੁੱਝੀ ਛਿਪੀ ਨਹੀਂ ਰਹੀ। ਇਹ ਹਿੱਸਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੀ ਭਾਗ ਲੈ ਸਕਦਾ ਹੈ ਤਾਂ ਜੋ ਪੰਥਕ ਸਿਆਸਤ ਉਤੇ ਆਪਣੀ ਪਕੜ ਮਜ਼ਬੂਤ ਕਰਕੇ ਅਕਾਲੀ ਦਲ ਨੂੰ ਇਸ ਘੇਰੇ ਵਿਚੋਂ ਬਾਹਰ ਕੱਢ ਦਿੱਤਾ ਜਾਵੇ। ਦਿੱਲੀ ਲੀਡਰਸ਼ਿਪ ਨੂੰ ਵੀ ਇਸ ਗੱਲ ਦੀਆਂ ਕਨਸੋਆਂ ਮਿਲ ਰਹੀਆਂ ਹਨ। ਕੀ ਇਹ ਪਹਾੜ ਜਿੱਡੀ ਮੁਸ਼ਕਲ ਹੱਲ ਹੋ ਜਾਵੇਗੀ, ਇਹ ਗੱਲ ਸਮੇਂ ਦੇ ਹੱਥ ਵਿਚ ਚਲੀ ਗਈ ਹੈ।

# ਨਿਰੰਤਰ ਵਿਨਾਸ਼ ਵੱਲ ਵਧ ਰਿਹਾ ਹੈ ਸਾਡਾ ਪੰਜਾਬ

**ਗੁਰਪ੍ਰੀਤ ਸਿੰਘ ਤਲਵੰਡੀ**
(98144-51414)

ਕਲ-ਕਲ ਕਰਦੇ ਪਾਣੀਆਂ ਨਾਲ ਵਹਿੰਦੇ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਇਹਨੀਂ ਦਿਨੀਂ ਆਪਣੇ ਵਿਨਾਸ਼ ਦੀ ਇਬਾਰਤ ਲਿਖ ਰਹੀ ਹੈ। ਪੰਜਾਬ ਦੀ ਜਰਖੇਜ਼ ਜ਼ਮੀਨ ਉੱਪਰ ਚੱਲ ਰਿਹਾ ਮਾਰੂ ਨਸ਼ਿਆਂ ਦਾ ਪ੍ਰਕੋਪ ਨੌਜਵਾਨ ਪੀੜ੍ਹੀ ਨੂੰ ਪੂਰੀ ਤਰ੍ਹਾਂ ਆਪਣੇ ਕਲਾਵੇ ਵਿੱਚ ਲੈ ਚੁੱਕਾ ਹੈ ਜਿੱਥੋਂ ਨਿਕਲਣਾ ਪੰਜਾਬੀਆਂ ਦੇ ਵੱਸੋਂ ਬਾਹਰ ਦੀ ਗੱਲ ਹੋ ਰਹੀ ਹੈ। ਪਹਿਲਾਂ ਪੰਜਾਬ ਦੇ ਦਰਿਆਈ ਪਾਣੀਆਂ ’ਤੇ ਡਾਕਾ ਮਾਰ ਕੇ ਸੋਨਾ ਉੱਗਲਣ ਵਾਲੀ ਇਸ ਜਰਖੇਜ਼ ਜ਼ਮੀਨ ਨੂੰ ਰੇਗਿਸਤਾਨ ਬਣਾਉਣ ਦੀਆਂ ਚਾਲਾਂ ਚੱਲੀਆਂ ਗਈਆਂ। ਹੁਣ ਪੰਜਾਬ ਨੂੰ ਮਾਰੂ ਨਸ਼ਿਆਂ ਦਾ ਗੜ੍ਹ ਬਣਾ ਕੇ ਮਿਹਨਤਕਸ਼/ਕਿਰਤੀ ਪੰਜਾਬੀਆਂ ਨੂੰ ਘਸਿਆਰੇ ਅਤੇ ਨਪੁੰਸਕ ਬਣਾ ਕੇ ਪੰਜਾਬੀਆਂ ਦਾ ਬੀਜ ਨਾਸ਼ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਬੇਰੁਜ਼ਗਾਰੀ ਨਾਲ ਘੁਲ਼ਦੇ ਮਿਹਨਤੀ ਪੰਜਾਬੀ ਗੱਭਰੂ ਨਸ਼ਿਆਂ ਦੇ ਜਾਲ ਵਿੱਚ ਫਸ ਗਏ ਹਨ। ਇਸ ਪਾਸੇ ਲੱਗੇ ਮੌਤ ਦੇ ਸੌਦਾਗਰਾਂ ਨੇ ਇੱਕ ਪੁਲਾਂਘ ਅਗਾਂਹ ਪੁੱਟਦਿਆਂ ਇੱਥੋਂ ਦੀਆਂ ਮਾਈ ਭਾਗੋ ਬਣਨ ਦਾ ਜਜ਼ਬਾ ਰੱਖਦੀਆਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੇ ਸਰਦਾਰ ਹਰੀ ਸਿੰਘ ਨਲੂਆ ਵਰਗੇ ਬਹਾਦਰਾਂ ਨੂੰ ਜਨਮ ਦੇਣ ਵਾਲੀਆਂ ਧੀਆਂ ਨੂੰ ਨਸ਼ਿਆਂ ਦੇ ਜਾਲ ਵਿੱਚ ਫਸਾਉਣ ਦੀਆਂ ਯੋਜਨਾਵਾਂ ਲਾਗੂ ਕੀਤੀਆਂ। ਇੱਕ ਨੌਜਵਾਨ ਲੜਕੀ ਦੁਆਰਾ ਸੁਖਪਾਲ ਸਿੰਘ ਖਹਿਰਾ ਅਤੇ ਲੋਕ ਇਨਸਾਫ ਪਾਰਟੀ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੁਆਰਾ ਚੰਡੀਗੜ੍ਹ ’ਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੇ ਬਿਆਨ ਦੁਆਰਾ ਇੰਕਸ਼ਾਫ ਕਰਦਿਆਂ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ’ਤੇ ਨਸ਼ਿਆਂ ਦੀ ਤਸਕਰੀ ਕਰਵਾਉਣ ਦੇ ਗੰਭੀਰ ਦੋਸ਼ ਲਗਾਏ ਹਨ। ਇਸ ਦੇ ਚਲਦਿਆਂ ਮੁੱਖ ਮੰਤਰੀ ਪੰਜਾਬ ਦੁਆਰਾ ਗੰਭੀਰ ਦੋਸ਼ਾਂ ਤੋਂ ਬਚਣ ਲਈ ਤੁਰੰਤ ਉੱਕਤ ਪੁਲਿਸ ਅਧਿਕਾਰੀ ਨੂੰ ਮੁਅੱਤਲ ਕਰਕੇ ਇਸ ਪਾਸੇ ‘ਸਭ ਅੱਛਾ ਨਹੀਂ’ ਹੋਣ ਦੇ ਸੰਕੇਤ ਦਿੱਤੇ ਹਨ ਪਰ ਮਾਮਲਾ ਇੰਨਾ ਕੁ ਸਿੱਧਾ ਨਹੀਂ ਹੈ। ਨਸ਼ਿਆਂ ਦੇ ਪਸਾਰੇ ਨੂੰ ਲੈ ਕੇ ਭਾਵੇਂ ਪੱਤਰਕਾਰਾਂ ਦੁਆਰਾ ਵੀ ਸਮੇਂ-ਸਮੇਂ ਤੇ ਆਵਾਜ਼ ਉਠਾਈ ਜਾ ਰਹੀ ਹੈ। ਖੋਜ ਭਰਪੂਰ ਰਿਪੋਰਟਾਂ ਛਾਪੀਆਂ ਜਾ ਰਹੀਆਂ ਹਨ, ਲੇਕਿਨ ਪਿਛਲੀ ਅਕਾਲੀ ਭਾਜਪਾ ਅਤੇ ਹੁਣ ਦੀ ਕਾਂਗਰਸੀ ਸਰਕਾਰ ਦੌਰਾਨ ਸਰਕਾਰੀ ਤੰਤਰ ਵਲੋਂ ਮੀਡੀਆ ਕਰਮੀਆਂ ਨੂੰ ਵੀ ਹਰ ਹੀਲੇ ਦਬਾਉਣ ਦੀ ਨੀਤੀ ਅਪਣਾਈ ਜਾ ਰਹੀ ਹੈ।



ਦੂਸਰੇ ਪਾਸੇ ਬੇਰੁਜ਼ਗਾਰੀ ਦੇ ਸਤਾਏ, ਨਸ਼ਿਆਂ ਤੋਂ ਤਰਾਹੁੰਦੇ ਅਤੇ ਗੁੰਡਾ-ਤੰਤਰ ਤੋਂ ਸਹਿਮੇ ਪੰਜਾਬੀ ਮਾਪੇ ਆਪਣੇ ਪੁੱਤਰਾਂ-ਧੀਆਂ ਨੂੰ ਵਿਦੇਸ਼ੀਂ ਭੇਜਣ ਲਈ ਬਹੁਤ ਹੀ ਕਾਹਲੇ ਹਨ। ਇਹੀ ਵਜ੍ਹਾ ਹੈ ਕਿ ਕੈਨੇਡੀਅਨ ਅੰਬੈਸੀ ਦੇ ਚੰਡੀਗੜ੍ਹ ਸਥਿਤ ਖੇਤਰੀ ਦਫਤਰ ਦੇ ਬਾਹਰ ਫਾਈਲਾਂ ਜਮ੍ਹਾਂ ਕਰਵਾਉਣ ਲਈ ਨੌਜਵਾਨਾਂ ਦੀਆਂ ਰੋਜ਼ਾਨਾ ਵੱਡੀਆਂ ਲਾਈਨਾਂ ਲੱਗ ਰਹੀਆਂ ਹਨ। ਬੇਰੁਜ਼ਗਾਰ ਹਜ਼ਾਰਾਂ ਨੌਜਵਾਨਾਂ ਦੇ ਰੋਜ਼ਾਨਾ ਕੈਨੇਡਾ ਪੁੱਜਣ ਦੀਆਂ ਖਬਰਾਂ ਵੀ ਆ ਰਹੀਆਂ ਹਨ। ਪੰਜਾਬ ਦਾ ਹਰ ਨੌਜਵਾਨ ਹਰ ਹੀਲੇ ਵਿਦੇਸ਼ ਜਾ ਕੇ ਚੈਨ ਦੀ ਜ਼ਿੰਦਗੀ ਬਤੀਤ ਕਰਨ ਲਈ ਉਤਾਵਲਾ ਹੈ। ਭਾਵੇਂ ਉੱਥੇ ਜਾ ਕੇ ਹਰ ਕਿਸੇ ਨੂੰ ਹੱਡ-ਭੰਨਵੀਂ ਮਿਹਨਤ ਕਰਨੀ ਪੈਂਦੀ ਹੈ, ਲੇਕਿਨ ਸਰਕਾਰਾਂ ਦੀਆਂ ਨੀਤੀਆਂ, ਨਸ਼ਿਆਂ ਅਤੇ ਭ੍ਰਿਸ਼ਟਾਚਾਰ ਤੋਂ ਦੁਖੀ ਹੋ ਕੇ ਹਰ ਕੋਈ ਪਰਵਾਸ ਕਰਨ ਦੀ ਜ਼ਿੱਦ ਪੁਗਾ ਰਿਹਾ ਹੈ। ਰਾਜ ਸਰਕਾਰ, ਬੁੱਧੀਜੀਵੀਆਂ ਸਮੇਤ ਕਿਸੇ ਵੀ ਵਰਗ ਨੇ ਕਦੇ ਵੀ ਇਸ ਪਰਵਾਸ ਸਬੰਧੀ ਸਿਰ ਜੋੜ ਕੇ ਇਸ ਦਾ ਜਵਾਬ ਤਲਾਸ਼ਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਦੀ ਧਰਤੀ ਨੂੰ ਨਸ਼ਿਆਂ ਦਾ ਗੜ੍ਹ, ਗੁੰਡਾ ਤੰਤਰ ਅੱਤੇ ਲੱਠਮਾਰਾਂ ਵਾਲੀ ਧਰਤੀ ਬਣਾਉਣ ਸਮੇਤ ਰੇਗਿਸਤਾਨ ਬਣਾਉਣ ਲਈ ਕੋਈ ਹੋਰ ਨਹੀਂ, ਸਗੋਂ ਇੱਥੇ ਰਾਜ ਕਰ ਗਈਆਂ ਸਭ ਸਰਕਾਰਾਂ ਜ਼ਿੰਮੇਵਾਰ ਹਨ, ਜਿਨ੍ਹਾਂ ਆਪਣੇ ਨਿੱਜੀ ਮੁਫਾਦਾਂ ਖਾਤਰ ਪੰਜਾਬ ਨੂੰ ਖਤਮ ਹੋਣ ਦੀ ਕਗਾਰ ’ਤੇ ਪਹੁੰਚਾ ਦਿੱਤਾ।

ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਰੋਕਣ ਲਈ ਹਾਲੇ ਤੱਕ ਵੀ ਕੋਈ ਸੁਹਿਰਦ ਸਿਆਸਤਦਾਨ ਦਿਖਾਈ ਨਹੀਂ ਦੇ ਰਿਹਾ। ਭਾਵੇਂ ਕਾਂਗਰਸੀ ਜਾਂ ਬਾਦਲਕੇ ਹੋਣ ਇਸ ਹਮਾਮ ਵਿੱਚ ਸਾਰੇ ਨੰਗੇ ਹਨ। ਆਖਰ ਪੰਜਾਬ ਨੂੰ ਉਜਾੜਨ ਲਈ ਇਹ ਰਲੀ ਮਿਲੀ ਖੇਡ ਕਦੋਂ ਤੱਕ ਖੇਡੀ ਜਾਵੇਗੀ? ਇਸ ਸਵਾਲ ਦਾ ਜਵਾਬ ਹਰ ਪੰਜਾਬੀ ਮੰਗ ਰਿਹਾ ਹੈ। ਦੇਸ਼ ਦੇ ਸਭ ਤੋਂ ਖੁਸ਼ਹਾਲ ਰਾਜ ਪੰਜਾਬ ਦੀ ਧਰਤੀ ‘ਤੇ ਕੋਈ ਰਹਿਣ ਨੂੰ ਤਿਆਰ ਕਿਉਂ ਨਹੀਂ? ਇਸ ਦਾ ਜਵਾਬ ਦੇਣਾ ਜ਼ਰੂਰੀ ਹੈ। ਇਹ ਵੀ ਸ਼ੱਕ ਪੈਦਾ ਹੋ ਰਿਹਾ ਹੈ ਕਿ ਦੇਸ਼ ਦੀਆਂ ਖੁਫੀਆ ਏਜੰਸੀਆਂ ਜਾਂ ਕੋਈ ਹੋਰ ਤਾਕਤਾਂ ਹੀ ਪੰਜਾਬ ਦੀ ਜ਼ਰਖੇਜ ਜ਼ਮੀਨ ਨੂੰ ਤਬਾਹ ਕਰਨ ਯਤਨਸ਼ੀਲ ਤਾਂ ਨਹੀਂ ਹਨ। ਇਸ ਦਾ ਜਵਾਬ ਸਾਨੂੰ ਜ਼ਰੂਰ ਲੱਭਣਾਂ ਪਵੇਗਾ। ਨਹੀਂ ਤਾਂ ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਕਦੇ ਵੀ ਮੁਆਫ ਨਹੀਂ ਕਰਨਗੀਆਂ।

First Punjabi Channel to go HD Worldwide

jus punjabi HD

IS NOW

HD

HIGH DEFINITION

Subscribe to the JUS Pack Today!

subscribe now

JUS Pack

has it all!

jus punjabi | JUS one | JUS 24x7 | 9x TASHAN

4 channels for only $14.99 on dish | sling

Call 1-888-246-6242 to Subscribe

For advertisement & more information call: +1-718-752-9290

www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

**Ranjit S Mangat**

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700
gbsingh84@gmail.com


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves Travel Stops & Country Stores


ਅਮਰੀਕਾ ਵਿਚ ਇੰਡੀਅਨ
ਗਰੋਸਰੀ ਦੇ ਨੰਬਰ ਵਨ
1
ਹੋਲਸੇਲਰ
MDH
SHAH
ASHOKA
ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ
ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ,
ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ
Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।
Special fares to
Amritsar & Delhi
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com




# ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਨ ਯੋਗ ਪੁਸਤਕਾਂ

## ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✓WEB DEVELOPMENT
- ✓WEB DESIGNING
- ✓WEB RE-DESIGN
- ✓LOGO DESIGN
- ✓SEO SERVICES
- ✓TECHNICAL SUPPORT



ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747

Web Media Art

info@webmediaart.com
www.webmediaart.com

# ਠੰਢੇ ਹੁੰਦੇ ਚੁੱਲ੍ਹਿਆਂ ਤੇ ਬਲਦੇ ਸਿਵਿਆਂ ਦੁਖੋਂ ਉਠੇ ਲੋਕਾਂ ਨੇ, ਜਗਾ ਦਿੱਤੀ ਸਰਕਾਰ

**ਦਲਬੀਰ ਸਿੰਘ ਧਾਲੀਵਾਲ**
ਸੰਪਰਕ: 99155-21087

**ਸਾਡੇ ਗਾਇਕ ਕਲਾਕਾਰ ਵੀ ਨੌਜਵਾਨਾਂ ਨੂੰ ਭੜਕਾਉਣ ਵਾਲੀ ਲੱਚਰ ਤੇ ਬੰਦੂਕਾਂ ਪਿਸਤੌਲਾਂ ਵਾਲੀ ਗਾਇਕੀ ਨੂੰ ਛੱਡ ਕੇ ਸਾਡੇ ਨੌਜਵਾਨਾਂ ਤੇ ਸਮਾਜ ਨੂੰ ਸਹੀ ਸੇਧ ਵਾਲੀ ਗਾਇਕੀ ਨੂੰ ਪੇਸ਼ ਕਰਨ ਜੋ ਨਸ਼ਿਆਂ ਤੇ ਗੁੰਡਾਗਰਦੀ ਦੇ ਵਿਰੁੱਧ ਹੋਵੇ। ਜੇ ਅਜਿਹੇ ਕਲਾਕਾਰ ਫਿਰ ਵੀ ਉਵੇਂ ਹੀ ਕਰਨ ਤਾਂ ਸਰਕਾਰ ਇਹਨਾਂ ਉਪਰ, ਅਜਿਹੀਆਂ ਰਿਕਾਰਡਿੰਗ ਕੰਪਨੀਆਂ ਅਤੇ ਅਜਿਹੇ ਟੀ. ਵੀ. ਚੈਨਲਾਂ ਉਪਰ ਸਖ਼ਤ ਕਾਰਵਾਈ ਕਰੇ। ਜੇ ਸਰਕਾਰ ਚਾਹੇ ਤਾਂ ਕੀ ਨਹੀਂ ਹੋ ਸਕਦਾ, ਜੇ ਰਾਤੋ ਰਾਤ ਨੋਟਬੰਦੀ ਹੋ ਸਕਦੀ ਹੈ ਤਾਂ ਕੀ ਨਸ਼ਾਬੰਦੀ ਨਹੀਂ ਹੋ ਸਕਦੀ?**

ਵਿਸ਼ਾ ਬਹੁਤ ਹੀ ਦਰਦਨਾਕ ਹੈ ਕਿਉਂਕਿ ਪੰਜਾਬ ਦੇ ਠੰਢੇ ਹੋ ਰਹੇ ਚੁੱਲ੍ਹਿਆਂ ਤੇ ਬਲਦੇ ਸਿਵਿਆਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ, ਜਿਨ੍ਹਾਂ ਵਿੱਚੋਂ ਆਉਂਦੀਆਂ ਦੁੱਖ ਭਰੀਆਂ ਆਵਾਜ਼ਾਂ ਇਹ ਹੋਕਾ ਦੇ ਰਹੀਆਂ ਹਨ : "ਉੱਠੋ ਓ ਕਲਮਾਂ ਵਾਲਿਓ, ਉੱਠੋ ਓ ਕੌਮ ਦੇ ਵਾਰਸੋ, ਜਾਗੋ ਓ ਤਖਤਾਂ ਵਾਲਿਓ, ਵੇਖੋ ਸਾਡਾ ਰੰਗਲਾ ਪੰਜਾਬ ਇਸ ਚਿੱਟੇ ਨੇ ਸਾਰਾ ਚਿੱਟਾ ਹੀ ਚਿੱਟਾ ਕਰ ਦਿੱਤਾ ਹੈ। ਵੇਖੋ ਇਸ ਚਿੱਟੇ ਦੀ ਓਵਰਡੋਜ਼ ਟੀਕੇ ਨਾਲ ਮਰੇ ਗਭਰੂ ਦੀ ਬਾਂਹ ਵਿੱਚ ਹੀ ਰਹਿ ਗਈ ਹੈ ਸਰਿੰਜ, ਬਲਦੇ ਸਿਵਿਆਂ ਦਾ ਬਾਲਣ ਬਣੇ ਜਵਾਨ ਪੁੱਤਾਂ ਦੀਆਂ ਮਾਵਾਂ ਕਿਵੇਂ ਦਿਲ ਹਿਲਾਊ ਵੈਣ ਪਾ ਰਹੀਆਂ ਹਨ, ਕਿਵੇਂ ਭੁੱਬਾਂ ਮਾਰਦਾ ਬੁੱਢਾ ਬਾਪ ਰੱਬ ਨੂੰ ਮਿਹਣਾ ਮਾਰ ਰਿਹਾ ਹੈ ਕਿ ਹੇ ਰੱਬਾ ਉਮਰ ਤਾਂ ਮੇਰੀ ਸੀ ਜਾਣ ਦੀ, ਤੂੰ ਜਵਾਨ ਪੁੱਤ ਨੂੰ ਕਿਉਂ ਲੈ ਗਿਆ?" ਵਿਰਲਾਪ ਕਰਦੀ ਜਵਾਨ ਵਿਧਵਾ ਤੇ ਰੱਖੜੀ ਵਾਲੀ ਰੋਂਦੀ ਭੈਣ ਦਾ ਵੀ ਬੁਰਾ ਹਾਲ ਹੈ। ਸਭ ਨੂੰ ਰੋਂਦੇ ਵੇਖ ਡੌਰ ਭੌਰ ਹੋਇਆ ਪੰਜ ਸਾਲਾ ਪੁੱਤਰ ਆਪਣੇ ਬਾਪ ਦੀ ਲਾਸ਼ ਨੂੰ ਲਿਪਟਿਆ ਹੋਇਆ ਕਹਿ ਰਿਹਾ ਹੈ, 'ਪਾਪਾ ਉੱਠੋ ਮੈਨੂੰ ਸਕੂਲ ਛੱਡ ਕੇ ਆਓ'। ਇਹ ਸਾਰਾ ਸੀਨ ਬੜਾ ਹੀ ਦੁੱਖਾਂ ਭਰਿਆ ਹੈ। ਪਰ ਦੂਜੇ ਪਾਸੇ ਪੰਜਾਬ ਦੀ ਮੌਜੂਦਾ ਤੇ ਸਾਬਕਾ ਸਰਕਾਰ ਇੱਕ ਦੂਜੇ ਉੱਤੇ ਨਸ਼ਿਆਂ ਪ੍ਰਤੀ ਸਿਆਸੀ ਦੂਸ਼ਣਬਾਜ਼ੀ ਵੱਧ ਕਰ ਰਹੀਆਂ ਹਨ ਤੇ ਦੁਖੀ ਪਰਿਵਾਰਾਂ ਦੀ ਫਿਕਰ ਘੱਟ ਹੈ। ਸਾਬਕਾ ਸਰਕਾਰ ਜ਼ਰਾ ਯਾਦ ਕਰੇ ਕਿ ਇਹ ਨਸ਼ਾ ਤਾਂ ਉਹਦੇ ਵੇਲੇ ਹੀ ਪਲਿਆ ਤੇ ਜਵਾਨ ਹੋਇਆ ਸੀ, ਉਦੋਂ ਕਿਸੇ ਲੀਡਰ ਵੱਲੋਂ ਨਸ਼ੇ ਪ੍ਰਤੀ ਦਿੱਤੇ ਬਿਆਨ ਨੂੰ ਉਹ ਝੂਠੇ ਇਲਜ਼ਾਮ ਕਹਿੰਦੇ ਸਨ। ਜੇ ਇਹ ਨਸ਼ਾ ਉਦੋਂ ਰੋਕਿਆ ਜਾਂਦਾ ਤਾਂ ਅੱਜ ਇਹ ਹਾਲ ਨਹੀਂ ਸੀ ਹੋਣਾ, ਫਿਰ ਹੁਣ ਝੂਠੇ ਫੋਕੇ ਰੋਸ ਮਾਰਚ ਕਰਨ ਦੀ ਕੀ ਤੁਕ ਹੈ? ਹੁਣ ਜੇ ਪੁਲਿਸ ਪ੍ਰਸ਼ਾਸਨ ਦੀ ਮਾੜੀ ਕਾਰਗੁਜ਼ਾਰੀ ਦੀ ਗੱਲ ਕਰੀਏ ਤਾਂ ਦੋ ਸੀਨੀਅਰ ਕਾਂਗਰਸ ਲੀਡਰਾਂ ਨੇ ਇਸ ਸਬੰਧੀ ਵੀਡੀਓ, ਟੀਵੀ. ਤੇ ਅਖ਼ਬਾਰੀ ਸੁਰਖੀਆਂ ਰਾਹੀਂ ਦੱਸਿਆ ਹੈ ਕਿ ਕਿਵੇਂ ਪੁਲਿਸ ਵਾਲੇ ਖੁਦ ਹੀ ਨਸ਼ਾ ਵਿਕਾਅ ਰਹੇ ਹਨ, ਜਿਵੇਂ ਕਿ ਇਕ ਡੀਐਸਪੀ. ਨੇ ਇਕ ਲੜਕੀ ਨੂੰ ਸਾਜ਼ਿਸ਼ ਰਾਹੀ ਪਹਿਲਾਂ ਨਸ਼ੇੜੀ ਬਣਾਇਆ ਤੇ ਫਿਰ ਹੋਰ ਲੜਕੀਆਂ ਲਿਆਉਣ ਲਈ ਕਿਹਾ। ਇਹ ਲੜਕੀ ਹੁਣ ਨਸ਼ਾ ਮੁਕਤੀ ਕੇਂਦਰ ਵਿੱਚ ਇਲਾਜ ਅਧੀਨ ਹੈ ਜੋ ਸਭ ਦੱਸਦੀ ਹੈ। ਇਵੇਂ ਹੀ ਦੱਸਿਆ ਗਿਆ ਹੈ ਕਿ ਇਕ ਥਾਣੇ ਦੀ ਪੁਲਿਸ ਨੇ ਨੇੜਲੇ ਪਿੰਡ ਦੇ ਇਕ ਲਿਹਾਜੀ ਨਸ਼ਾ ਤਸਕਰ ਨੂੰ ਫੜਨ ਦੀ ਬਜਾਏ ਉਸ ਬੇਦੋਸ਼ੇ ਬੰਦੇ ਨੂੰ ਹੀ ਫੜ ਕੇ ਤਸੀਹੇ ਦਿੱਤੇ ਜਿਸ ਨੇ ਉਸ ਨਸ਼ਾ ਤਸਕਰ ਦੀ ਸ਼ਿਕਾਇਤ ਕੀਤੀ। ਫਿਰ ਉਸ ਦੀ ਪਤਨੀ ਤੋਂ 50,000/- ਰੁਪਏ ਵੀ ਮੰਗੇ ਗਏ ਉਸ ਦੇ ਬਚਾਅ ਲਈ ਅਤੇ ਪੈਸੇ ਨਾ ਮਿਲਣ ਤੋਂ ਬਾਅਦ ਉਸ 'ਤੇ ਨਸ਼ੇ ਦਾ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ। ਇਵੇਂ ਹੀ ਇਕ ਪਿੰਡ ਵਿੱਚ ਨਸ਼ਾ ਤਸਕਰਾਂ ਦਾ ਵਿਰੋਧ ਕਰਨ ਵਾਲੇ ਸਾਬਕਾ ਫੌਜੀ ਨੂੰ ਉਹਨਾਂ ਤਸਕਰਾਂ ਨੇ ਹੀ ਕੁੱਟ-ਕੁੱਟ ਕੇ ਉਸ ਦੀਆਂ ਲੱਤਾਂ ਤੋੜ ਦਿੱਤੀਆਂ ਪਰ ਠੋਸ ਪੁਲਿਸ ਕਾਰਵਾਈ ਕੋਈ ਨਹੀਂ ਵੇਖੀ ਗਈ। ਕੀ ਇਹ ਸਾਰੀ ਧੱਕੇਸ਼ਾਹੀ ਪੁਲਿਸ ਆਪ ਹੀ ਕਰਦੀ ਹੈ ਕਿ ਕੋਈ ਇਸ ਤੋਂ ਉਪਰੋਂ ਕਰਵਾਉਂਦਾ ਹੈ, ਇਹ ਵੀ ਵਿਚਾਰ ਅਤੇ ਪੜਤਾਲ ਦਾ ਵਿਸ਼ਾ ਹੈ, ਜਿਸ ਉਪਰੰਤ ਸਾਬਿਤ ਹੋਏ ਦੋਸ਼ੀ ਨੂੰ ਸਖਤ ਸਜ਼ਾ ਮਿਲਣੀ ਅਤਿ ਜ਼ਰੂਰੀ ਹੈ ਚਾਹੇ ਉਹ ਪੁਲਿਸ ਅਫ਼ਸਰ ਹੋਵੇ, ਚਾਹੇ ਸਿਆਸੀ ਲੀਡਰ ਹੋਵੇ, ਤਾਂ ਹੀ ਪੰਜਾਬ ਨਸ਼ਾ ਮੁਕਤ ਬਣੇਗਾ। ਇਥੇ ਪੰਜਾਬ ਪੁਲਿਸ ਦੀ ਮੁਕੰਮਲ ਸਕਰੀਨਿੰਗ ਹੋਣੀ ਚਾਹੀਦੀ ਹੈ ਕਿਉਂਕਿ ਦੋ ਮਹੀਨੇ ਵਿੱਚ ੬0 ਮੁੰਡੇ ਇਸ ਚਿੱਟੇ ਦੀ ਬਲੀ ਚੜ੍ਹ ਚੁੱਕੇ ਹਨ। ਇਵੇ ਹੀ ਜੇਲ੍ਹਾਂ ਦੀ ਪੁਲਿਸ ਤੇ ਬਾਕੀ ਸਟਾਫ ਦੀ ਵੀ ਪੂਰੀ ਸਕਰੀਨਿੰਗ ਹੋਵੇ। ਦੋਸ਼ੀ ਅਧਿਕਾਰੀ/ਕਰਮਚਾਰੀ ਨੂੰ ਸਖਤ ਸਜ਼ਾ ਮਿਲੇ ਕਿਉਂਕਿ 80 ਫੀਸਦੀ ਕੈਦੀ ਤੇ ਹਵਾਲਾਤੀਆਂ ਵੱਲੋਂ ਨਸ਼ਾ ਕਰਨ ਦੀ ਤਾਜ਼ਾ ਰਿਪੋਰਟ ਵੀ ਹੈ। ਇਸ ਸਾਰੇ ਸਿਸਟਮ ਤੋਂ ਦੁੱਖੀ ਹੋ ਕੇ ਕਲਮਾਂ ਵਾਲੇ, ਲਿਖਾਰੀ, ਬੁਧੀਜੀਵੀ, ਪੱਤਰਕਾਰ, ਨਾਰੀ ਸੰਗਠਨ ਅਤੇ ਨੌਜਵਾਨ ਜਥੇਬੰਦੀਆਂ, ਇਹ ਸਭ ਇਸ ਚਿੱਟੇ ਨਸ਼ੇ ਵਿਰੁਧ ਉੱਠ ਖੜੇ ਹੋਏ ਹਨ, ਜਿਨ੍ਹਾਂ ਨੇ ਇਕ ਜੁੱਟ ਹੋ ਕੇ ਇਸ "ਚਿੱਟੇ ਵਿਰੁੱਧ ਕਾਲਾ ਹਫਤਾ" ਨਾਂ ਉਤੇ ਇਕ ਜੰਗ ਛੇੜ ਦਿੱਤੀ। ਇਹ ਸਭ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਜਾਗਰੁਕ ਕਰਨਾ ਅਤੇ ਚਿੱਟੇ ਨਾਲ ਮਰੇ ਮੁੰਡਿਆਂ ਦੇ ਦੁੱਖੀ ਮਾਂ ਪਿਆਂ ਨੂੰ ਮਿਲ ਰਹੇ ਹਨ, ਕਈ ਥਾਈ ਇਹਨਾਂ ਨੇ ਪਿੰਡਾਂ 'ਚੇ ਨਸ਼ੇ ਵੇਚਦੇ ਤਸਕਰਾਂ ਨੂੰ ਕਾਬੂ ਕਰਕੇ ਕਟਾਪਾ ਚਾੜ੍ਹਿਆ ਤੇ ਫਿਰ ਪੁਲਿਸ ਨੂੰ ਫੜਾਏ ਹਨ। ਪੱਤਰਕਾਰਾਂ ਤੇ ਬੁੱਧੀਜੀਵੀਆਂ ਨੇ ਲਿਖਤਾਂ ਰਾਹੀ ਸਮਾਜ, ਸਰਕਾਰ ਅਤੇ ਨਸ਼ੇ ਦੀ ਸਹੀ ਤਸਵੀਰ ਲੋਕਾਂ ਸਾਹਮਣੇ ਰੱਖੀ ਹੈ ਅਤੇ ਅਜਿਹੀ ਸ਼ਬਦਾਵਲੀ ਵਾਲੇ ਪੈਂਫਲਿਟ ਵੀ ਲੋਕਾਂ ਵਿੱਚ ਵੰਡੇ ਹਨ ਜੋ ਸਾਡੇ ਭਟਕੇ ਹੋਏ ਗਭਰੂਆਂ ਨੂੰ ਆਪਣਾ ਵਿਰਸਾ ਯਾਦ ਕਰਾ ਕੇ ਜੋਸ਼ ਨਾਲ ਹੋਸ਼ ਰੱਖਣ ਦੀ ਪ੍ਰੇਰਣਾ ਦਿੰਦੇ ਹਨ। ਇਹ ਸ਼ਬਦਾਵਲੀ ਸਾਡੇ ਦੇਸ਼/ਸੂਬੇ ਦੇ ਨੀਤੀ ਘਾੜਿਆਂ, ਕਾਨੂੰਨ ਦੇ ਰਾਖਿਆਂ, ਸੱਤਾ ਦੇ ਤਖਤਾਂ ਤੇ ਬੈਠੇ ਸ਼ਾਸਕਾਂ ਨੂੰ ਕੌਮ ਪ੍ਰਸਤੀ/ ਦੇਸ਼ ਭਗਤੀ ਅਤੇ ਦੇਸ਼ ਦੀ ਸੁਰੱਖਿਆ ਪਾਲਿਸੀ ਪ੍ਰਤੀ ਸੁਚੇਤ ਰਹਿਣ ਦਾ ਸਬਕ ਵੀ ਦਿੰਦੀ ਹੈ। ਇਹ ਸ਼ਬਦਾਵਲੀ ਇਸ ਤਰ੍ਹਾਂ ਹੈ :




ਅਫਗਾਨਿਸਤਾਨ ਦਾ ਅੱਜ ਦੇ ਪੰਜਾਬ ਨੂੰ ਸਵਾਲ.......

"ਪੰਜਾਬ ਸਿਆਂ ਕੀ ਹਾਲ? ....ਸਿਰ ਜਿਹਾ ਕਿਉਂ ਸਿੱਟੀ ਬੈਠਾ, ਪਛਾਣਿਆ ਮੈਨੂੰ ? ਓ ਦੇਖ ਤਾਂ ਸਹੀ ਉਤਾਂਹ ਨੂੰ...ਮੈਂ ਅਫਗਾਨ...ਓਹੀ ਆਂ ਸ਼ਰੀਕ ਤੇਰਾ ਜੋ ਤੈਨੂੰ ਢਾਹੁਣ ਨੂੰ ਫਿਰਦਾ ਸੀ। ਬੜੇ ਦਿਨ ਸੀ ਮੱਲਾ ਤੇਰੇ ਓਦੋਂ...ਮੇਰੀ ਹਿੱਕ ਦਾ ਸਰਾਹਣਾ ਲਾ ਕੇ ਸੌਂਦਾ ਸੀ? ਤਿੱਬਤ ਤੱਕ ਦੇ ਬਰਫੀਲੇ ਪਹਾੜ, ਰਾਜਸਥਾਨ ਦਾ ਮਾਰੂਥਲ ਤੇਰੀਆਂ ਬਾਹਾਂ ਦੀ ਬੁੱਕਲ 'ਚ ਹੁੰਦਾ ਸੀ... ਦਿੱਲੀ ਤੇਰੇ ਪੈਰਾਂ ਵਿੱਚ ਕਿਵੇਂ ਗਰੀਬੜੀ ਵਾਂਗ ਪਈ ਹੁੰਦੀ ਸੀ....ਬੜੇ ਸ਼ੇਰ ਪੁੱਤ ਜੰਮੇ ਸੀ ਤੂੰ.... ਮੇਰੇ ਪੁੱਤ ਬਾਬਰ ਨੂੰ ਜਾਬਰ ਕਹਿੰਦਾ ਥੱਕਦਾ ਨੀ ਸੀ ਮੂੰਹ ਤੇ ਫਿਰ ਮੈਂ ਅਬਦਾਲੀ ਨੂੰ ਘੱਲਿਆ ਸੀ ਤੈਨੂੰ ਢਾਹੁਣ ਲਈ, ਵਿਚਾਰਾ ਹਮਲੇ ਕਰਦਾ ਥੱਕ ਗਿਆ...ਨਾਦਰ ਸ਼ਾਹ ਵਰਗਾ ਤੇਰੇ ਤੋਂ ਜਾਨ ਛੁਡਾ, ਸਿੱਧਾ ਲਾਹੌਰ ਜਾ ਜ਼ਕਰੀਏ ਨੂੰ ਪੁੱਛਦਾ ਸੀ, ਆਹ ਕੌਣ ਨੇ ਸ਼ੇਰ ਦੀ ਦਾੜ੍ਹ ਚੋਂ ਮਾਸ ਖੋਹਣ ਵਾਲੇ। ਇਹ ਕੌਣ ਬਲਾਵਾਂ ਨੇ ਜਿਹਨਾਂ ਮੇਰਾ ਖੂੰਖਾਰ ਭੁੱਖੇ ਸ਼ੇਰਾਂ ਵਾਂਗ ਪਿੱਛਾ ਕੀਤਾ ਏ... ਹੋਰ ਵੀ ਕਈ ਗਜ਼ਨਵੀ ਵਰਗੇ ਮੇਰੇ ਯੋਧਿਆਂ ਦੇ ਮੂੰਹ ਭੰਨੇ ਸੀ ਤੂੰ, ਤੇਰਾ ਤਾਂ ਹਰੀ ਸਿੰਘ ਨਲੂਆ ਨੀ ਸੀ ਮਾਨ ਭਰਾਵਾ..ਅਜੇ ਵੀ ਮੇਰੇ ਪੋਤਰੇ-ਪੜਪੋਤਰੇ ਡਰਦੇ ਨੇ ਓਹਦੇ ਨਾਮ ਤੋਂ...ਕੋਈ ਨੀ ਢਾਹ ਸਕਿਆ ਸੀ ਤੈਨੂੰ...ਹੁਣ ਸੁਣਾ...ਹੁਣ ਕੀ ਹੋ ਗਿਆ... ਹੁਣ ਤਾਂ ਮੈਂ ਨੀ ਭੇਜਿਆ ਕਿਸੇ ਨੂੰ..ਹੁਣ ਤਾਂ ਮੈਂ ਫਸਲ ਵੇਚਦਾਂ ਤੇ ਤੇਰੇ ਪੁੱਤ ਖਰੀਦਦੇ ਆ....ਕੀ ਕਹਿੰਦੇ ਆ ਉਹਨੂੰ ਥੋਡੇ ਏਥੇ, ਆਹੋ ਚਿੱਟਾ.... ਦੇਖ ਲੈ ਢਾਹ ਲਿਆ ਨਾ ਮੈਂ ਤੈਨੂੰ ਪੰਜਾਬ ਸਿਆਂ....ਢਾਹ ਲਿਆ ਨਾ ਢਾਹ.... ਹਾ... ਹਾ... ਹਾ... ।"

ਜਾਗਰੂਕ ਲੋਕਾਂ ਦੀ ਜੋਸ਼ ਭਰੀ ਇਸ ਇਕਜੁਟਤਾ ਦੇ ਰੋਹ ਨੂੰ ਵੇਖ ਕੇ ਤਖਤਾਂ 'ਤੇ ਬੈਠੇ ਸਾਡਾ ਸ਼ਾਸਕ (ਸਰਕਾਰ) ਜਾਗੇ ਤਾਂ ਹਨ। ਕੁਝ ਵਿਵਾਦਿਤ ਪੁਲਿਸ ਅਫਸਰਾਂ ਤੇ ਕਾਰਵਾਈ ਕੀਤੀ ਗਈ ਹੈ, ਇਕ ਡੀਐਸਪੀ. ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵੀ ਭੇਜਿਆ ਹੈ ਪਰ ਲੋੜ ਹੈ ਇਸ ਡੀਐਸਪੀ. ਨਾਲ ਜੁੜੇ ਪੂਰੇ ਨੈਟਵਰਕ ਨੂੰ ਨੰਗਾ ਕਰਕੇ ਹਰ ਦੋਸ਼ੀ ਨੂੰ ਸਖਤ ਸਜ਼ਾ ਦੇਣ ਦੀ। ਫਿਰ ਸਰਕਾਰ ਨੇ ਕੈਬਨਿਟ ਮੀਟਿੰਗ ਵਿੱਚ ਇਕ ਸਖਤ ਕਿਹਾ ਜਾਂਦਾ ਫੈਸਲਾ ਵੀ ਲਿਆ ਹੈ ਕਿ ਨਸ਼ੇ ਦੇ ਸੌਦਾਗਰਾਂ ਨੂੰ ਫਾਂਸੀ ਹੋਵੇਗੀ ਅਤੇ ਇਹ ਫੈਸਲਾ ਪਰਵਾਨਗੀ ਲਈ ਕੇਂਦਰ ਸਰਕਾਰ ਨੂੰ ਭੇਜ ਦਿੱਤਾ ਹੈ। ਖੈਰ ਇਹ ਫੈਸਲਾ ਲੱਗਦਾ ਤਾਂ ਬਹੁਤ ਚੰਗਾ ਹੈ ਪਰ ਨਾਲ ਹੀ ਦਿਲ ਲੁਭਾਵਣਾ ਵੀ ਜਾਪਦਾ ਹੈ ਕਿਉਂਕਿ ਸਾਡੀ ਪੁਲਿਸ ਵੱਲੋਂ ਸਿਆਸੀ ਦਬਾਅ ਜਾਂ ਰਿਸ਼ਵਤ ਖੋਰੀ ਅਧੀਨ ਕੰਮ ਕਰਨ ਦਾ ਤਰੀਕਾ ਜੋ ਹੈ, ਉਹ ਅਸਲੀ ਵੱਡੇ ਤਸਕਰਾਂ ਨੂੰ ਬਚਾ ਕੇ ਕਿਸੇ ਬੇਸਿਫਾਰਸ਼ੀ ਬੇਦੋਸ਼ੇ ਨੂੰ ਫੜ੍ਹ ਕੇ ਸਜ਼ਾ ਦਿਵਾ ਸਕਦਾ ਹੈ। ਇਸ ਕਰਕੇ ਪੁਲਿਸ ਦੇ ਕੰਮ ਵਿੱਚ ਪਾਰਦਰਸ਼ਿਤਾ ਦੀ ਲੋੜ ਹੈ ਨਹੀਂ ਤਾਂ ਗਰੀਬ ਅਤੇ ਬੇਦੋਸ਼ਾ ਇਨਸਾਨ ਰਗੜਿਆ ਜਾਇਆ ਕਰੇਗਾ ਅਤੇ ਤਕੜਾ ਤਸਕਰ ਬਚ ਜਾਵੇਗਾ। ਫਿਰ ਇਹ ਵੀ ਕੀ ਪਤਾ ਕਿ ਕੇਂਦਰ ਤੋਂ ਮਨਜ਼ੂਰੀ ਕਦੋਂ ਤੇ ਕਿਸ ਰੂਪ ਵਿੱਚ ਆਉਂਦੀ ਹੈ। ਸੋ ਅਪੀਲ ਹੈ ਪੰਜਾਬ ਸਰਕਾਰ ਨੂੰ ਕਿ ਇਸ ਪਾਰਦਰਸ਼ਤਾ ਲਈ ਸਮਾਜ ਸੇਵੀ, ਬੁਧੀਜੀਵੀ, ਧਾਰਮਕ ਆਗੂਆਂ ਅਤੇ ਮੁਲਾਜ਼ਿਮ ਤੇ ਵਿਦਿਆਰਥੀ ਜਥੇਬੰਦੀ ਆਗੂਆਂ, ਪੁਲਿਸ ਅਫਸਰਾਂ, ਸੱਤਾ ਧਾਰੀ ਤੇ ਵਿਰੋਧੀ ਪਾਰਟੀ ਲੀਡਰਾਂ ਦੀ ਇਕ ਸਾਂਝੀ ਮੀਟਿੰਗ ਬੁਲਾ ਕੇ, ਸੁਝਾਅ ਲੈ ਕੇ ਸਾਂਝੀਆਂ ਕਮੇਟੀਆਂ ਜ਼ਿਲ੍ਹਾ ਅਤੇ ਤਹਿਸੀਲ ਪੱਧਰ ਤੇ ਬਣਾਈਆਂ ਜਾਣ ਜਿਸ ਵਿੱਚ ਹਲਕੇ ਦਾ ਵਿਧਾਇਕ ਅਤੇ ਐਮ.ਪੀ. ਵੀ ਸ਼ਾਮਿਲ ਹੋਣ। ਇਹ ਟੀਮਾਂ ਪਿੰਡ-ਪਿੰਡ ਜਾ ਕੇ ਪੀੜਤ ਲੋਕਾਂ ਦਾ ਦੁੱਖ ਵੀ ਸੁਣਨ ਤੇ ਜਾਗਰੂਕ ਵੀ ਕਰਨ, ਉਹਨਾਂ ਤੋਂ ਨਸ਼ਾ ਤਸਕਰਾਂ ਦੇ ਸੁਰਾਗ ਲਭ ਕੇ ਪੂਰੀ ਜਾਣਕਾਰੀ ਮੁੱਖ ਮੰਤਰੀ ਜੀ ਨੂੰ ਦਿੱਤੀ ਜਾਵੇ ਤੇ ਫਿਰ ਅਸਰਦਾਰ ਪੁਲਿਸ ਕਾਰਵਾਈ ਕੀਤੀ ਜਾਵੇ। ਜੇ ਫਿਰ ਵੀ ਜਿਥੇ ਨਸ਼ਾ ਵਿਕੇ ਤਾਂ ਉਸ ਹਲਕੇ ਦੇ ਐਮਐਲਏ ਅਤੇ ਪੁਲਿਸ ਅਫਸਰਾਂ ਨੂੰ ਕਟਿਹਰੇ ਵਿੱਚ ਖੜ੍ਹਾ ਕੀਤਾ ਜਾਵੇ। ਚਾਹੀਦਾ ਇਹ ਵੀ ਹੈ ਕਿ ਪਿੰਡਾਂ ਵਿੱਚ ਚਲ ਰਹੇ ਮੈਡੀਕਲ ਸਟੋਰਾਂ ਅਤੇ ਝੋਲਾਛਾਪ ਡਾਕਟਰਾਂ ਦੀ ਵੀ ਸਖਤ ਪੜਤਾਲ ਹੋਵੇ। ਸਾਡੇ ਗਾਇਕ ਕਲਾਕਾਰ ਵੀ ਨੌਜਵਾਨਾਂ ਨੂੰ ਭੜਕਾਉਣ ਵਾਲੀ ਲੱਚਰ ਤੇ ਬੰਦੂਕਾਂ ਪਿਸਤੌਲਾਂ ਵਾਲੀ ਗਾਇਕੀ ਨੂੰ ਛੱਡ ਕੇ ਸਾਡੇ ਨੌਜਵਾਨਾਂ ਤੇ ਸਮਾਜ ਨੂੰ ਸਹੀ ਸੇਧ ਵਾਲੀ ਗਾਇਕੀ ਨੂੰ ਪੇਸ਼ ਕਰਨ ਜੋ ਨਸ਼ਿਆਂ ਤੇ ਗੁੰਡਾਗਰਦੀ ਦੇ ਵਿਰੁੱਧ ਹੋਵੇ। ਜੇ ਅਜਿਹੇ ਕਲਾਕਾਰ ਫਿਰ ਵੀ ਉਵੇਂ ਹੀ ਕਰਨ ਤਾਂ ਸਰਕਾਰ ਇਹਨਾਂ ਉਪਰ, ਅਜਿਹੀਆਂ ਰਿਕਾਰਡਿੰਗ ਕੰਪਨੀਆਂ ਅਤੇ ਅਜਿਹੇ ਟੀ. ਵੀ. ਚੈਨਲਾਂ ਉਪਰ ਸਖਤ ਕਾਰਵਾਈ ਕਰੇ। ਜੇ ਸਰਕਾਰ ਚਾਹੇ ਤਾਂ ਕੀ ਨਹੀਂ ਹੋ ਸਕਦਾ, ਜੇ ਰਾਤੋ ਰਾਤ ਨੋਟਬੰਦੀ ਹੋ ਸਕਦੀ ਹੈ ਤਾਂ ਕੀ ਨਸ਼ਾਬੰਦੀ ਨਹੀਂ ਹੋ ਸਕਦੀ? ਇਸ ਦੇ ਨਾਲ ਹੀ ਬੇਨਤੀ ਹੈ ਸਭਨਾਂ ਧਰਮਾਂ ਦੇ ਆਗੂਆਂ ਨੂੰ ਕਿ ਉਹ ਮਨੁੱਖਤਾਂ ਦੇ ਭਲੇ ਵਾਲੇ ਇਹ ਕੰਮ, "ਨਸ਼ਾ ਵਿਰੋਧੀ ਮੁਹਿੰਮ" ਨੂੰ ਆਪਣਾ ਪੂਰਾ ਸਹਿਯੋਗ ਦੇਣ। ਵਿਸ਼ੇਸ਼ ਬੇਨਤੀ ਹੈ ਸਾਡੇ ਗਿਆਰਾਂ ਅਰਬ (11 ਅਰਬ 59 ਕਰੋੜ) ਰੁਪਏ ਸਲਾਨਾਂ ਆਮਦਨ ਬਜਟ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਭ ਆਗੂਆਂ ਨੂੰ ਕਿ ਉਹ ਪੰਜਾਬ ਨੂੰ ਤਬਾਹ ਕਰਨ ਵਾਲੇ ਚਿੱਟੇ ਵਿਰੁੱਧ ਚਲਾਈ ਜਾ ਰਹੀ ਲਹਿਰ ਨੂੰ ਮਾਇਕ ਅਤੇ ਪ੍ਰਚਾਰਕ ਸਹਾਇਤਾ ਜ਼ਰੂਰ ਦੇਣ ਕਿਉਂਕਿ ਇਹ ਕਮੇਟੀ ਪੂਰੀ ਸਮਰਥਾ ਰੱਖਦੀ ਹੈ ਇਸ ਕੰਮ ਲਈ। ਇਤਿਹਾਸ ਗਵਾਹ ਹੈ ਕਿ ਕੁਦਰਤੀ ਆਫਤਾਂ ਵਿੱਚ ਵੀ ਸ਼੍ਰੋਮਣੀ ਕਮੇਟੀ ਮਨੁੱਖਤਾ ਦੀ ਹਰ ਮਦਦ ਕਰਦੀ ਰਹੀ ਹੈ ਅਤੇ ਫਿਰ ਸਿੱਖ ਗੁਰੂ ਸਹਿਬਾਨ ਦਾ ਮਹਾਨ ਫਲਸਫਾ ਵੀ ਜ਼ੁਲਮ ਦੇ ਸ਼ਿਕਾਰ ਅਤੇ ਹੋਰ ਗਰੀਬ, ਮਜ਼ਲੂਮ, ਬੇਸਹਾਰਾ ਦੁਖੀ ਮਨੁੱਖਾਂ ਦੀ ਨਿਸ਼ਕਾਮ ਸੇਵਾ ਕਰਨਾ ਹੈ। ਇਹ ਵੀ ਸੋਚਿਆ ਜਾਵੇ ਕਿ ਵੱਡੀਆਂ-ਵੱਡੀਆਂ ਹੋਰ ਗੁਰਦੁਆਰਾ ਇਮਾਰਤਾਂ ਬਣਾਈ ਜਾਣਾ ਜਾਂ ਇਹਨਾਂ ਉਪਰ ਸੋਨਾ ਚੜ੍ਹਾ ਕੇ ਅਰਬਾਂ ਰੁਪਏ ਖਰਚੀ ਜਾਣੇ ਗੁਰੂ ਸਹਿਬਾਨ ਦਾ ਸੰਦੇਸ਼ ਬਿਲਕੁਲ ਨਹੀਂ ਹੈ ਬਲਕਿ ਉਹਨਾਂ ਨੇ ਤਾਂ ਗਰੀਬ ਦੇ ਮੂੰਹ ਨੂੰ ਹੀ ਗੁਰੂ ਦੀ ਗੋਲਕ ਵਾਲਾ ਮਹਾਨ ਉਪਦੇਸ਼ ਸਾਨੂੰ ਦਿੱਤਾ ਹੈ। ਸੋ ਅੱਜ ਜੇ ਸਾਡੀ ਸਰਕਾਰ ਅਤੇ ਸਮਾਜ ਦੇ ਹਰ ਵਰਗ ਦੇ ਲੋਕ ਇਸ ਨਸ਼ੇ ਦੇ ਵਿਰੁੱਧ ਪੂਰੀ ਇੱਛਾ ਸ਼ਕਤੀ ਨਾਲ ਇੱਕਠੇ ਹੋ ਕੇ ਇੰਜ ਹੀ ਕੰਮ ਜਾਰੀ ਰੱਖਣ ਤਾਂ ਇਹ ਗੱਲ ਯਕੀਨੀ ਹੈ ਕਿ ਨਸ਼ਾ ਪੰਜਾਬ ਵਿੱਚ ਬਿਲਕੁਲ ਨਹੀਂ ਰਹਿ ਸਕਦਾ।

# ਬੱਚਿਆਂ ਨੂੰ ਰੋਟੀ ਦੇਈਏ ਕਿ ਨਸ਼ੇ?

**ਇਕਵਾਕ ਸਿੰਘ ਪੱਟੀ**

ਹੱਥਲੇ ਲੇਖ ਦਾ ਸਿਰਲੇਖ ਪਿਛਲੇ ਸਮੇਂ 'ਚ ਅਖਬਾਰਾਂ ਵਿੱਚ ਛਪੀ ਖਬਰ ਦਾ ਸਿਰਲੇਖ ਸੀ, ਕਿ 'ਪੱਟੀ ਇਲਾਕੇ ਦੀਆਂ ਔਰਤਾਂ ਬੋਲੀਆਂ, ਬੱਚਿਆਂ ਨੂੰ ਰੋਟੀ ਦੇਈਏ ਕਿ ਨਸ਼ੇ'। ਇਸ ਖ਼ਬਰ ਅਨੁਸਾਰ ਪੱਟੀ ਸ਼ਹਿਰ ਦੇ ਨੇੜੇ ਤੇੜੇ ਦੇ ਇਲਾਕੇ ਵਿੱਚ ਹੁਣ ਤੱਕ ਦੋ ਹਜ਼ਾਰ ਤੋਂ ਵੱਧ ਨੌਜਵਾਨਾਂ ਦੀ ਮੌਤ ਨਸ਼ਿਆਂ ਕਰਕੇ ਹੋ ਚੁੱਕੀ ਹੈ ਅਤੇ ਹਾਲ ਵਿੱਚ ਸੱਤ ਨੌਜਵਾਨਾਂ ਦੀ ਮੌਤ ਹੋਈ ਜਿਨ੍ਹਾਂ ਦੀ ਘੱਟ ਤੋਂ ਘੱਟ ਉਮਰ 19 ਸਾਲ ਅਤੇ ਵੱਧ ਤੋਂ ਵੱਧ 32 ਸਾਲ ਹੈ। ਪੱਟੀ ਸ਼ਹਿਰ ਮੇਰਾ ਜੱਦੀ ਇਲਾਕਾ ਹੈ, ਜਿੱਥੇ ਮੇਰਾ ਜਨਮ ਹੋਇਆ ਸੀ। ਉਹ ਪੱਟੀ ਜਿਸ ਨੂੰ ਕਦੇ ਨੌਲੱਖੀ ਪੱਟੀ ਕਿਹਾ ਜਾਂਦਾ ਸੀ, ਜਿਸ ਪੱਟੀ ਸ਼ਹਿਰ ਦੇ ਨਾਮ ਦਾ ਜ਼ਿਕਰ ਇਤਿਹਾਸ ਵਿੱਚ ਅਤੇ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਦੀਆਂ ਰਚਿਤ ਵਾਰਾਂ ਵਿੱਚ ਵੀ ਸ਼ਾਮਲ ਹੈ। ਪਰ ਅੱਜ ਗੱਲ ਇੱਕਲੇ ਪੱਟੀ ਦੇ ਇਲਾਕੇ ਦੀ ਨਹੀਂ, ਸਗੋਂ ਨਸ਼ਿਆਂ ਦੀ ਭੈੜੀ ਬਿਮਾਰੀ ਨੇ ਸਾਡੇ ਪੂਰੇ ਪੰਜਾਬ ਦੀ ਨੌਜਵਾਨੀ ਨੂੰ ਆਪਣਾ ਬੁੱਕਲ ਵਿੱਚ ਲੈ ਕੇ, ਨੌਜਵਾਨੀ ਦਾ ਸਾਹ ਘੁੱਟਣ ਦਾ ਜ਼ੋਰ ਲਗਾਇਆ ਹੋਇਆ ਹੈ। ਗੁਰੂਆਂ ਪੀਰਾਂ ਦੇ ਨਾਮ ਨਾਲ ਜਾਣੀ ਜਾਂਦੀ ਪੰਜ+ਆਬ (ਪੰਜ ਦਰਿਆਵਾਂ ਦੀ ਧਰਤੀ) ਵਿੱਚ ਅੱਜ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਨੇ ਪੰਜਾਬ ਦੀ ਜਵਾਨੀ ਨੂੰ ਤਹਿਸ ਨਹਿਸ ਕਰ ਕੇ ਰੱਖ ਦਿੱਤਾ ਹੈ। ਮੱਤ ਹੈਰਾਨ ਹੋ ਜਾਂਦੀ ਹੈ ਅੱਜ ਦਾ ਪੰਜਾਬ ਦੇਖ ਕੇ, ਕਿ ਇਹ ਉਹੀ ਪੰਜਾਬ ਹੈ, ਜਿਸ ਬਾਰੇ ਕਦੇ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਨੇ ਲਿਖਿਆ ਸੀ, "ਦੁੱਧ ਦਹੀਂ ਦੇ ਵਹਿਣ ਦਰਿਆ ਇੱਥੇ, ਰੱਬ ਵਾਲੀਆਂ ਬਰਕਤਾਂ ਭਾਰੀਆਂ ਨੇ।"




ਅੱਜ ਜਦੋਂ ਪੰਜਾਬ ਦੇ ਗੱਭਰੂ ਪੁੱਤਾਂ ਵਲ ਝਾਤ ਮਾਰੀਏ ਤਾਂ 80% ਤੋਂ ਉੱਪਰ ਨੌਜਵਾਨ ਨਸ਼ਿਆਂ ਵਰਗੀ ਭੈੜੀ ਬੀਮਾਰੀ ਦੇ ਸ਼ਿਕਾਰ ਹੋ ਚੁੱਕੇ ਹਨ। ਨਸ਼ਿਆਂ ਸਬੰਧੀ ਵਿਸਵ ਸਿਹਤ ਸੰਗਠਨ ਨੇ ਆਪਣੀ ਇਕ ਰਿਪੋਰਟ ਵਿਚ ਇਹ ਦਾਅਵਾ ਕੀਤਾ ਕਿ ਸਿਰਫ ਭਾਰਤ ਵਿੱਚ ਹੀ ਤੰਬਾਕੂ ਦੀ ਵਰਤੋਂ ਨਾਲ 8 ਲੱਖ ਲੋਕ ਪ੍ਰਤੀ ਸਾਲ ਵਿਚ ਮਰ ਜਾਂਦੇ ਹਨ। ਇਹ ਤਾਂ ਕੇਵਲ ਤੰਬਾਕੂ ਦੀ ਗੱਲ ਸੀ ਪਰ ਅੱਜ ਤਾਂ ਨਸ਼ਿਆਂ ਦੀਆਂ ਕਿਸਮਾਂ ਅਤੇ ਨਸ਼ੇ ਕਰਨ ਦੇ ਪ੍ਰਚੱਲਿਤ ਹੋਏ ਢੰਗਾਂ ਨੇ ਦੰਦਾਂ ਥੱਲੇ ਜੀਭ ਦੇਣ ਲਈ ਮਜਬੂਰ ਕਰ ਦਿੱਤਾ ਹੈ। ਅੱਜ ਨਸ਼ਿਆਂ ਦੀ ਪੂਰਤੀ ਲਈ ਨੌਜਵਾਨ ਘਰ ਦਾ ਸਮਾਨ ਵੇਚਣ, ਚੋਰੀ ਕਰਨ ਆਦਿ ਵਰਗੇ ਅਪਰਾਧ ਕਰਨ ਦੇ ਵੀ ਆਦੀ ਹੋ ਜਾਂਦੇ ਹਨ, ਜਿਸ ਕਰਕੇ ਲੁੱਟਾਂ-ਖੋਹਾਂ ਆਦਿ ਦੇ ਕੇਸਾਂ ਵਿੱਚ ਵੀ ਬੇਸ਼ੁਮਾਰ ਵਾਧਾ ਹੁੰਦਾ ਹੈ।

ਇੰਸਟੀਚਿਊਟ ਆਫ ਡਿਵੈਲਪਮੈਂਟ ਅਤੇ ਕਮਿਊਨੀਕੇਸ਼ਨ ਦਾ ਅਧਿਐਨ ਪੜ੍ਹਾਈ ਕਰਨ ਵਾਸਤੇ ਹੋਸਟਲਾਂ ਵਿਚ ਰਹਿ ਰਹੇ ਬੱਚਿਆਂ ਦੇ ਹੱਥਾਂ ਵਿੱਚ ਨਸ਼ਿਆਂ ਦੀ ਪ੍ਰੋੜਤਾ ਕਰਦਾ ਹੈ। ਇਸ ਦਾ ਸਰਵੇ ਇਹ ਵੀ ਦੱਸਦਾ ਹੈ ਕਿ ਪੰਜਾਬ ਵਿੱਚ 53 ਫੀਸਦੀ ਆਦਮੀ ਅਤੇ 48 ਫੀਸਦੀ ਔਰਤਾਂ ਨਸ਼ਿਆਂ ਦੀਆਂ ਆਦੀ ਹਨ।

'ਸਿੱਖ ਫੁਲਵਾੜੀ' ਦੇ ਇਕ ਅੰਕ ਵਿੱਚ ਸ. ਰਘਬੀਰ ਸਿੰਘ, ਇਨਸਾਈਕਲੋਪੀਡੀਆ ਸੀਡੀ. ਦੇ ਕਰਤਾ ਨੇ ਨਸ਼ਿਆਂ ਬਾਰੇ ਦੱਸਿਆ ਸੀ ਕਿ "ਕਾਫੀ ਸਮਾਂ ਪਹਿਲਾਂ ਬਠਿੰਡਾ ਵਿਖੇ ਸ਼ਰਾਬ ਦੇ ਠੇਕੇਦਾਰਾਂ ਨੇ ਸਰਵੇ ਕਰਵਾਇਆ ਤਾਂ ਪਤਾ ਲੱਗਾ ਕਿ ਇੱਕ ਸੀਮਿਤ ਇਲਾਕੇ ਵਿੱਚ ਸ਼ਰਾਬ ਦੀਆਂ ਲਗਭਗ 50,000 ਬੋਤਲਾਂ ਦੀ ਵਿਕਰੀ ਹੋਈ ਪਰ ਰੱਦੀ ਵਾਲਿਆਂ ਨੇ

**ਬਾਕੀ ਸਫ਼ਾ 28 'ਤੇ**

# ਭਗਵੀਆਂ ਹਿੰਸਕ ਭੀੜਾਂ ਦੇ ਰੱਖਿਅਕ ਭਗਵੇਂਧਾਰੀ ਮੰਤਰੀ

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਭਗਵੇਂਵਾਦੀ ਭੀੜਾਂ ਦੀ ਹਿੰਸਾ ਮੋਦੀ ਰਾਜ ਦੌਰਾਨ ਤੇਜ਼ੀ ਨਾਲ ਫੈਲ ਰਹੀ ਹੈ। ਮੁਹੰਮਦ ਇਖਲਾਕ ਤੋਂ ਲੈ ਕੇ ਅਕਬਰ ਖਾਨ ਤੱਕ ਪਿਛਲੇ ਚਾਰ ਸਾਲਾਂ ਵਿਚ ਭਗਵੀਆਂ ਭੀੜਾਂ ਦੇ ਹਿੰਸਾ ਦੇ ਕੁੱਲ 134 ਮਾਮਲੇ ਸਾਹਮਣੇ ਆ ਚੁੱਕੇ ਹਨ ਤੇ ਇੱਕ ਵੈਬਸਾਈਟ ਅਨੁਸਾਰ ਇਹਨਾਂ ਮਾਮਲਿਆਂ ਵਿਚ 2015 ਤੋਂ ਲੈ ਕੇ ਹੁਣ ਤੱਕ ਕੁੱਲ 68 ਲੋਕਾਂ ਦੀ ਜਾਨ ਵੀ ਜਾ ਚੁੱਕੀ ਹੈ। ਇਹਨਾਂ ਵਿਚ ਮੂਲ ਨਿਵਾਸੀਆਂ ਦੇ ਨਾਲ ਹੋਏ ਅੱਤਿਆਚਾਰ ਵੀ ਸ਼ਾਮਿਲ ਹਨ, ਪਰ ਜੇਕਰ ਸਿਰਫ਼ ਗਊ ਰੱਖਿਆ ਦੀ ਗੱਲ ਕੀਤੀ ਜਾਵੇ ਤਾਂ ਸਰਕਾਰੀ ਅੰਕੜਿਆਂ ਅਨੁਸਾਰ 2014 ਵਿਚ ਅਜਿਹੇ ਤਿੰਨ ਮਾਮਲੇ ਸਾਹਮਣੇ ਆਏ ਜਿਹਨਾਂ ਵਿਚ 11 ਲੋਕ ਜ਼ਖ਼ਮੀ ਹੋਏ। 2015 ਵਿਚ ਗਊ ਰੱਖਿਆ ਦੇ ਨਾਂਅ 'ਤੇ ਇਹਨਾਂ ਹਮਲਿਆਂ ਦੀ ਗਿਣਤੀ ਵਧ ਕੇ 12 ਹੋ ਗਈ। ਇਹਨਾਂ 12 ਮਾਮਲਿਆਂ ਵਿਚ ਕੁੱਲ 10 ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਜਦੋਂ ਕਿ ਕੁੱਲ 48 ਲੋਕ ਗੰਭੀਰ ਜ਼ਖਮੀ ਹੋਏ। ਪਰ 2016 ਵਿਚ ਇਹਨਾਂ ਵਾਰਦਾਤਾਂ ਦੀ ਗਿਣਤੀ ਵਿਚ ਦੁੱਗਣਾ ਵਾਧਾ ਹੋਇਆ। ਅਜਿਹੇ ਮਾਮਲਿਆਂ ਵਿਚ ਕੁੱਲ 8 ਲੋਕਾਂ ਦੀ ਜਾਨ ਚਲੀ ਗਈ ਜਦੋਂ ਕਿ 58 ਲੋਕਾਂ ਦੀ ਬਹੁਤ ਬੁਰੇ ਤਰੀਕੇ ਨਾਲ ਕੁੱਟਮਾਰ ਕੀਤੀ ਗਈ।

2017 ਵਿਚ ਗਊ ਰੱਖਿਆ ਦੇ ਨਾਂਅ 'ਤੇ ਕੀਤੇ ਗਏ ਹਮਲਿਆਂ ਵਿਚ ਕੁੱਲ 37 ਮਾਮਲੇ ਸਾਹਮਣੇ ਆਏ ਜਿਹਨਾਂ ਵਿਚ 11 ਲੋਕਾਂ ਦੀ ਜਾਨ ਚਲੀ ਗਈ ਜਦੋਂ ਕਿ 152 ਲੋਕ ਜ਼ਖਮੀ ਹੋਏ। ਇਸ ਤੋਂ ਬਿਨਾਂ 2018 ਵਿਚ ਹੁਣ ਤੱਕ ਅਜਿਹੇ 9 ਮਾਮਲੇ ਸਾਹਮਣੇ ਆ ਚੁੱਕੇ ਹਨ ਜਿਹਨਾਂ ਵਿਚ 5 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੁੱਲ 16 ਲੋਕ ਜ਼ਖਮੀ ਹੋ ਚੁੱਕੇ ਹਨ। ਕੁਲ ਮਿਲਾ ਕੇ ਹੁਣ ਤੱਕ ਕੁੱਲ 85 ਮਾਮਲਿਆਂ ਵਿਚ 34 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 289 ਲੋਕ ਭੀੜ ਵੱਲੋਂ ਕੀਤੇ ਹਮਲਾ ਵਿਚ ਗੰਭੀਰ ਰੂਪ ਨਾਲ ਜ਼ਖਮੀ ਹੋਏ ਹਨ।

ਭਾਜਪਾ ਤੇ ਭਗਵੇਂ ਆਗੂ ਸੱਤਾ ਦੇ ਨਸ਼ੇ ਵਿਚ ਸੁਪਰੀਮ ਕੋਰਟ ਦੇ ਹੁਕਮਾਂ ਦੀ ਵੀ ਧੱਜੀਆਂ ਉਡਾ ਰਹੇ ਹਨ ਤੇ ਉਹ ਹਿੰਸਕਵਾਦੀ ਭੀੜਾਂ ਨੂੰ ਉਤਸ਼ਾਹਿਤ ਕਰਦੇ ਹੋਏ ਆਖਦੇ ਹਨ ਕਿ ਜਿੰਨਾ ਚਿਰ ਤੱਕ ਗਊ ਮਾਤਾ ਨੂੰ ਰਾਸ਼ਟਰ ਮਾਤਾ ਐਲਾਨਿਆ ਨਹੀਂ ਜਾਂਦਾ, ਓਨਾ ਚਿਰ ਤੱਕ ਇਹ ਹਿੰਸਾ ਨਹੀਂ ਰੁਕੇਗੀ।

ਜੇਕਰ ਤੁਸੀਂ ਇਹ ਸੋਚਦੇ ਹੋ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਕੇਂਦਰ ਸਰਕਾਰ ਕੋਈ ਟਾਸਕ ਫੋਰਸ ਬਣਾਏਗੀ ਤੇ ਹਿੰਸਾ ਰੁਕ ਜਾਵੇਗੀ ਤਾਂ ਤੁਸੀਂ ਗਲਤ ਸੋਚ ਰਹੇ ਹੋ। ਸੰਸਦ ਵਿਚ ਭੀੜਤੰਤਰ ਦੇ ਖਿਲਾਫ਼ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸਰਕਾਰੀ ਤੌਰ 'ਤੇ ਨਿੰਦਾ ਦਾ ਬਿਆਨ ਜਾਰੀ ਕੀਤਾ ਤੇ ਬਿਆਨ ਜਾਰੀ ਹੋਣ ਤੋਂ ਬਾਅਦ ਭਾਜਪਾ, ਆਰ ਐਸ ਐਸ, ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਨੇਤਾਵਾਂ ਦੀਆਂ ਧਮਕੀਆਂ ਇਸ ਗੱਲ ਦਾ ਸਬੂਤ ਹਨ ਕਿ ਦੇਸ ਵਿਚ ਭਗਵਾਂ ਭੀੜਤੰਤਰ ਅਜਿਹੀਆਂ ਘਟਨਾਵਾਂ ਜਾਰੀ ਰੱਖੇਗਾ। ਸੰਸਦ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਭਾਵੇਂ ਇਹ ਕਹਿ ਦਿੱਤਾ ਹੈ ਕਿ ਭੀੜਤੰਤਰ ਦੀ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੰਸਦ ਵਿਚ ਭਰੋਸਾ ਦਿੱਤਾ ਹੈ ਕਿ ਭੀੜਤੰਤਰ ਦੀ ਹਿੰਸਾ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਰਾਜ ਸਰਕਾਰਾਂ ਇਸ ਬਾਰੇ ਸਖ਼ਤ ਕਦਮ ਉਠਾਉਣ। ਫਿਰ ਇਹ ਇੰਦਰੇਸ਼ ਕੁਮਾਰ, ਵਿਜੈ ਕਟਿਆਰ, ਅਰਜੁਨ ਮੇਘਵਾਲ, ਗੁਲਾਬ ਚੰਦ ਕਟਾਰੀਆ, ਟੀ ਰਾਜਾ ਸਿੰਘ, ਅਸ਼ਵਨੀ ਚੌਬੇ ਤੋਂ ਲੈ ਕੇ ਗਿਰੀਰਾਜ ਸਿੰਘ ਤੱਕ ਕੌਣ ਲੋਕ ਹਨ, ਜੋ ਪ੍ਰਧਾਨ ਮੰਤਰੀ ਦੇ ਸਖ਼ਤ ਹੁਕਮਾਂ ਨੂੰ ਟਿੱਚ ਜਾਣ ਰਹੇ ਹਨ ਤੇ ਧਮਕੀ ਪੂਰਨ ਬਿਆਨ ਜਾਰੀ ਕਰਕੇ ਸਿਸਟਮ ਨੂੰ ਚੁਣੌਤੀ ਦੇ ਰਹੇ ਹਨ। ਜੇਕਰ ਪ੍ਰਧਾਨ ਮੰਤਰੀ ਭੀੜਤੰਤਰ ਦੇ ਵਿਰੁੱਧ ਹਨ ਤਾਂ ਉਹ ਇਨ੍ਹਾਂ ਲੋਕਾਂ 'ਤੇ ਕਾਰਵਾਈ ਕਿਉਂ ਨਹੀਂ ਕਰਦੇ। ਅਸਲ ਵਿਚ ਇਹ ਸਾਰਾ ਕਾਰਜ ਯੋਜਨਾਬੱਧ ਢੰਗ ਨਾਲ ਹੋ ਰਿਹਾ ਹੈ, ਜਿਸ ਦਾ ਮੁੱਖ ਮੰਤਵ 2019 ਦੀਆਂ ਲੋਕ ਸਭਾ ਚੋਣਾਂ ਜਿੱਤਣਾ ਹੈ ਤੇ ਹਿੰਦੂ ਰਾਸ਼ਟਰ ਕਾਇਮ ਕਰਨਾ ਹੈ।











ਯੂਪੀ ਭਾਜਪਾ ਦੇ ਵੱਡੇ ਨੇਤਾ ਸਾਬਕਾ ਸੰਸਦ ਤੇ ਬਜਰੰਗ ਦੇ ਮੁਖੀ ਰਹਿ ਚੁੱਕੇ ਵਿਨੈ ਕਟਿਆਰ ਨੇ ਹੁਣੇ ਜਿਹੇ ਕਿਹਾ ਸੀ ਕਿ ਮੁਸਲਮਾਨ ਸਮਝ ਲੈਣ ਕਿ ਦੇਸ਼ ਵਿਚ ਗਊ ਹੱਤਿਆ ਨਹੀਂ ਹੋ ਸਕਦੀ। ਗਊ ਹੱਤਿਆ 'ਤੇ ਹਿੰਦੂਆਂ ਵਿਚ ਜਾਗ੍ਰਿਤੀ ਆਈ ਹੈ। ਇਸ ਕਾਰਨ ਇਹ ਘਟਨਾਵਾਂ ਵਧੀਆਂ ਹਨ। ਕਟਿਆਰ ਦਾ ਇਹ ਬਿਆਨ ਭਾਰਤੀ ਸਿਸਟਮ ਨੂੰ ਧਮਕੀ ਹੈ।

ਆਰ ਐਸ ਐਸ ਦੇ ਨੇਤਾ ਇੰਦਰੇਸ਼ ਕੁਮਾਰ ਨੇ ਲੱਗਭੱਗ ਅਜਿਹੀ ਗੱਲ ਕੀਤੀ ਹੈ ਕਿ ਗਊ ਮਾਸ ਖਾਣ ਦੀ ਪ੍ਰਥਾ ਬੰਦ ਹੋ ਜਾਵੇ ਤਾਂ ਅਜਿਹੇ ਅਪਰਾਧ ਰੁਕ ਜਾਣਗੇ। ਇਸ ਬਿਆਨ ਵਿਚ ਧਮਕੀ ਛੁਪੀ ਹੈ ਜੋ ਕਿ ਭੀੜਤੰਤਰ ਨੂੰ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਦਾ ਇਹੀ ਮੰਨਣਾ ਹੈ ਕਿ ਜੇਕਰ ਭਾਰਤ ਵਿਚ ਗਊ ਮਾਸ ਖਾਂਦੇ ਰਹੇ ਤਾਂ ਅਜਿਹੀਆਂ ਹੱਤਿਆਵਾਂ ਜਾਰੀ ਰਹਿਣਗੀਆਂ।

ਆਪਣੇ ਤਿੱਖੇ ਤੇ ਅੱਤਵਾਦੀ ਬਿਆਨਾਂ ਦੇ ਲਈ ਮਸ਼ਹੂਰ ਹੈਦਰਾਬਾਦ ਦੇ ਭਾਜਪਾ ਐਮ ਐਲ ਏ ਟੀ. ਰਾਜਾ ਸਿੰਘ ਨੇ ਕਿਹਾ ਹੈ ਕਿ ਗਊ ਨੂੰ ਰਾਸ਼ਟਰ ਮਾਤਾ ਦਾ ਦਰਜਾ ਮਿਲਣ ਤੱਕ ਭੀੜਤੰਤਰ ਦੀ ਹਿੰਸਾ ਨਹੀਂ ਰੁਕੇਗੀ। ਕੇਂਦਰੀ ਮੰਤਰੀ ਅਸ਼ਵਨੀ ਚੌਬੇ ਨੇ ਭਗਵੀਆਂ ਹਿੰਸਕ ਭੀੜਾਂ ਨੂੰ ਸ਼ਾਂਤੀ ਦਾ ਪੁਜਾਰੀ ਦੱਸ ਦਿੱਤਾ। ਉਨ੍ਹਾਂ ਨੇ ਕਿਹਾ ਕਿ ਗਊ ਰੱਖਿਅਕ ਸ਼ਾਂਤੀ ਦੇ ਪੁਜਾਰੀ ਹੁੰਦੇ ਹਨ ਤੇ ਕਦੇ ਹਿੰਸਾ ਨਹੀਂ ਕਰ ਸਕਦੇ।

ਕੇਂਦਰੀ ਮੰਤਰੀ ਅਰਜੁਨ ਰਾਓ ਮੇਘਵਾਲ ਨੇ ਕਿਹਾ ਜਿਵੇਂ ਜਿਵੇਂ ਮੋਦੀ ਜੀ ਲੋਕਾਂ ਵਿਚ ਹਰਮਨਪਿਆਰੇ ਹੁੰਦੇ ਜਾਣਗੇ ਤਾਂ ਅਜਿਹੀਆਂ ਹਿੰਸਕ ਘਟਨਾਵਾਂ ਵਧਦੀਆਂ ਜਾਣਗੀਆਂ।

ਅਜਿਹੇ ਬਿਆਨਾਂ ਦੀ ਲਿਸਟ ਬਹੁਤ ਲੰਬੀ ਹੈ। 20 ਰਾਜਾਂ ਸਮੇਤ ਭਾਰੀ ਬਹੁਮਤ ਨਾਲ ਕੇਂਦਰ ਦੀ ਸੱਤਾ 'ਤੇ ਕਾਬਜ਼ ਪਾਰਟੀ ਦੇ ਨੇਤਾਵਾਂ ਦੀਆਂ ਇਨ੍ਹਾਂ ਧਮਕੀਆਂ ਦੇ ਕੀ ਅਰਥ ਹਨ? ਇਨ੍ਹਾਂ ਬਿਆਨਾਂ ਤੇ ਧਮਕੀਆਂ ਵਿਚ ਗਊ ਰੱਖਿਆ ਦੇ ਨਾਮ 'ਤੇ ਭਗਵੀਆਂ ਭੀੜਾਂ ਦੀ ਹਿੰਸਾ ਛੁਪੀ ਹੋਈ ਹੈ। ਇਹ ਭੀੜਾਂ ਇਨ੍ਹਾਂ ਨੇਤਾਵਾਂ ਦੇ ਵਿਚਾਰਾਂ ਤੇ ਸਾਜ਼ਿਸਾਂ ਵਿਚੋਂ ਪ੍ਰਗਟ ਹੁੰਦੀਆਂ ਹਨ।

ਯਾਦ ਰਹੇ ਕਿ ਬੀਤੇ ਸਾਲ ਮਾਰੇ ਗਏ ਪਹਿਲੂ ਖਾਨ ਤੇ ਬੀਤੇ ਹਫਤੇ ਮਾਰੇ ਗਏ ਅਕਬਰ ਦੇ ਗਊ ਹਥਿਆਰੇ ਹੋਣ ਦੀ ਗੱਲ ਕਿਤੇ ਵੀ ਸਾਬਤ ਨਹੀਂ ਹੋਈ। ਦੋਨੋਂ ਗਊ ਪਾਲਕ ਸਨ ਤੇ ਦੁੱਧ ਦਾ ਕਾਰੋਬਾਰ ਕਰਦੇ ਸਨ ਤੇ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਗਊ ਖਰੀਦ ਕੇ ਪਿੰਡ ਲਿਜਾ ਰਹੇ ਸਨ।

ਝਾਰਖੰਡ ਵਿਚ ਮਾਰਿਆ ਗਿਆ ਅਲੀਮੋਦੀਨ ਅੰਸਾਰੀ ਵੀ ਗਊ ਮਾਸ ਰੱਖਣ ਦੇ ਸ਼ੱਕ ਵਿਚ ਮਾਰਿਆ ਗਿਆ ਸੀ। ਦੂਸਰੀ ਗੱਲ ਇਹ ਹੈ ਕਿ ਕੁਝ ਇਲਾਕਿਆਂ ਵਿਚ ਕਾਨੂੰਨ ਪਾਬੰਦੀਆਂ ਦੇ ਬਾਅਦ ਵੀ ਗਊ ਤਸਕਰੀ ਤੇ ਗਊ ਹੱਤਿਆ ਹੋ ਰਹੀ ਹੈ ਤਾਂ ਇਸ ਨੂੰ ਰੋਕਣ ਦਾ ਕੰਮ ਕਿਸ ਦਾ ਹੈ? ਸਰਕਾਰਾਂ ਦਾ ਜਾਂ ਫਿਰ ਭਗਵੀਆਂ ਭੀੜਾਂ ਦਾ? ਅਜ਼ਾਦ ਭਾਰਤ ਨੂੰ ਚਲਾਉਣ ਦੇ ਲਈ ਜੋ ਸੰਵਿਧਾਨ ਬਣਾਇਆ ਗਿਆ ਸੀ, ਦੇਸ਼ ਉਸ ਨਾਲ ਚੱਲੇਗਾ ਜਾਂ ਭੀੜਤੰਤਰ ਦੇ ਵਿਧਾਨ ਨਾਲ? ਜੇਕਰ ਅਜਿਹੇ ਹਾਲਾਤ ਪੈਦਾ ਹੁੰਦੇ ਰਹੇ ਤਾਂ ਜ਼ਿੰਮੇਵਾਰੀ ਕਿਸ ਦੀ ਹੈ?

ਜੇਕਰ ਵਿਨੈ ਕਟਿਆਰ, ਇੰਦਰੇਸ਼ ਕੁਮਾਰ ਤੇ ਮੇਘਵਾਲ ਵਰਗੇ ਲੋਕਾਂ ਨੂੰ ਗਊ ਤਸਕਰੀ ਤੇ ਗਊ ਹੱਤਿਆ ਦੀ ਏਨੀ ਚਿੰਤਾ ਹੈ ਤਾਂ ਉਨ੍ਹਾਂ ਨੂੰ ਆਪਣੀ ਸਰਕਾਰ 'ਤੇ ਦਬਾਅ ਬਣਾ ਕੇ ਕਾਨੂੰਨ ਬਣਾਉਣਾ ਚਾਹੀਦਾ ਹੈ। ਪਰ ਉਹ ਅਜਿਹਾ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਦਾ ਨਿਸ਼ਾਨਾ ਗਊ ਹੱਤਿਆ ਰੋਕਣਾ ਨਹੀਂ, ਉਨ੍ਹਾਂ ਦਾ ਨਿਸ਼ਾਨਾ ਮੁਸਲਮਾਨਾਂ ਵਿਰੁਧ ਹਿੰਸਾ ਫੈਲਾ ਕੇ ਹਿੰਦੂ ਵੋਟ ਬੈਂਕ ਨੂੰ ਆਪਣੇ ਹੱਕ ਵਿਚ ਭੁਗਤਾ ਕੇ 2019 ਦੀਆਂ ਚੋਣਾਂ ਜਿੱਤਣਾ ਹੈ। ਇਸੇ ਕਰਕੇ ਝਾਰਕੰਡ ਵਿਚ ਜਮਾਨਤ 'ਤੇ ਜੇਲ੍ਹ ਤੋਂ ਛੁੱਟੇ ਭੀੜਤੰਤਰ ਦੀ ਹਿੰਸਾ ਤੇ ਮੁਖ ਦੋਸ਼ੀ ਨੂੰ ਫੁੱਲਾਂ ਦੀ ਮਾਲਾ ਪੁਆਉਣ ਤੇ ਮੂੰਹ ਮਿੱਠਾ ਕਰਾਉਣ ਲਈ ਜੇਅੰਤ ਸਿਨਹਾ ਵਰਗੇ ਕੇਂਦਰੀ ਮੰਤਰੀ ਪਹੁੰਚ ਜਾਂਦੇ ਹਨ।

ਨਵਾਦਾ ਵਿਚ ਫਿਰਕੂ ਹਿੰਸਾ ਦੇ ਭਗਵੇਂ ਦੋਸ਼ੀਆਂ ਨੂੰ ਮਿਲਣ ਜੇਲ੍ਹ ਤੱਕ ਦੂਸਰਾ ਕੇਂਦਰੀ ਮੰਤਰੀ ਪਹੁੰਚ ਜਾਂਦਾ ਹੈ ਤੇ ਉਨ੍ਹਾਂ ਦੇ ਪਰਿਵਾਰ ਨਾਲ ਹੰਝੂ ਵਹਾਉਂਦੇ ਹੋਏ ਤਸਵੀਰਾਂ ਖਿਚਵਾਉਂਦਾ ਹੈ। ਪਾਕੁੜ ਵਿਚ ਅਗਨੀਵੇਸ਼ ਦੀ ਕੁਟਮਾਰ ਤੇ ਝਾਰਖੰਡ ਦਾ ਮੁੱਖ ਮੰਤਰੀ ਉਨ੍ਹਾਂ ਨੂੰ ਫਰਾਡ ਐਲਾਨਦੇ ਹੋਏ ਇਸ਼ਾਰਿਆਂ ਇਸ਼ਾਰਿਆਂ ਵਿਚ ਭੀੜਤੰਤਰ ਦੀ ਕਾਰਵਾਈ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਪਹਿਲੂ ਖਾਨ ਦੇ ਮਾਰੇ ਜਾਣ ਦੀ ਘਟਨਾ ਨੂੰ ਸਿਰਫ ਕਾਨੂੰਨ ਵਿਵਸਥਾ ਦਾ ਮਾਮਲਾ ਦੱਸ ਕੇ ਰਾਜਸਥਾਨ ਦਾ ਮੰਤਰੀ ਇਸ ਘਟਨਾ 'ਤੇ ਮਿੱਟੀ ਪਾਉਣ ਲੱਗਦਾ ਹੈ। ਅਜਿਹੀਆਂ ਕਾਰਵਾਈਆਂ ਕਾਰਨ ਹੀ ਫਿਰਕੂ ਭਗਵੀਆਂ ਭੀੜਾਂ ਨੂੰ ਥਾਪੜਾ ਮਿਲਦਾ ਹੈ ਤੇ ਉਹ ਕਾਨੂੰਨ ਨੂੰ ਟਿੱਚ ਜਾਣ ਕੇ ਹਿੰਸਾ ਕਰਦੇ ਹਨ। ਅਜਿਹੀਆਂ ਭੀੜਾਂ ਦੇ ਨੇਤਾਵਾਂ ਨੂੰ ਗਿਆਨ ਹੈ ਕਿ ਕੋਈ ਉਨ੍ਹਾਂ ਨੂੰ ਕੁਝ ਨਹੀਂ ਵਿਗਾੜ ਸਕਦਾ। ਜੇਕਰ ਉਹ ਫੜੇ ਗਏ ਤਾਂ ਭਗਵੀਂ ਸੱਤਾ ਉਨ੍ਹਾਂ ਨੂੰ ਬਚਾਉਣ ਆ ਜਾਵੇਗੀ ਤੇ ਸਾਰੇ ਸਬੂਤ ਤੇ ਗਵਾਹ ਖਤਮ ਕਰ ਦਿੱਤੇ ਜਾਣਗੇ ਤੇ ਉਹ ਹਰੇਕ ਸੰਕਟ ਵਿਚੋਂ ਬਚ ਨਿਕਲਣਗੇ।

ਆਖਿਰ ਪਹਿਲੂ ਖਾਨ ਦੇ ਮਾਮਲੇ ਵਿਚ ਵੀ ਤਾਂ ਇਹੋ ਕੁਝ ਹੋਇਆ ਹੈ। ਸੂਬੇ ਦੀ ਸੀਆਈਡੀ ਨੇ ਸਾਰੇ ਦੋਸ਼ੀਆਂ ਨੂੰ ਕਲੀਨ ਚਿੱਟ ਦੇ ਦਿੱਤੀ। ਮਰਨ ਤੋਂ ਪਹਿਲਾਂ ਆਖਰੀ ਬਿਆਨ ਨੂੰ ਝੂਠਾ ਸਾਬਤ ਕਰ ਦਿੱਤਾ। ਪੁਲੀਸ ਦਾ ਕੀ ਉਹ ਤਾਂ ਸੱਤਾ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ। ਜੇਕਰ ਉਹ ਸੱਤਾ ਦੇ ਇਸ਼ਾਰੇ 'ਤੇ ਕੰਮ ਨਾ ਕਰਦੀ ਹੁੰਦੀ ਤਾਂ ਭੀੜਤੰਤਰ ਕਦੇ ਵੀ ਪੈਦਾ ਨਹੀਂ ਸੀ ਹੋ ਸਕਦਾ। ਪੁਲੀਸ ਤਾਂ ਅਜਿਹੇ ਮਾਮਲਿਆਂ ਵਿਚ ਮੂਕਦਰਸ਼ਕ ਹੁੰਦੀ ਹੈ ਜਾਂ ਭਗਵੀ ਭੀੜਾਂ ਦੇ ਪ੍ਰਤੀ ਨਰਮ। ਇਹੀ ਕਾਰਨ ਹੈ ਕਿ ਭੀੜ ਪਹਿਲਾਂ ਪਹਿਲੂ ਖਾਨ ਨੂੰ ਮਾਰਦੀ ਹੈ ਤੇ ਉਹੀ ਭੀੜ ਅਕਬਰ ਖਾਨ ਨੂੰ ਮਾਰ ਦਿੰਦੀ ਹੈ। ਅਕਬਰ ਖਾਨ ਨੂੰ ਗਊ ਰੱਖਿਅਕਾਂ ਨੇ ਬੁਰੀ ਤਰ੍ਹਾਂ ਕੁੱਟਿਆ। ਏਨਾ ਕੁੱਟਿਆ ਕਿ ਉਸ ਦੀਆਂ ਹੱਡੀਆਂ ਪਸਲੀਆਂ ਟੁੱਟ ਗਈਆਂ। ਇਹ ਉਸ ਨੂੰ ਅਧਮਰਾ ਕਰ ਦਿੱਤਾ ਗਿਆ। ਜਦ ਪੁਲੀਸ ਆਈ ਤਾਂ ਅਕਬਰ ਹੋਸ਼ ਵਿਚ ਸੀ, ਪਰ ਉਸ ਦਾ ਤੁਰੰਤ ਇਲਾਜ ਨਹੀਂ ਕਰਵਾਇਆ ਗਿਆ। ਇਸ ਦੀ ਥਾਂ ਪੁਲੀਸ ਨੇ ਪਹਿਲਾਂ ਗਾਵਾਂ ਨੂੰ ਗਊਸ਼ਾਲਾ ਪਹੁੰਚਾਉਣਾ ਜ਼ਰੂਰੀ ਸਮਝਿਆ। ਪੁਲੀਸ ਚਾਹੁੰਦੀ ਤਾਂ ਉਹ ਭੀੜਤੰਤਰ ਨੂੰ ਕਾਬੂ ਕਰਕੇ ਜੇਲ੍ਹ ਭੇਜ ਸਕਦੀ ਸੀ ਤੇ ਅਕਬਰ ਨੂੰ ਹਸਪਤਾਲ ਭੇਜ ਕੇ ਉਸ ਨੂੰ ਬਚਾ ਸਕਦੀ ਸੀ। ਪਰ ਪੁਲੀਸ ਅਧਮਰੇ ਅਕਬਰ ਖਾਨ ਨੂੰ ਘੁਮਾਉਂਦੀ ਰਹੀ ਤੇ ਤੜਫਾਉਂਦੀ ਰਹੀ। ਚੌਕ ਵਿਚ ਰੁਕ ਕੇ ਚਾਹ ਪੀ ਕੇ ਪੁਲੀਸ ਜਦ ਹਸਪਤਾਲ ਗਈ ਤਾਂ ਅਕਬਰ ਖਾਨ ਲਾਸ਼ ਬਣ ਗਿਆ ਸੀ। ਹੁਣ ਰਾਜਸਥਾਨ ਦੇ ਗ੍ਰਹਿ ਮੰਤਰੀ ਅਤੇ ਸਥਾਨਕ ਵਿਧਾਇਕ ਅਕਬਰ ਦੀ ਮੌਤ ਲਈ ਪੁਲੀਸ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ ਤੇ ਗਊ ਰੱਖਿਅਕਾਂ ਨੂੰ ਬਚਾਉਣ ਵਿਚ ਜੁਟੇ ਹੋਏ ਹਨ। ਜਦ ਕਿ ਸੱਚਾਈ ਇਹ ਹੈ ਕਿ ਅਕਬਰ ਦੀ ਮੌਤ ਦੇ ਜ਼ਿੰਮੇਵਾਰ ਇਹ ਭਗਵੀਆਂ ਭੀੜਾਂ ਤੇ ਗਊ ਰੱਖਿਅਕ ਹਨ। ਇਹੀ ਭਗਵੀਂ ਸੱਤਾ ਤੇ ਤੰਤਰ ਦਾ ਸੱਚ ਹੈ।

ਰਾਜਸਥਾਨ ਦੇ ਅਲਵਰ ਸਮੇਤ ਕਈ ਜ਼ਿਲ੍ਹਿਆਂ ਵਿਚ ਭਗਵੇਂਵਾਦੀ ਗਊ ਰੱਖਿਅਕਾਂ ਦੇ ਗਿਰੋਹ ਸਰਗਰਮ ਹਨ। ਇਨ੍ਹਾਂ ਗਿਰੋਹਾਂ ਨੂੰ ਭਾਜਪਾ, ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸੰਘ ਪਰਿਵਾਰ ਦੇ ਨੇਤਾਵਾਂ ਦੀ ਸਰਪ੍ਰਸਤੀ ਹਾਸਲ ਹੈ। ਸਥਾਨਕ ਪ੍ਰਸ਼ਾਸ਼ਣ ਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਦੇ ਤਾਰ ਕਿਨ੍ਹਾਂ ਨਾਲ ਜੁੜੇ ਹੁੰਦੇ ਹਨ। ਅਲਵਰ ਵਿਚ ਮਾਰੇ ਗਏ ਅਕਬਰ ਦੇ ਕਾਤਲ ਗਊ ਰੱਖਿਅਕਾਂ ਦੇ ਤਾਰ ਸਥਾਨਕ ਐਮ ਐਲ ਏ ਗਿਆਨਦੇਵ ਅਹੁਜਾ ਨਾਲ ਜੁੜੇ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ। ਅਕਬਰ ਦੀ ਕੁੱਟਮਾਰ ਦੌਰਾਨ ਜਾਨ ਬਚਾ ਕੇ ਭੱਜੇ ਅਕਬਰ ਦੀ ਦੋਸਤ ਨੇ ਇਥੋਂ ਤੱਕ ਕਿਹਾ ਕਿ ਕੁੱਟਣ ਵਾਲੇ ਕਹਿ ਰਹੇ ਸਨ ਕਿ ਐਮ ਐਲ ਏ ਸਾਹਿਬ ਸਾਡੇ ਨਾਲ ਹਨ, ਸਾਡਾ ਕੋਈ ਕੁਝ ਨਹੀਂ ਵਿਗਾੜ ਸਕੇਗਾ। ਅਹੁਜਾ ਨੇ ਹੀ ਅਕਬਰ ਨੂੰ ਮਾਰਨ ਵਾਲੀ ਭੀੜ ਦਾ ਬਚਾਅ ਕਰਦੇ ਹੋਏ ਬਿਆਨ ਦਿੱਤਾ। ਇਸ ਤੋਂ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਕਿ ਪੁਲੀਸ ਦੇ ਲਈ ਅਕਬਰ ਜ਼ਿਆਦਾ ਅਰਥ ਰੱਖਦਾ ਸੀ ਜਾਂ ਅਕਬਰ ਨੂੰ ਮਾਰਨ ਵਾਲੇ ਗਊ ਰੱਖਿਅਕ? ਜੇਕਰ ਭੀੜ ਨੂੰ ਕਾਨੂੰਨ ਦਾ ਡਰ ਹੁੰਦਾ ਤਾਂ ਉਹ ਅਕਬਰ ਨੂੰ ਮਾਰ ਕੇ ਪੁਲੀਸ ਦੇ ਹਵਾਲੇ ਨਾ ਕਰਦੀ। ਇਹ ਗੱਲ ਸੱਚ ਹੈ ਕਿ ਭਾਰਤ ਵਿਚ ਗਊ ਰੱਖਿਅਕਾਂ ਦੇ ਅਨੇਕਾਂ ਸੰਗਠਨ ਸਰਗਰਮ ਹਨ, ਜੋ ਗਊ ਦੇ ਨਾਮ 'ਤੇ ਮੌਤ ਦਾ ਧੰਦਾ ਕਰ ਰਹੇ ਹਨ ਅਤੇ ਮੁਸਲਮਾਨ ਵਪਾਰੀਆਂ ਕੋਲੋਂ ਜ਼ਬਰੀ ਪੈਸੇ ਉਗਰਾਉਂਦੇ ਹਨ ਤੇ ਭਗਵੇਂ ਝੰਡਿਆਂ ਨਾਲ ਲੈਸ ਹੋ ਕੇ ਦਸਤੇ ਬਣਾ ਕੇ ਮੁਸਲਮਾਨ ਬਸਤੀਆਂ ਵਿਚ ਦਹਿਸ਼ਤ ਪੈਦਾ ਕਰਦੇ ਹਨ। ਇਹ ਗਊ ਰੱਖਿਅਕ ਗੈਂਗ ਪਸ਼ੂ ਵਪਾਰੀਆਂ ਤੋਂ ਜ਼ਬਰੀ ਪੈਸੇ ਉਗਰਾਹੁੰਦੇ ਹਨ।

### ਭਾਜਪਾ ਐਮਐਲਏ ਦੇ ਅਜੀਬ ਬੋਲ

## "ਹਿੰਦੂ ਪੈਦਾ ਕਰਨ ਪੰਜ ਬੱਚੇ"

ਐਮਐਲਏ ਸੁਰਿੰਦਰ ਸਿੰਘ ਨੇ ਹਿੰਦੂ ਭਾਈਚਾਰੇ ਨੂੰ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਉਹ ਘੱਟੋ ਘੱਟ ਪੰਜ ਬੱਚੇ ਪੈਦਾ ਕਰਨ ਤਾਂ ਜੋ ਹਿੰਦੂਆਂ ਦੀ ਜਨਸੰਖਿਆ ਬਹੁਗਿਣਤੀ ਵਿਚ ਰਹੇ। ਜੇਕਰ ਉਹ ਅਜਿਹਾ ਨਹੀਂ ਕਰਨਗੇ ਤਾਂ ਉਹ ਦੇਸ਼ ਵਿਚ ਘੱਟ ਗਿਣਤੀ ਵਿਚ ਹੋ ਜਾਣਗੇ। ਭਾਰਤ ਦੀ ਰੱਖਿਆ ਕਰਨ ਦੇ ਲਈ ਹਿੰਦੂਆਂ ਨੂੰ ਆਪਣੀ ਜਨਸੰਖਿਆ ਵਧਾਉਣੀ ਚਾਹੀਦੀ ਹੈ ਤੇ ਘੱਟੋ ਘੱਟ ਪੰਜ ਬੱਚੇ ਪੈਦਾ ਕਰਨੇ ਚਾਹੀਦੇ ਹਨ। ਜੇਕਰ ਅਜਿਹਾ ਨਹੀਂ ਕਰਨਗੇ ਤਾਂ ਭਾਰਤ ਮੁਸਲਮ ਰਾਸ਼ਟਰ ਬਣ ਜਾਵੇਗਾ।

## ਗੋਆ 'ਚ ਕਿਤਾਬਾਂ ਤੋਂ ਹਟੇ ਨਹਿਰੂ ਉਨ੍ਹਾਂ ਦੀ ਜਗ੍ਹਾ 'ਤੇ ਆਏ ਸਾਵਰਕਰ

***✪ ਕਾਂਗਰਸ ਨੇ ਕਿਹਾ ਹੁਣ ਗਾਂਧੀ ਦੀ ਵਾਰੀ ✪ ਭਾਜਪਾ ਕਰ ਰਹੀ ਏ ਭਾਰਤੀ ਇਤਿਹਾਸ ਦਾ ਭਗਵਾਂਕਰਨ***

**ਗੋਆ/ਬਿਊਰੋ ਨਿਊਜ਼ :** ਇਥੇ ਹਾਈ ਸਕੂਲ ਦੀਆਂ ਕਿਤਾਬਾਂ ਵਿਚ ਆਰ ਐਸ ਐਸ ਵਿਚਾਰਧਾਰਾ ਥੋਪੇ ਜਾਣ ਦਾ ਦੋਸ਼ ਲੱਗਾ ਹੈ। ਕਾਂਗਰਸ ਦਾ ਦੋਸ਼ ਹੈ ਕਿ ਭਾਜਪਾ ਜਦ ਤੋਂ ਸੱਤਾ ਵਿਚ ਆਈ ਹੈ, ਉਹ ਸੰਘ ਦੀ ਵਿਚਾਰਧਾਰਾ ਥੋਪਣ ਦਾ ਕੰਮ ਕਰ ਰਹੀ ਹੈ। ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਨੈਸ਼ਨਲ



ਸਟੂਡੈਂਟ ਆਫ ਯੂਨੀਅਨ ਆਫ ਇੰਡੀਆ ਨੇ ਗੋਆ ਦੇ ਮੁਖੀ ਅਹਰਾਜਮੁੱਲਾ ਨੇ ਕਿਤਾਬਾਂ ਵਿਚ ਨਹਿਰੂ ਨੂੰ ਹਟਾ ਕੇ ਸਾਵਰਕਰ ਦੀ ਤਸਵੀਰ ਲਗਾਉਣ ਦੀ ਜਾਣਕਾਰੀ ਦਿੱਤੀ। ਵਿਦਿਆਰਥੀ ਨੇਤਾ ਅਹਰਾਜਮੁੱਲਾ ਨੇ ਕਿਹਾ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਗੋਆ ਸਿੱਖਿਆ ਬੋਰਡ ਦੀ ਪਾਠ ਪੁਸਤਕ ਤੋਂ ਪੰਡਤ ਨਹਿਰੂ ਦੀ ਤਸਵੀਰ ਹਟਾ ਦਿੱਤੀ ਗਈ ਹੈ ਤੇ ਆਪਣੀ ਰਿਹਾਈ ਦੇ ਲਈ ਅੰਗਰੇਜ਼ਾਂ ਤੋਂ ਮਾਫੀਨਾਮਾ ਮੰਗਣ ਵਾਲੇ ਸਾਵਰਕਰ ਦੀ ਤਸਵੀਰ ਲਗਾ ਦਿੱਤੀ ਗਈ ਹੈ। ਨੈਸ਼ਨਲ ਸਟੂਡੈਂਟ ਆਫ ਯੂਨੀਅਨ ਆਫ ਇੰਡੀਆ ਦੇ ਨੇਤਾ ਨੇ ਕਿਹਾ ਕਿ ਇਹ ਲੋਕ ਹੁਣ ਗਾਂਧੀ ਦੀਆਂ ਵੀ ਤਸਵੀਰਾਂ ਹਟਾ ਦੇਣਗੇ ਤੇ ਸੁਆਲ ਵੀ ਪੁੱਛਣਗੇ ਕਿ ਕਾਂਗਰਸ ਨੇ ਪਿਛਲੇ ਸੱਠ ਸਾਲਾਂ ਵਿਚ ਕੀ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਗਾਂਧੀ ਨੇ ਅੰਗਰੇਜ਼ਾਂ ਨਾਲ ਲੜ ਕੇ ਭਾਰਤ ਨੂੰ ਅਜ਼ਾਦੀ ਦਿਵਾਈ ਸੀ। ਮੀਡੀਆ ਰਿਪੋਰਟ ਦੇ ਮੁਤਾਬਕ ਭਾਰਤ ਤੇ ਸਮਕਾਲੀਨ ਵਿਸ਼ਵ ਭਾਗ-2 (ਲੋਕਤਾਂਤਰਿਕ ਰਾਜਨੀਤੀ) ਵਿਸ਼ੇ ਵਾਲੀ ਪੁਸਤਕ ਇਤਿਹਾਸ ਤੇ ਰਾਜਨੀਤੀ ਵਿਗਿਆਨ ਦੀ ਪਾਠ ਪੁਸਤਕ ਹੈ। ਇਹ ਗੋਆ ਵਿਚ ਦਸਵੀਂ ਸ਼੍ਰੇਣੀ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਸਿਲੇਬਸ ਦਾ ਹਿੱਸਾ ਹੈ। ਪਿਛਲੇ ਸਾਲ ਸਿਲੇਬਸ ਦਾ ਹਿੱਸਾ ਰਹੀ ਇਸ ਕਿਤਾਬ ਦੇ 68ਵੇਂ ਪੰਨੇ 'ਤੇ 1935 ਦੀ ਮਹਾਂਰਾਸ਼ਟਰ ਦੇ ਵਰਧਾ ਸਥਿਤ ਸੇਵਾ ਗ੍ਰਾਮ ਆਸ਼ਰਮ ਨਹਿਰੂ ਮਹਾਤਮਾ ਗਾਂਧੀ ਤੇ ਮੌਲਾਨਾ ਆਜ਼ਾਦ ਦੀ ਤਸਵੀਰ ਛਪੀ ਸੀ। ਅਹਰਾਜਮੁੱਲਾ ਨੇ ਦਾਅਵਾ ਕੀਤਾ ਕਿ ਇਸ ਤਸਵੀਰ ਨੂੰ ਹਟਾ ਦਿੱਤਾ ਗਿਆ ਹੈ ਤੇ ਉਸ ਦੀ ਥਾਂ ਆਰ ਐਸ ਐਸ ਦੇ ਵਿਨਾਇਕ ਸਾਵਰਕਰ ਦੀ ਰੰਗੀਨ ਫੋਟੋ ਛਪੀ ਹੈ। ਮੁੱਲਾ ਨੇ ਕਿਹਾ ਕਿ ਆਰ ਐਸ ਐਸ ਭਾਰਤੀ ਇਤਿਹਾਸ ਦਾ ਭਗਵਾਂਕਰਨ ਕਰ ਰਹੀ ਹੈ।

# ਪੰਜਾਬ ਦੇ ਮੌਜੂਦਾ ਹਾਲਾਤ ਤੋਂ ਡਾਹਢੇ ਚਿੰਤਤ ਹਨ ਵਿਦੇਸ਼ਾਂ 'ਚ ਰਹਿੰਦੇ ਪੰਜਾਬੀ

**ਸੁਖਰਾਜ ਸਿੰਘ ਚਹਿਲ, ਧਨੌਲਾ**
(ਸੰਪਰਕ : 97810-48055)

ਪੰਜ ਦਰਿਆਵਾਂ ਦੀ ਧਰਤੀ ਹੋਣ ਕਰਕੇ ਪੰਜ+ਆਬ ਤੋਂ ਬਣਿਆ ਹੈ ਪੰਜਾਬ, ਜਿਸ ਨੂੰ ਰੰਗਲੇ ਪੰਜਾਬ ਦਾ ਦਰਜਾ ਵੀ ਦਿੱਤਾ ਗਿਆ। ਅੱਜ ਇਹ ਪੰਜਾਬ ਅਨੇਕਾਂ ਸਮੱਸਿਆਵਾਂ ਵਿੱਚ ਘਿਰਿਆ ਪਿਆ ਹੈ। ਪੰਜਾਬ ਦਾ ਰਹਿਣ-ਸਹਿਣ ਦਾ ਮਾਹੌਲ ਬੜਾ ਹੀ ਸ਼ਾਂਤੀ ਪੂਰਵਕ ਅਤੇ ਖੁਸ਼ਹਾਲੀ ਵਾਲਾ ਹੋਣ ਕਰਕੇ ਇੱਥੇ ਹਰੇਕ ਇਨਸਾਨ ਦਾ ਰਹਿਣ ਲਈ ਦਿਲ ਕਰਦਾ ਸੀ ਅਤੇ ਹਰੇਕ ਪੰਜਾਬ ਵਿੱਚ ਆਉਣ ਲਈ ਉਤਾਵਲਾ ਰਹਿੰਦਾ ਸੀ। ਪੰਜਾਬ ਦੇ ਨਾਮ ਨਾਲ ਜੁੜੇ 'ਰੰਗਲੇ ਪੰਜਾਬ' ਦੇ ਸ਼ਬਦ ਕਰਕੇ ਅਨੇਕਾਂ ਗੀਤਾਂ ਵਿੱਚ ਵੀ ਰੰਗਲੇ ਅਤੇ ਖੁਸ਼ਹਾਲੀ ਦੇ ਪ੍ਰਤੀਕ ਵਜੋਂ ਇਸ ਦਾ ਜ਼ਿਕਰ ਕੀਤਾ ਜਾਂਦਾ ਹੈ ਜਿਵੇਂ ਕਿ 'ਲੱਭਣੀ ਨੀਂ ਮੌਜ ਰੰਗਲੇ ਪੰਜਾਬ ਵਰਗੀ, ਰੰਗਲਾ ਪੰਜਾਬ ਹੋਵੇ, ਪੰਜਾਬ ਸਾਡਾ ਸੋਨੇ ਦੀ ਚਿੜੀ' ਆਦਿ ਗੀਤ ਪੰਜਾਬ ਦੇ ਖੁਸ਼ਹਾਲ ਹੋਣ ਦਾ ਸਬੂਤ ਦਿੰਦੇ ਹਨ। ਪ੍ਰੰਤੂ ਜੇਕਰ ਮੌਜੂਦਾ ਸਮੇਂ ਵਿੱਚ ਪੰਜਾਬ ਦਾ ਹਾਲ ਦੇਖੀਏ ਤਾਂ ਮਨ ਨੂੰ ਬੜਾ ਦੁੱਖ ਲੱਗਦਾ ਹੈ। ਉਪਰੋਕਤ ਗੀਤਾਂ ਵਿੱਚ ਦਰਸਾਈ ਪੰਜਾਬ ਦੀ ਤਸਵੀਰ ਦੀ ਰੰਗਤ ਮੌਜੂਦਾ ਸਮੇਂ 'ਚ ਬਿਲਕੁਲ ਫਿੱਕੀ ਪੈ ਚੁੱਕੀ ਹੈ। ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਪੰਜਾਬ ਦੇ ਲੋਕ ਜੂਝ ਰਹੇ ਹਨ। ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਬੇਧਿਆਨੀ ਕਾਰਨ ਅੱਜ ਪੰਜਾਬ ਬਰਬਾਦੀ ਦੇ ਰਸਤੇ ਤੇ ਪਹੁੰਚ ਚੁੱਕਾ ਹੈ। ਇਸ ਕਰਕੇ ਹੁਣ ਪੰਜਾਬ ਦਾ ਹਾਲ ਦੇਖ ਕੇ ਇੰਜ ਪ੍ਰਤੀਤ ਹੁੰਦਾ ਹੈ ਕਿ ਕੀ ਇਹ ਉਹੀ ਪੰਜਾਬ ਹੈ ਜੋ ਕਿਸੇ ਸਮੇਂ ਆਪਣੀ ਵੱਖਰੀ ਪਹਿਚਾਣ ਰੱਖਦਾ ਸੀ।

ਜਿਨ੍ਹਾਂ ਹਾਲਤਾਂ ਦੇ ਸਨਮੁੱਖ ਪੰਜਾਬ ਅੱਜ ਹੋਇਆ ਪਿਆ ਹੈ ਉਸ ਬਾਰੇ ਪੰਜਾਬ ਵਿੱਚ ਰਹਿੰਦੇ ਲੋਕ ਚਿੰਤਤ ਹੋਣ ਜਾਂ ਨਾ ਪਰ ਵਿਦੇਸ਼ਾਂ ਵਿੱਚ ਰਹਿੰਦੇ ਪ੍ਰਵਾਸੀ ਪੰਜਾਬੀ ਵਧੇਰੇ ਫ਼ਿਕਰਮੰਦ ਹਨ। ਜਿਵੇਂ ਕਿਸੇ ਔਰਤ ਨੂੰ ਆਪਣੇ ਪੇਕੇ ਪਿੰਡ ਦਾ ਫਿਕਰ ਹੁੰਦਾ ਹੈ, ਉਸੇ ਤਰ੍ਹਾਂ ਜਿਹੜੇ ਪੰਜਾਬੀ ਇੱਥੋਂ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਵਿੱਚ ਚਲੇ ਗਏ ਹਨ, ਉਹਨਾਂ ਨੂੰ ਆਪਣੇ ਰੰਗਲੇ ਪੰਜਾਬ ਦੀ ਚਿੰਤਾ ਦਿਨ-ਰਾਤ ਖਾਂਦੀ ਰਹਿੰਦੀ ਹੈ ਕਿਉਂਕਿ ਪੰਜਾਬ ਦੀ ਹਾਲਤ ਦਿਨੋਂ-ਦਿਨ ਨਿਘਾਰ ਵੱਲ ਜਾ ਰਹੀ ਹੈ। ਨਿੱਤ ਸੁਣਦੀਆਂ ਪੰਜਾਬ ਦੀਆਂ ਬੁਰੀਆਂ ਖ਼ਬਰਾਂ ਉਨ੍ਹਾਂ ਦੇ ਦਿਲ ਚੀਰਦੀਆਂ ਰਹਿੰਦੀਆਂ ਹਨ। ਜਦੋਂ ਕਿਤੇ ਕੋਈ ਵਿਰਲੀ ਟਾਂਵੀ ਚੰਗੀ ਖ਼ਬਰ ਸੁਣਨ ਨੂੰ ਮਿਲਦੀ ਹੈ ਤਾਂ ਉਹ ਇਸ ਤਰ੍ਹਾਂ ਮਹਿਸੂਸ ਕਰਦੇ ਹਨ ਜਿਵੇਂ ਤਪਦੀ ਗਰਮੀ ਵਿੱਚ ਠੰਡੀ ਹਵਾ ਦਾ ਬੁੱਲ੍ਹਾ ਆ ਗਿਆ ਹੋਵੇ। ਉਹ ਪੰਜਾਬ ਬਾਰੇ ਚੰਗੀਆਂ ਖ਼ਬਰਾਂ ਸੁਣਨ ਨੂੰ ਤਰਸਦੇ ਰਹਿੰਦੇ ਹਨ। ਉਥੇ ਜਦੋਂ ਪੰਜਾਬੀ ਕਿਤੇ ਕੁੱਝ ਸਮਾਂ ਇਕੱਠਾ ਬਿਤਾਉਂਦੇ ਹਨ ਤਾਂ ਜ਼ਰੂਰ ਆਪਣੇ ਪੰਜਾਬ ਦੀ ਗੱਲ ਛੇੜਦੇ ਹਨ ਅਤੇ ਇੱਥੇ ਦੇ ਹਾਲਾਤ ਬਾਰੇ ਗਹਿਰੀ ਚਿੰਤਾ ਪ੍ਰਗਟ ਕਰਦੇ ਹਨ। ਇਹ ਕੋਈ ਝੂਠ ਜਾਂ ਸਿਰਫ਼ ਸੁਰਖੀਆਂ ਬਟੋਰਨ ਵਾਲੀ ਗੱਲ ਨਹੀਂ ਸਚਮੁੱਚ ਹੀ ਅਜੋਕੇ ਪੰਜਾਬ ਦੀ ਤਸਵੀਰ ਦਿਲ ਨੂੰ ਧੂਹ ਪਾਉਣ ਵਾਲੀ ਹੋਈ ਪਈ ਹੈ। ਜੇਕਰ ਪੰਜਾਬ ਦੀਆਂ ਉਨ੍ਹਾਂ ਗੱਲਾਂ 'ਤੇ ਚਰਚਾ ਕਰੀਏ ਜਿਨ੍ਹਾਂ ਕਰਕੇ ਪੰਜਾਬ ਅੱਜ ਆਪਣੇ ਆਪ ਨੂੰ ਦੇਖ ਕੇ ਹੰਝੂ ਵਹਾਉਂਦਾ ਹੈ ਤਾਂ ਪਹਿਲਾਂ ਗੱਲ ਆਉਂਦੀ ਹੈ, ਪੰਜਾਬ ਵਿਚਲੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਜਿਸ ਦੀਆਂ ਹਰ ਰੋਜ਼ ਸਾਹਮਣੇ ਆਉਂਦੀਆਂ ਖ਼ਬਰਾਂ ਕਾਰਨ ਹੁਣ ਅਖ਼ਬਾਰ ਦੇਖਣ ਤੋਂ ਵੀ ਡਰ ਜਿਹਾ ਮਹਿਸੂਸ ਹੋਣ ਲੱਗ ਪਿਆ ਹੈ। ਦੇਸ਼ ਦਾ ਪੇਟ ਭਰਨ ਵਾਲਾ ਕਿਸਾਨ ਅੱਜ ਖੁਦ ਭੁੱਖਾ ਸੌਂ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਤੋਂ ਅਸਮਰੱਥ ਹੋ ਕੇ ਖੁਦਕੁਸ਼ੀਆਂ ਦਾ ਰਾਹ ਅਖ਼ਤਿਆਰ ਕਰ ਰਿਹਾ ਹੈ। ਖੇਤੀ ਪ੍ਰਧਾਨ ਸੂਬੇ ਵਜੋਂ ਪ੍ਰਸਿੱਧ ਪੰਜਾਬ ਦੀ ਖੇਤੀ ਅੱਜ ਮਰ ਰਹੀ ਹੈ ਕਿਉਂਕਿ ਕਿਸਾਨਾਂ ਨੂੰ ਆਪਣੀਆਂ ਜਿਣਸਾਂ ਦਾ ਪੂਰਾ ਭਾਅ ਨਾ ਮਿਲਣ ਕਰਕੇ ਤੇ ਵੱਖ-ਵੱਖ ਤਰ੍ਹਾਂ ਦੀਆਂ ਕ੍ਰੋਪੀਆਂ ਕਾਰਨ ਕਿਸਾਨ ਦਾ ਲੱਕ ਟੁੱਟ ਰਿਹਾ ਹੈ।

ਕੋਈ ਸਮਾਂ ਅਜਿਹਾ ਸੀ ਕਿ ਪੰਜਾਬ ਭਰਵੇਂ ਜੁੱਸੇ ਵਾਲੇ ਛੈਲ-ਛਬੀਲੇ, ਅਣਖੀਲੇ ਗੱਭਰੂਆਂ ਕਰਕੇ ਨਾਮਣਾ ਖੱਟਦਾ ਸੀ ਅਤੇ ਪੰਜਾਬ ਦੇ ਗੱਭਰੂਆਂ ਦੀ

**ਪੰਜ ਦਰਿਆਵਾਂ ਦੀ ਧਰਤੀ ਹੋਣ ਕਰਕੇ ਪੰਜਾਬ ਦਾ ਨਾਮ ਪੰਜਾਬ ਰੱਖਿਆ ਗਿਆ ਸੀ, ਜਿਸ ਕਰਕੇ ਇੱਥੋਂ ਦੇ ਪਾਣੀ ਨੂੰ ਅੰਮ੍ਰਿਤ ਸਮਝਿਆ ਜਾਂਦਾ ਸੀ। ਹਰ ਕੋਈ ਪੰਜਾਬ ਦਾ ਪਾਣੀ ਬੜਾ ਖੁਸ਼ ਹੋ ਕੇ ਪੀਂਦਾ ਸੀ ਪ੍ਰੰਤੂ ਬਦਕਿਸਮਤੀ ਨਾਲ ਹੁਣ ਇਹ ਪਾਣੀ ਏਨਾ ਦੂਸ਼ਿਤ ਹੋ ਗਿਆ ਹੈ ਕਿ ਬਾਹਰੋਂ ਆ ਕੇ ਤਾਂ ਕਿਸੇ ਨੇ ਕੀ ਪੀਣਾ ਪੰਜਾਬ ਦੇ ਲੋਕ ਵੀ ਇਸ ਨੂੰ ਪੀਣ ਲਈ ਤਿਆਰ ਨਹੀਂ।**

ਹਰ ਪਾਸੇ ਗੱਲ ਹੁੰਦੀ ਸੀ ਪਰ ਜੇਕਰ ਪੰਜਾਬ ਦੇ ਅਜੋਕੇ ਸਮੇਂ ਵਾਲੇ ਗੱਭਰੂਆਂ ਦੀ ਗੱਲ ਕਰੀਏ ਤਾਂ ਹਾਲਾਤ ਬਿਲਕੁਲ ਬਦਲ ਚੁੱਕੇ ਹਨ। ਇਹਨਾਂ ਨੂੰ ਦੇਖ ਕੇ ਇੰਜ ਨਹੀਂ ਲੱਗਦਾ ਕਿ ਇਹ ਉਸੇ ਪੰਜਾਬ ਦੇ ਗੱਭਰੂ ਹਨ ਕਿਉਂਕਿ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਬਰਬਾਦੀ ਵੱਲ ਧੱਕ ਦਿੱਤੀ ਹੈ। ਅਨੇਕਾਂ ਘਰਾਂ ਦੇ ਚਿਰਾਗ ਨਸ਼ਿਆਂ ਕਾਰਨ ਬੁਝ ਚੁੱਕੇ ਹਨ। ਰੋਂਦੀਆਂ-ਵਿਲਕਦੀਆਂ ਮਾਵਾਂ ਦੇ ਇਕੱਲੇ-ਇਕਹਿਰੇ ਪੁੱਤ ਨਸ਼ਿਆਂ ਕਾਰਨ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ।

'ਪਿੰਡਾਂ ਵਿੱਚ ਰੱਬ ਵਸਦਾ' ਕਹਾਵਤ ਮੁਤਾਬਕ ਆਪਸੀ ਏਕੇ, ਖੁੱਲੇ ਦਿਲਾਂ ਵਾਲੇ ਲੋਕਾਂ ਅਤੇ ਆਪਸੀ ਭਾਈਚਾਰਕ ਸਾਂਝ ਦੇ ਪ੍ਰਤੀਕ ਪੰਜਾਬ ਦੇ ਪਿੰਡ ਅੱਜ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇਨਸਾਨੀ ਜੀਵਨ ਲਈ ਸਭ ਤੋਂ ਜ਼ਰੂਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਪਿੰਡਾਂ ਵਿੱਚ ਮੰਦੜੇ ਹਾਲ ਹਨ। ਪੀਣ ਲਈ ਸਾਫ਼ ਪਾਣੀ ਦੀ ਕਿੱਲਤ ਆਉਂਦੀ ਰਹਿੰਦੀ ਹੈ। ਕਈ ਵਿਦੇਸ਼ਾਂ 'ਚ ਰਹਿੰਦੇ ਪ੍ਰਵਾਸੀ ਪੰਜਾਬੀਆਂ ਨੇ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹੋਏ ਆਪਣੇ ਪਿੰਡਾਂ ਨੂੰ ਆਪਣੇ ਤੌਰ 'ਤੇ ਪੂੰਜੀ ਨਿਵੇਸ਼ ਕਰਕੇ ਪਿੰਡਾਂ ਵਿਚਲੀਆਂ ਸਮੱਸਿਆਵਾਂ ਨੂੰ ਹੱਲ ਕਰਕੇ ਤੇ ਸਾਰੀਆਂ ਸਹੂਲਤਾਂ ਮੁਹੱਈਆ ਕਰਵਾ ਕੇ ਇੱਕ ਨਮੂਨੇ ਵਜੋਂ ਪੇਸ਼ ਕੀਤਾ ਹੈ।

ਪੰਜਾਬ ਨੂੰ ਤੰਦਰੁਸਤੀ ਵਾਲਾ ਸੂਬਾ ਮੰਨਿਆ ਜਾਂਦਾ ਰਿਹਾ ਹੈ ਪ੍ਰੰਤੂ ਹੁਣ ਪੰਜਾਬ 'ਚ ਫ਼ੈਲੀਆਂ ਬਿਮਾਰੀਆਂ ਨੇ ਇਸਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜੇਕਰ ਪੰਜਾਬ ਨੂੰ ਹੁਣ ਬਿਮਾਰੀਆਂ ਦਾ ਘਰ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਕਥਿਨੀ ਨਹੀਂ ਹੋਵੇਗੀ ਕਿਉਂਕਿ ਇੱਥੇ ਹੁਣ ਕੋਈ ਘਰ ਅਜਿਹਾ ਨਹੀਂ ਬਚਿਆ ਜਿਸ ਘਰ ਵਿੱਚ ਕੋਈ ਵੀ ਇਨਸਾਨ ਕਿਸੇ ਬਿਮਾਰੀ ਤੋਂ ਪੀੜਤ ਨਾ ਹੋਵੇ। ਘਰਾਂ ਵਿੱਚ ਦਵਾਈਆਂ ਦੇ ਢੇਰ ਲੱਗੇ ਪਏ ਹਨ। ਕੈਂਸਰ, ਕਾਲਾ ਪੀਲੀਆ, ਏਡਜ਼, ਬੱਚਿਆਂ ਦਾ ਮੰਦਬੁੱਧੀ ਹੋਣਾ ਆਦਿ ਜਿਨਾਂ ਦਾ ਇਲਾਜ ਵੀ ਪੂਰੀ ਤਰਾਂ ਨਹੀਂ ਹੁੰਦਾ। ਇਸ ਤੋਂ ਇਲਾਵਾ



ਆਮ ਬਿਮਾਰੀਆਂ ਸ਼ੂਗਰ, ਹਾਰਟ ਅਟੈਕ, ਯੂਰਿਕ ਐਸਿਡ, ਤੇਜ਼ਾਬ ਬਣਨਾ, ਬਦਹਜ਼ਮੀ, ਬਲੱਡ ਪ੍ਰੈਸ਼ਰ ਦਾ ਘਟਣਾ-ਵਧਣਾ, ਖਾਂਸੀ, ਦਿਮਾਗੀ ਤਣਾਅ, ਜੋੜਾਂ ਦਾ ਦਰਦ ਆਦਿ ਬਿਮਾਰੀਆਂ ਤੋਂ ਹੁਣ ਬਹੁਤ ਲੋਕ ਪੀੜਤ ਹਨ। ਭਾਵੇਂ ਕਈ ਬਿਮਾਰੀਆਂ ਅਜਿਹੀਆਂ ਹਨ ਜਿਨ੍ਹਾਂ ਤੋਂ ਪੱਕੇ ਤੌਰ ਤੇ ਮਰੀਜ਼ ਨੂੰ ਛੁਟਕਾਰਾ ਨਹੀਂ ਮਿਲਦਾ ਪਰ ਉਸ ਦੇ ਕਾਬੂ ਪਾਉਣ ਲਈ ਕਰਵਾਏ ਜਾਂਦੇ ਮਹਿੰਗੇ ਇਲਾਜ 'ਤੇ ਹਜ਼ਾਰਾਂ-ਲੱਖਾਂ ਰੁਪਏ ਖਰਚ ਆਉਣ ਕਾਰਨ ਲੋਕਾਂ ਦੀਆਂ ਜਾਇਦਾਦਾਂ ਵਿਕ ਚੁੱਕੀਆਂ ਹਨ। ਅਕਸਰ ਹੀ ਅਸੀਂ ਦੇਖਦੇ ਹਾਂ ਕਿ ਲੋਕ ਮੀਡੀਏ ਜ਼ਰੀਏ ਆਪਣੇ ਮਰੀਜ਼ ਦਾ ਇਲਾਜ ਕਰਵਾਉਣ ਲਈ ਮਦਦ ਦੀ ਗੁਹਾਰ ਲਗਾਉਂਦੇ ਰਹਿੰਦੇ ਹਨ। ਬਾਹਰਲੇ ਮੁਲਕਾਂ ਵਿੱਚ ਬਹੁਤ ਲੋਕ ਅਜਿਹੇ ਹਨ ਜਿਹੜੇ ਇਨ੍ਹਾਂ ਅਪੀਲਾਂ ਨੂੰ ਦੇਖ ਕੇ ਪੀੜਤ ਲੋਕਾਂ ਦੇ ਇਲਾਜ ਲਈ ਪੈਸੇ ਭੇਜਦੇ ਹਨ ਤਾਂ ਕਿ ਸਹੀ ਇਲਾਜ ਹੋ ਸਕੇ। ਜੋ ਲੋਕ ਪੀੜਤ ਹੁੰਦੇ ਹਨ ਉਨ੍ਹਾਂ ਲਈ ਭੇਜਣਾ ਤਾਂ ਸਹੀ ਹੈ ਪਰ ਕਈ ਵਾਰ ਅਜਿਹਾ ਵੀ ਦੇਖਣ ਵਿੱਚ ਆਉਂਦਾ ਹੈ ਕਿ ਇਹ ਫ਼ਰਜ਼ੀ ਵੀ ਨਿਕਲ ਜਾਂਦਾ ਹੈ। ਪਰ ਵਿਦੇਸ਼ਾਂ ਵਿੱਚ ਰਹਿੰਦੇ ਪ੍ਰਵਾਸੀ ਬਿਨਾਂ ਕੁੱਝ ਦੇਖੇ ਲੋਕਾਂ ਨੂੰ ਆਪਣੇ ਸਮਝ ਕੇ ਪੈਸੇ ਭੇਜ ਦਿੰਦੇ ਹਨ। ਪੰਜਾਬ ਵਿੱਚ ਵਧ ਚੁੱਕੇ ਕੈਂਸਰ ਦੇ ਚੈਕਅੱਪ ਲਈ ਇੱਕ ਐਨਆਰਆਈ. ਕੁਲਵੰਤ ਸਿੰਘ ਧਾਲੀਵਾਲ ਹੁਰਾਂ ਵੱਲੋਂ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਜਿਸ ਤਹਿਤ ਮੋਬਾਇਲ ਮੈਡੀਕਲ ਬੱਸਾਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ/ਪਿੰਡਾਂ ਵਿੱਚ ਜਾ ਕੇ ਇਨ੍ਹਾਂ ਵਿੱਚ ਹਾਜ਼ਰ ਡਾਕਟਰੀ ਟੀਮਾਂ ਨਾਲ ਲੋਕਾਂ ਦਾ ਮੁਫ਼ਤ ਚੈਕਅੱਪ ਕਰਦੀਆਂ ਹਨ।

ਪੰਜਾਬ ਦੀ ਗੰਧਲੀ ਰਾਜਨੀਤੀ ਨੇ ਆਪਸੀ ਸਾਂਝਾਂ ਵਿੱਚ ਤਰੇੜਾਂ ਪਾਉਣ ਦਾ ਕੰਮ ਕੀਤਾ ਹੈ। ਇਸ ਨੇ ਸੂਬੇ ਵਿਚ ਭਾਈਵਾਲਤਾ ਖ਼ਤਮ ਕਰਕੇ ਲੜਾਈ-ਝਗੜਿਆਂ ਦਾ ਮਾਹੌਲ ਸਿਰਜ ਦਿੱਤਾ ਹੈ। ਵਿਦੇਸ਼ਾਂ ਵਿੱਚ ਜਦੋਂ ਕੋਈ ਪੰਜਾਬੀ ਮਿਲਦਾ ਹੈ ਤਾਂ ਆਪਣਾ ਹੀ ਲੱਗਦਾ ਹੈ ਪਰ ਇੱਥੇ ਪਿੰਡ ਦੀ ਸਰਪੰਚੀ ਤੋਂ ਲੈ ਕੇ ਵੱਡੇ ਪੱਧਰ ਤੱਕ ਦੀਆਂ ਵੋਟਾਂ ਨੇ ਇੱਕ ਪਰਿਵਾਰ ਵਿੱਚੋਂ ਵੀ ਸਾਰਿਆਂ ਦੇ ਮੂੰਹ ਅਲੱਗ-ਅਲੱਗ ਕਰ ਦਿੱਤੇ ਹਨ। ਲੋਕ ਆਪਸ ਵਿੱਚ ਲੜਦੇ ਰਹਿੰਦੇ ਹਨ ਜਿਸ ਦਾ ਰਾਜਸੀ ਲੀਡਰ ਲਾਭ ਲੈ ਜਾਂਦੇ ਹਨ। ਜਿਨ੍ਹਾਂ ਪਿੱਛੇ ਲੋਕ ਲੜਦੇ ਰਹਿੰਦੇ ਹਨ ਉਹ ਆਪ ਇੱਕ-ਦੂਜੇ ਨਾਲ ਯਾਰੀਆਂ ਪੁਗਾਉਂਦੇ ਰਹਿੰਦੇ ਹਨ। ਸਿਸਟਮ ਕੋਈ ਨਹੀਂ ਸੁਧਾਰਦਾ, ਹਰੇਕ ਪਾਰਟੀ ਦੇ ਨੁਮਾਇੰਦੇ ਆਪਣੀ ਰਾਜਨੀਤੀ ਚਮਕਾਉਣ ਵਿੱਚ ਲੱਗੇ ਰਹਿੰਦੇ ਹਨ। ਇਸ ਸਿਸਟਮ ਤੋਂ ਦੁਖੀ ਹੋ ਕੇ ਲੋਕ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ ਪਰ ਸਾਡੇ ਸਿਆਸਤਦਾਨ ਇਸ ਸਿਸਟਮ ਪ੍ਰਤੀ ਬਿਲਕੁਲ ਗੰਭੀਰ ਨਹੀਂ ਹਨ। ਪਿਛਲੇ ਸਮੇਂ ਜਦੋਂ ਵਿਧਾਨ ਸਭਾ ਚੋਣਾਂ ਹੋਈਆਂ ਸਨ, ਉਦੋਂ ਨਵੀਂ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਪੋਰਟ ਵਿੱਚ ਐਨਆਰਆਈ. ਲੋਕ ਇਸੇ ਕਰਕੇ ਆਏ ਸਨ ਕਿ ਸ਼ਾਇਦ ਇਹ ਪੰਜਾਬ ਦੇ ਹਾਲਾਤ ਵਿੱਚ ਕੁਝ ਬਦਲਾਅ ਲੈ ਆਵੇ ਪਰ ਉਮੀਦ ਮੁਤਾਬਕ ਨਤੀਜੇ ਸਾਹਮਣੇ ਨਹੀਂ ਆ ਸਕੇ।

ਪੰਜਾਬ ਦੀ ਅਮਨ-ਸ਼ਾਂਤੀ ਵੀ ਕਾਫੀ ਭੰਗ ਹੋ ਚੁੱਕੀ ਹੈ। ਇਸ ਤੋਂ ਪ੍ਰਵਾਸੀ ਪੰਜਾਬੀ ਬਹੁਤ ਔਖੇ ਹਨ ਕਿਉਂਕਿ ਉਹਨਾਂ ਨੂੰ ਕਿਸੇ ਕੰਮ ਲਈ ਜਦੋਂ ਪੰਜਾਬ ਵਿੱਚ ਆਉਣਾ ਪੈਂਦਾ ਹੈ ਤਾਂ ਲੁੱਟ-ਖੋਹ ਦਾ ਬਹੁਤ ਡਰ ਸਤਾਉਂਦਾ ਹੈ ਰਹਿੰਦਾ ਹੈ। ਇੱਥੇ ਕਾਨੂੰਨ ਤਾਂ ਬਣਦੇ ਹਨ ਪ੍ਰੰਤੂ ਕੋਈ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ ਹੈ ਤੇ ਨਾ ਹੀ ਬਹੁਗਿਣਤੀ ਲੋਕ ਆਪਣੀ ਜ਼ਿੰਮੇਵਾਰੀ ਸਮਝਦੇ ਹਨ। ਇਸ ਦੀ ਮਿਸਾਲ ਲਈ ਜਾ ਸਕਦੀ ਹੈ, ਪੰਜਾਬ ਵਿੱਚ ਰੋਜ਼ਾਨਾਂ ਹੁੰਦੇ ਸੜਕੀ ਹਾਦਸਿਆਂ ਤੋਂ। ਵਿਦੇਸ਼ ਤੋਂ ਆਏ ਵਿਅਕਤੀ ਲਈ ਇੱਥੇ ਡਰਾਈਵਿੰਗ ਕਰਨਾ ਮਾਊਂਟ ਐਵਰੈਸਟ 'ਤੇ ਚੜ੍ਹਨ ਦੇ ਬਰਾਬਰ ਹੈ ਕਿਉਂਕਿ ਉਹਨਾਂ ਨੂੰ ਪਹਿਲੀ ਗੱਲ ਇਹ ਸਮਝ ਨਹੀਂ ਆਉਂਦਾ ਕਿ ਇੱਥੇ ਕੋਈ ਕਾਨੂੰਨ ਹੈ ਜਾਂ ਨਹੀਂ। ਹਾਈ ਸਪੀਡ ਗੱਡੀਆਂ ਲੋਕ ਗਲਤ ਓਵਰਟੇਕ ਕਰਦੇ ਰਹਿੰਦੇ ਹਨ, ਕੋਈ ਕਿਸੇ ਨੂੰ ਪੁੱਛਦਾ ਨਹੀਂ।

ਭੋਲੇ-ਭਾਲੇ ਪੰਜਾਬੀਆਂ ਦਾ ਪੰਜਾਬ ਹੁਣ ਅਜਿਹੇ ਚਾਲਬਾਜ਼ਾਂ ਦੇ ਹੱਥ ਆ ਗਿਆ ਹੈ ਜਿਨ੍ਹਾਂ ਦੁਆਰਾ ਲੋਕਾਂ ਨੂੰ ਅਮੀਰ ਕਰਨ ਦੇ ਸੁਪਨੇ ਵਿਖਾ ਕੇ ਕੱਖੋਂ ਹੌਲਾ ਕਰ ਦਿੱਤਾ ਗਿਆ ਹੈ। ਇੱਕਦਮ ਆਈਆਂ ਚਿੱਟਫ਼ੰਡ ਕੰਪਨੀਆਂ ਨੇ ਆਮ ਲੋਕਾਂ ਨੂੰ ਪੈਸੇ ਦੁੱਗਣੇ ਕਰਨ ਦੇ ਨਾਮ ਤੇ ਉਨਾਂ ਕੋਲੋਂ ਰਾਸ਼ੀਆਂ ਵਸੂਲ ਲਈਆਂ ਅਤੇ ਮਗਰੋਂ ਹੁਣ ਆਪਣਾ ਸਾਜੋ ਸਮਾਨ ਚੁੱਕ ਕੇ ਭੱਜ ਗਏ। ਜਿਨ੍ਹਾਂ ਨੇ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਪੈਸੇ ਜਮ੍ਹਾਂ ਕਰਵਾ ਦਿੱਤੇ, ਹੁਣ ਉਹ ਸੜਕਾਂ 'ਤੇ ਆਉਣ ਲਈ ਮਜਬੂਰ ਹਨ। ਇਨ੍ਹਾਂ ਠੱਗੀਆਂ ਤੋਂ ਇਲਾਵਾ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗਣਾ, ਸਰਕਾਰੀ ਨੌਕਰੀਆਂ ਦਿਵਾਉਣ ਦੇ ਨਾਮ 'ਤੇ ਠੱਗਣਾ, ਧੋਖੇ ਨਾਲ ਕਿਸੇ ਦੇ ਖਾਤੇ ਵਿੱਚੋਂ ਪੈਸੇ ਕਢਵਾਉਣਾ, ਕਿਸੇ ਨੂੰ ਉਨਾਂ ਦੇ ਕੰਮ ਕਰਵਾਉਣ ਦੇ ਨਾਮ 'ਤੇ ਠੱਗਣਾ ਆਦਿ ਜਿਹੀਆਂ ਠੱਗੀਆਂ ਹੁਣ ਆਮ ਗੱਲ ਬਣ ਗਈ ਹੈ। ਕਈ ਪ੍ਰਵਾਸੀ ਪੰਜਾਬੀ ਵੀ ਕਈ ਪ੍ਰਕਾਰ ਦੀਆਂ ਠੱਗੀਆਂ ਦਾ ਸ਼ਿਕਾਰ ਹੋ ਚੁੱਕੇ ਹਨ। ਰੰਗਲਾ ਪੰਜਾਬ ਹੁਣ ਤਾਂਤਰਿਕ ਬਾਬਿਆਂ ਦਾ ਵੀ ਘਰ ਬਣ ਗਿਆ ਹੈ। ਪੰਜਾਬ 'ਚ ਗਰੀਬੀ ਤੇ ਹੋਰ ਸਮੱਸਿਆਵਾਂ ਨੇ ਗਹਿਰੇ ਪੈਰ ਪਸਾਰੇ ਹੋਏ ਹਨ, ਜਿਸ ਕਰਕੇ ਲੋਕ ਇਨ੍ਹਾਂ ਤੋਂ ਮੁਕਤੀ ਪਾਉਣ ਲਈ ਪਾਖੰਡੀ ਤਾਂਤਰਿਕਾਂ ਕੋਲ ਜਾ ਕੇ ਆਪਣੀਆਂ ਸਮੱਸਿਆਵਾਂ ਹੱਲ ਕਰਨ ਲਈ ਕਹਿੰਦੇ ਹਨ। ਲੋਕਾਂ ਦੀਆਂ ਸਮੱਸਿਆਵਾਂ ਤਾਂ ਹੱਲ ਨਹੀਂ ਹੁੰਦੀਆਂ ਪਰ ਤਾਂਤਰਿਕਾਂ ਦੀਆਂ ਜ਼ਰੂਰ ਹੋ ਜਾਂਦੀਆਂ ਹਨ।

ਪੰਜ ਦਰਿਆਵਾਂ ਦੀ ਧਰਤੀ ਹੋਣ ਕਰਕੇ ਪੰਜਾਬ ਦਾ ਨਾਮ ਪੰਜਾਬ ਰੱਖਿਆ ਗਿਆ ਸੀ, ਜਿਸ ਕਰਕੇ ਇੱਥੋਂ ਦੇ ਪਾਣੀ ਨੂੰ ਅੰਮ੍ਰਿਤ ਸਮਝਿਆ ਜਾਂਦਾ ਸੀ। ਹਰ ਕੋਈ ਪੰਜਾਬ ਦਾ ਪਾਣੀ ਬੜਾ ਖੁਸ਼ ਹੋ ਕੇ ਪੀਂਦਾ ਸੀ ਪ੍ਰੰਤੂ ਬਦਕਿਸਮਤੀ ਨਾਲ ਹੁਣ ਇਹ ਪਾਣੀ ਏਨਾ ਦੂਸ਼ਿਤ ਹੋ ਗਿਆ ਹੈ ਕਿ ਬਾਹਰੋਂ ਆ ਕੇ ਤਾਂ ਕਿਸੇ ਨੇ ਕੀ ਪੀਣਾ ਪੰਜਾਬ ਦੇ ਲੋਕ ਵੀ ਇਸ ਨੂੰ ਪੀਣ ਲਈ ਤਿਆਰ ਨਹੀਂ।

ਸਮੱਸਿਆਵਾਂ ਦੇ ਹੱਲ ਜ਼ਰੂਰੀ : ਉਪਰੋਕਤ ਦਰਸਾਈਆਂ ਸਮੱਸਿਆਵਾਂ ਨੇ ਪੰਜਾਬ ਨੂੰ ਬੁਰੀ ਤਰਾਂ ਜਕੜਿਆ ਹੋਇਆ ਹੈ। ਇਸ ਕਰਕੇ ਖੁਸ਼ਹਾਲੀ ਦਾ ਪ੍ਰਤੀਕ ਪੰਜਾਬ ਆਪਣੇ ਪੁਰਾਣੇ ਦਿਨ ਯਾਦ ਕਰਕੇ ਹੰਝੂ ਵਹਾ ਰਿਹਾ ਹੈ। ਹੁਣ ਲੋੜ ਹੈ ਕਿ ਜੋ ਸਮੱਸਿਆਵਾਂ ਪੰਜਾਬ ਦੇ ਲੋਕ ਖ਼ੁਦ ਹੱਲ ਕਰ ਸਕਦੇ ਹਨ ਉਹ ਇੱਕ ਮੰਚ ਤੇ ਇਕੱਠੇ ਹੋ ਕੇ ਸਾਂਝੇ ਤੌਰ 'ਤੇ ਉਪਰਾਲੇ ਕਰਨ। ਬਾਕੀ ਇੱਥੋਂ ਦੇ ਪੰਜਾਬੀ ਆਪਣੇ ਦੁਆਰਾ ਚੁਣੇ ਹੋਏ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਉਣ ਕਿਉਂਕਿ ਇੱਥੋਂ ਦੇ ਸਿਆਸਤਦਾਨ ਇੱਕ ਵਾਰ ਵਾਅਦੇ ਕਰਕੇ ਵੋਟਾਂ ਹਾਸਿਲ ਕਰਕੇ ਜਿੱਤ ਕੇ ਚਲੇ ਜਾਂਦੇ ਹਨ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਰਹਿੰਦੀਆਂ ਹਨ। ਬਾਕੀ ਐਨਆਰ.ਆਈ. ਵੀ ਆਪਣੇ ਸਹਿਯੋਗ ਨਾਲ ਪੰਜਾਬ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਯਤਨ ਕਰਨ ਤਾਂ ਕਿ ਪੰਜਾਬ ਨੂੰ ਫਿਰ ਤੋਂ ਪਹਿਲਾਂ ਵਾਲਾ ਰੰਗਲਾ ਤੇ ਸੋਨੇ ਦੀ ਚਿੜੀ ਵਾਲਾ ਪੰਜਾਬ ਬਣਾਇਆ ਜਾ ਸਕੇ।

## ਹਰ ਸਾਲ ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਹੁੰਦੈ 2000 ਕਰੋੜ ਦਾ

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਨਸ਼ੇ ਦੇ ਕਾਰੋਬਾਰ ਦਾ ਹੱਬ ਬਣ ਚੁੱਕਾ ਹੈ। ਇਕ ਪਾਸੇ ਸਰਕਾਰ ਤੇ ਪੁਲਸ ਵਿਭਾਗ ਨਸ਼ਾ ਸਮੱਗਲਰਾਂ ਦੀ ਸਪਲਾਈ ਲਾਈਨ ਤੋੜਨ ਦਾ ਦਾਅਵਾ ਕਰ ਰਿਹਾ ਹੈ ਤਾਂ ਦੂਜੇ ਪਾਸੇ ਲਗਾਤਾਰ ਨਸ਼ੇ ਦਾ ਕਾਰੋਬਾਰ ਆਪਣੇ ਪੈਰ ਫੈਲਾ ਰਿਹਾ ਹੈ ਤੇ ਲਗਾਤਾਰ ਬਰਾਮਦਗੀ ਦੀ ਖੇਡ ਜਾਰੀ ਹੈ ਜੇਕਰ ਸਪਲਾਈ ਲਾਈਨ ਟੁੱਟ ਗਈ ਤਾਂ ਨਸ਼ਾ ਕਿੱਥੋਂ ਤੇ ਕਿਵੇਂ ਆ ਰਿਹਾ ਹੈ, ਇਸ ਦਾ ਪੁਲਸ ਅਧਿਕਾਰੀਆਂ ਕੋਲ ਕੋਈ ਜਵਾਬ ਨਹੀਂ ਹੈ। ਇਕ ਅਨੁਮਾਨ ਅਨੁਸਾਰ ਪੰਜਾਬ ਵਿਚ ਹਰ ਸਾਲ ਨਸ਼ੇ ਦਾ ਕਾਰੋਬਾਰ 2000 ਕਰੋੜ ਦੇ ਲਗਭਗ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਜਨਤਾ ਦੇ ਸਾਹਮਣੇ ਕਸਮ ਖਾਧੀ ਸੀ ਕਿ ਚਾਰ ਹਫਤਿਆਂ ਵਿਚ ਉਹ ਪੰਜਾਬ ਤੋਂ ਨਸ਼ਾ ਖਤਮ ਕਰ ਦੇਣਗੇ ਪਰ ਸੱਤਾ ਵਿਚ ਆਉਣ ਦੇ ਬਾਅਦ ਸਿਰਫ ਐੱਸ. ਟੀ. ਐੱਫ. ਬਣਾਉਣ ਦੇ ਬਾਅਦ ਸਰਕਾਰ ਨੇ ਆਪਣੀ ਡਿਊਟੀ ਖਤਮ ਸਮਝ ਲਈ ਸੀ ਤੇ 15 ਮਹੀਨੇ ਤਕ ਨਸ਼ੇ ਦਾ ਕਾਰੋਬਾਰ ਬਾ-ਦਸਤੂਰ ਜਾਰੀ ਰਿਹਾ। ਇਸ ਦੌਰਾਨ ਪਿਛਲੇ ਤਿੰਨ ਮਹੀਨਿਆਂ ਵਿਚ ਜਦ 70 ਤੋਂ ਜ਼ਿਆਦਾ ਮੌਤਾਂ ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਸਨ ਤਾਂ ਕਾਂਗਰਸ ਸਰਕਾਰ ਪੂਰੀ ਤਰ੍ਹਾਂ ਜਨਤਾ ਦੇ ਕਟਹਿਰੇ ਵਿਚ ਖੜ੍ਹੀ ਨਜ਼ਰ ਆਈ। ਮੁੱਖ ਮੰਤਰੀ ਤੋਂ ਲੈ ਕੇ ਪੁਲਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਨਸ਼ਾ ਸਪਲਾਈ ਨਹੀਂ ਹੋ ਰਿਹਾ ਹੈ ਤੇ ਨਸ਼ਾ ਮਾਫੀਆ ਦੀ ਸਪਲਾਈ ਲਾਈਨ ਨੂੰ ਤੋੜ ਦਿੱਤਾ ਗਿਆ ਹੈ ਪਰ ਦੂਜੇ ਪਾਸੇ ਅੰਕੜੇ ਕੁਝ ਹੋਰ ਕਹਿੰਦੇ ਹਨ। ਪਿਛਲੇ 15 ਮਹੀਨੇ ਵਿਚ ਸੂਬੇ ਭਰ ਤੋਂ ਪੁਲਸ ਨੇ 337 ਕਿਲੋਗ੍ਰਾਮ ਹੈਰੋਇਨ ਫੜੀ ਹੈ ਜਿਸ ਦੀ ਕੌਮਾਂਤਰੀ ਕੀਮਤ 1885 ਕਰੋੜ ਰੁਪਏ ਹੈ ਪਰ ਸਰਕਾਰ ਦੇ ਸਪਲਾਈ ਲਾਈਨ ਤੋੜਨ ਦੇ ਦਾਅਵੇ 'ਤੇ ਯਕੀਨ ਕਰ ਲਿਆ ਜਾਵੇ ਤਾਂ ਫਿਰ ਇੰਨੀ ਵੱਡੀ ਮਾਤਰਾ ਵਿਚ ਹੈਰੋਇਨ ਕਿੱਥੋਂ ਤੇ ਕਿਵੇਂ ਆਈ। ਇਸ ਦੇ



ਇਲਾਵਾ ਪਿਛਲੇ 15 ਮਹੀਨੇ ਵਿਚ ਪੁਲਸ ਨੇ ਮਾਤਰਾ ਵਿਚ 14.336 ਕਿਲੋਗ੍ਰਾਮ ਸਮੈਕ, 116.603 ਕਿਲੋਗ੍ਰਾਮ ਚਰਸ, 1040.531 ਕਿਲੋਗ੍ਰਾਮ ਅਫੀਮ, 50588 ਕਿਲੋਗ੍ਰਾਮ ਭੁੱਕੀ, ਨਸ਼ੇ ਵਾਲੇ ਟੀਕੇ ਤੇ 4810540 ਨਸ਼ੇ ਵਾਲੀਆਂ ਗੋਲੀਆਂ ਜ਼ਬਤ ਕੀਤੀਆਂ ਹਨ, ਕਿਉਂਕਿ ਸੂਬੇ ਭਰ ਵਿਚ ਨਸ਼ਾ ਮਾਫੀਆ ਨਾਲ ਖਾਕੀ ਵਰਦੀ ਦਾ ਗੱਠਜੋੜ ਪਾਇਆ ਗਿਆ ਹੈ।

ਇਕ ਪਾਸੇ ਜੇਕਰ ਸਰਕਾਰ ਗੰਭੀਰਤਾ ਨਾਲ ਖਾਕੀ ਵਰਦੀ 'ਤੇ ਕਾਰਵਾਈ ਕਰਦੀ ਹੈ ਤਾਂ ਕਾਫੀ ਗਿਣਤੀ ਵਿਚ ਪੁਲਸ ਅਧਿਕਾਰੀ ਤੇ ਮੁਲਾਜ਼ਮ ਇਸ ਵਿਚ ਸ਼ਾਮਲ ਮਿਲ ਸਕਦੇ ਹਨ। ਅਜਿਹੇ ਵਿਚ ਸਰਕਾਰ ਨੂੰ ਪੁਲਸ ਫੋਰਸ ਵਿਚ ਬਗਾਵਤ ਹੋਣ ਦਾ ਡਰ ਸਤਾਏਗਾ ਤਾਂ ਹੀ ਹੇਠਲੇ ਪੱਧਰ 'ਤੇ ਖਾਕੀ ਵਰਦੀ 'ਤੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਪਰ ਉਪਰਲੇ ਪੱਧਰ 'ਤੇ ਸਿਰਫ ਜਾਂਚ ਬਿਠਾ ਕੇ ਮਾਮਲੇ ਨੂੰ ਠੰਡੇ ਬਸਤੇ ਵਿਚ ਪਾਇਆ ਜਾ ਰਿਹਾ ਹੈ। ਨਸ਼ੇ ਦਾ ਮੁੱਦਾ ਸੂਬੇ ਵਿਚ ਇੰਨਾ ਹਾਵੀ ਹੋ ਚੁੱਕਾ ਹੈ ਕਿ ਮੁੱਖ ਮੰਤਰੀ ਅਤੇ ਡੀ. ਜੀ. ਪੀ. ਨੂੰ ਖੁਦ ਆ ਕੇ ਇਸ ਮਾਮਲੇ ਦੀ ਸਫਾਈ ਦੇਣੀ ਪੈ ਰਹੀ ਹੈ, ਕਿਉਂਕਿ ਲੋਕ ਸਭਾ ਚੋਣਾਂ ਸਿਰ 'ਤੇ ਹਨ, ਇਸ ਲਈ ਪੀ. ਐੱਮ. ਨੇ ਖੁਦ ਇਸ ਮਾਮਲੇ ਦੀ ਕਮਾਨ ਸੰਭਾਲ ਲਈ ਹੈ ਅਤੇ ਹਰ ਹਫਤੇ ਪੁਲਸ ਕੋਲੋਂ ਨਸ਼ੇ ਦੇ ਮਾਮਲੇ ਵਿਚ ਫੀਡਬੈਕ ਲਿਆ ਜਾ ਰਿਹਾ ਹੈ।

# ਖਾਲਸਾ ਕਾਲਜ ਵਿੱਚ ਦੀਨ ਦਿਆਲ ਉਪਾਧਿਆਏ ਕੌਸ਼ਲ ਕੇਂਦਰ ਸਥਾਪਤ

## *ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਰਐਸਐਸ ਦੇ ਆਗੂ ਦੀਨ ਦਿਆਲ ਦੇ ਨਾਮ 'ਤੇ ਖੋਲ੍ਹਿਆ ਸਰਕਾਰੀ ਕੇਂਦਰ*

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਾਅਵਾ ਕੀਤਾ ਕਿ ਦਿੱਲੀ ਯੂਨੀਵਰਸਿਟੀ ਦੇ ਅਧੀਨ ਆਉਂਦੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿੱਚ ਵਣਿਜ ਤੇ ਕਿੱਤਾ ਮੁਖੀ ਕੋਰਸ ਕਰਵਾਉਣ ਲਈ ਆਰ ਐਸ ਐਸ ਦੇ ਆਗੂ ਦੀਨ ਦਿਆਲ ਉਪਾਧਿਆਏ ਕੌਸ਼ਲ ਕੇਂਦਰ ਸਥਾਪਤ ਕੀਤਾ ਗਿਆ ਹੈ ਤੇ ਤਰਕ ਇਹ ਦਿੱਤਾ ਨੌਜਵਾਨਾਂ ਨੂੰ ਉਨ੍ਹਾਂ ਰੁਜ਼ਗਾਰ ਦਿਵਾਉਣ ਵਿਚ ਮਦਦ ਮਿਲੇਗੀ।

ਜੀਕੇ ਨੇ ਕਿਹਾ ਕਿ ਇਸ ਕੇਂਦਰ ਵਿੱਚ ਵੱਖ-ਵੱਖ ਨੌਂ ਕੋਰਸ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਮਲਟੀ ਮੀਡੀਆ, ਫੋਰੈਂਸਿਕ ਸਾਇੰਸ, ਮਾਸ ਮੀਡੀਆ, ਕੰਪਿਊਟਰ ਸਾਇੰਸ, ਈ-ਟੈਕਸੇਸ਼ਨ ਅਤੇ ਈ-ਅਕਾਊਂਟਿੰਗ ਵਰਗੇ ਅਹਿਮ ਵਿਸ਼ੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੋਰਸਾਂ ਲਈ 500 ਸੀਟਾਂ ਕਾਲਜ ਵਿੱਚ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਮੁਹੱਈਆ ਹੋਣਗੀਆਂ। ਕਾਲਜ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਦੱਸਿਆ ਕਿ ਉਪਰੋਕਤ 500 ਸੀਟਾਂ ਵਿੱਚੋਂ 50 ਫ਼ੀਸਦ ਸੀਟਾਂ ਸਿੱਖ ਵਿਦਿਆਰਥੀਆਂ ਲਈ ਰਾਖਵੀਆਂ ਹੋਣਗੀਆਂ ਅਤੇ ਇਸੇ ਸਾਲ ਤੋਂ ਇਹ ਕੋਰਸ ਸ਼ੁਰੂ ਕੀਤੇ ਜਾਣਗੇ।

ਇਸ ਮੌਕੇ ਸੰਬੋਧਨ ਕਰਦਿਆਂ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਦਿੱਲੀ ਵਿੱਚ ਕਾਲਜਾਂ ਦੀ ਕਮੀ ਹੈ, ਜਿਸ ਕਰਕੇ 90 ਫ਼ੀਸਦੀ ਅੰਕ ਲਿਆਉਣ ਵਾਲੇ ਬੱਚੇ ਵੀ ਕਈ ਵਾਰ ਮਨਮਰਜ਼ੀ ਦੇ ਕੋਰਸਾਂ ਵਿੱਚ ਦਾਖ਼ਲੇ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿੱਚ 20 ਨਵੇਂ ਕਾਲਜ ਖੋਲ੍ਹਣ ਦਾ ਵਾਅਦਾ ਕੀਤਾ ਸੀ ਪਰ ਇਕ ਵੀ ਕਾਲਜ ਨਹੀਂ ਖੋਲ੍ਹ ਸਕੇ।

ਕੌਣ ਏ ਪੰਡਤ ਦੀਨ ਦਿਆਲ : ਜ਼ਿਕਰਯੋਗ ਹੈ ਪੰਡਿਤ ਦੀਨ ਦਿਆਲ ਉਪਾਧਿਆਏ ਨੇ 1937 ਤੋਂ ਲਗਾਤਾਰ ਆਰਐਸਐਸ ਨੂੰ ਸਥਾਪਿਤ ਕਰਨ ਵਿਚ ਹਿੱਸਾ ਪਾਇਆ ਅਤੇ ਉਹ ਜਨਸੰਘ ਦਾ ਪਹਿਲਾ ਪ੍ਰਧਾਨ ਬਣਿਆ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਮੁੱਢਲੀ ਸੋਚ ਵਾਲਿਆਂ ਵਿਚੋਂ ਪੰਡਿਤ ਦੀਨ ਦਿਆਲ ਉਪਾਧਿਆਏ ਇਕ ਸੀ। ਇਹ 1967 ਤੱਕ ਜਨਸੰਘ ਦਾ ਪ੍ਰਧਾਨ ਰਿਹਾ। ਦੀਨ ਦਿਆਲ ਦਾ ਕਹਿਣਾ ਸੀ ਕਿ ਜੇਕਰ ਅਸੀਂ ਏਕਤਾ ਚਾਹੁੰਦੇ ਹਾਂ, ਤਾਂ ਅਸੀਂ ਨਿਸਚਿਤ ਹੀ ਭਾਰਤੀ ਰਾਸ਼ਟਰਵਾਦ ਨੂੰ ਸਮਝਣਾ ਹੋਵੇਗਾ, ਜੋ ਹਿੰਦੂ ਰਾਸ਼ਟਰਵਾਦ ਹੈ ਤੇ ਭਾਰਤੀ ਸੰਸਕ੍ਰਿਤੀ ਹਿੰਦੂ ਸੰਸਕ੍ਰਿਤੀ ਹੈ। ਇਹੀ ਕਾਰਨ ਹੈ ਕਿ ਮੋਦੀ ਸਰਕਾਰ ਨੇ ਦੀਨ ਦਿਆਲ (25 ਸਤੰਬਰ 1916 ਫਰਵਰੀ 1968) ਦੀ ਜਨਮ ਸ਼ਤਾਬਦੀ 'ਤੇ ਵੱਖੋ ਵੱਖ ਯੋਜਨਾਵਾਂ ਤੇ ਪ੍ਰੋਗਰਾਮਾਂ ਰਾਹੀਂ ਉਸ ਨੂੰ ਭਾਰਤ ਦਾ ਨਾਇਕ ਬਣਾਉਣ ਦੀ ਕੋਸ਼ਿਸ਼ ਕੀਤੀ। ਦੀਨ ਦਿਆਲ ਉਪਾਧਿਆਇ ਦੀਆਂ ਰਚੀਆਂ ਪੁਸਤਕਾਂ ਦੇ 15 ਭਾਗ ਵੀ ਰਾਜਾਂ ਦੇ ਸਕੂਲਾਂ ਵਿਚ ਭੇਜੇ ਜਾ ਰਹੇ ਹਨ, ਜਿੱਥੇ ਭਾਜਪਾ ਦੀ ਹਕੂਮਤ ਹੈ। ਦੀਨ ਦਿਆਲ ਉਪਾਧਿਆਇ 21 ਸਾਲ ਦੀ ਉਮਰ ਵਿਚ ਸਾਮਾਜਿਕ ਰਾਜਨੀਤਕ ਤੌਰ 'ਤੇ ਸੰਘ ਕਾਰਜਕਰਕਤਾ ਪ੍ਰਚਾਰਕ ਦੇ ਤੌਰ 'ਤੇ 1937 ਵਿਚ ਸਰਗਰਮ ਹੋਏ, ਪਰ ਇਹੀ ਦੇਖਣ ਵਿਚ ਆਉਂਦਾ ਹੈ ਕਿ ਆਰ ਐਸ ਐਸ ਵਾਲੇ ਤੇ ਮੋਦੀ ਸਮਰੱਥਕ ਭਾਜਪਾ ਵਾਲੇ ਅਜ਼ਾਦੀ ਦੇ ਪਹਿਲੇ ਇਕ ਦਹਾਕੇ ਦੌਰਾਨ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਲੈ ਕੇ 1937 ਤੋਂ 1947 ਦੇ ਵਿਚਾਲੇ ਪ੍ਰੋਗਰਾਮਾਂ ਨੂੰ ਲੈ ਕੇ ਅਜ਼ੀਬ ਜਿਹੀ ਚੁੱਪ ਧਾਰਨ ਕੀਤੀ ਬੈਠੇ ਹਨ ਤੇ ਅਚਾਨਕ 1947 ਤੇ ਪਹੁੰਚ ਕੇ ਦੱਸਣ ਲੱਗਦੇ ਹਨ ਕਿ ਉਹ ਬਹੁਤ ਵੱਡੇ ਦੇਸ਼ ਭਗਤ ਸਨ ਤੇ ਉਨ੍ਹਾਂ ਨੇ 1947 ਦੌਰਾਨ ਆਰ ਐਸ ਐਸ ਦੀ ਅਗਵਾਈ ਵਿਚ ਰਾਸ਼ਟਰ ਧਰਮ ਪ੍ਰਕਾਸ਼ਨ ਦੀ ਸਥਾਪਨਾ ਕੀਤੀ। ਪਰ ਉਨ੍ਹਾਂ ਨੇ ਆਪਣੀ ਰਚਨਾਵਾਂ ਵਿਚ ਦੇਸ ਦੀ ਅਜ਼ਾਦੀ ਦੇ ਸੰਘਰਸ਼



ਦਾ ਕੋਈ ਵਰਨਣ ਨਹੀਂ ਕੀਤਾ। ਉਹ ਆਪਣੇ ਸਾਥੀਆਂ ਦੀ ਤਰ੍ਹਾਂ ਆਰ ਐਸ ਐਸ ਦੀ ਨੀਤੀ ਤਹਿਤ ਦੇਸ ਦੀ ਅਜ਼ਾਦੀ ਦੇ ਅੰਦੋਲਨ ਤੋਂ ਦੂਰ ਸਨ ਤੇ ਉਨ੍ਹਾਂ ਨੇ ਹਿੰਦੂ ਰਾਸ਼ਟਰ ਹਿੱਤ ਸੰਗਠਨ ਨਿਰਮਾਣ 'ਤੇ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ ਹੋਈਆਂ ਸਨ। ਬ੍ਰਿਟਿਸ਼ ਸਰਕਾਰ ਦੇ ਗੁਪਤਚਰ ਵਿਭਾਗਾਂ ਦੀਆਂ ਰਿਪੋਰਟਾਂ ਵਿਚ ਉਨ੍ਹਾਂ ਦੀਆਂ ਹਿੰਦੂ ਰਾਸ਼ਟਰ ਵਾਲੀਆਂ ਸਰਗਰਮੀਆਂ ਨੂੰ ਦੇਖਿਆ-ਪਰਖਿਆ ਜਾ ਸਕਦਾ ਹੈ। ਐਂਡਰਸਨ, ਵਾਲਟਰ ਐਂਡ ਦਾਮਲੇ, ਸ੍ਰੀਧਰ, ਬ੍ਰਦਰਹੁੱਡ ਇਨ ਸੈਫਰਨ : ਦਿ ਰਾਸਟਰੀ ਸਵੈ ਸੇਵਕ ਸੰਘ ਐਂਡ ਹਿੰਦੂ ਰਿਵਾਈਵਲਿਜ਼ਮ, ਵੈਸਟਯੂ ਪ੍ਰੈੱਸ 1947 ਪੰਨਾ 44 ਵਿਚ ਸਾਫ਼ ਲਿਖਿਆ ਹੈ ਕਿ ਆਰ ਐਸ ਐਸ ਨੇ ਸੁਚੇਤ ਤੌਰ 'ਤੇ ਆਪਣੇ ਆਪ ਨੂੰ ਕਾਨੂੰਨ ਦੇ ਦਾਇਰੇ ਵਿਚ ਰੱਖਿਆ ਤੇ ਵਿਸ਼ੇਸ਼ ਤੌਰ 'ਤੇ ਅਗਸਤ 1942 ਵਿਚ ਉੱਠੇ ਵਿਦਰੋਹਾਂ ਵਿਚ ਸ਼ਾਮਲ ਹੋਣ ਤੋਂ ਗੁਰੇਜ਼ ਕੀਤਾ।

ਇਹ ਜ਼ਾਹਿਰ ਸੀ ਕਿ ਹਿੰਦੂਤਵ ਦੇ ਇਹ ਸਾਰੇ ਆਗੂ ਆਰ ਐਸ ਐਸ ਦੇ ਸੁਪਰੀਮੋ ਗੁਰੂ ਗੋਲਵਲਕਰ ਦੁਆਰਾ ਤੈਅ ਕੀਤੀ ਗਈ ਲਾਈਨ ਉੱਪਰ ਚਲ ਰਹੇ ਸਨ, ਜਿਸ ਵਿਚ ਕਿਹਾ ਗਿਆ ਸੀ, "1942 ਵਿਚ ਵੀ ਸਾਰੇ ਲੋਕਾਂ ਦੇ ਦਿਲਾਂ ਵਿਚ ਭਾਵਨਾਵਾਂ ਦਾ ਜ਼ਬਰਦਸਤ ਉਬਾਲ ਸੀ। ਉਸ ਦੌਰਾਨ ਸੰਘ ਦਾ ਰੋਜ਼ਾਨਾ ਕਾਰਜ ਚਲਦਾ ਰਿਹਾ। ਸੰਘ ਨੇ ਤੈਅ ਕੀਤਾ ਕਿ ਉਹ ਇਸ ਅੰਦੋਲਨ ਵਿਚ ਭਾਗ ਨਹੀਂ ਲਵੇਗਾ। ਹਾਲਾਂਕਿ ਸੰਘ ਦੇ ਵਰਕਰਾਂ ਦੇ ਦਿਲਾਂ ਵਿਚ ਉਥਲ ਪੁਥਲ ਚਲਦੀ ਰਹੀ। ਪਰ ਸੰਘ ਦੇ ਲੀਡਰਾਂ ਦੇ ਲਈ ਇਹ ਗੱਲਾਂ ਕੋਈ ਅਰਥ ਨਹੀਂ ਰੱਖਦੀਆਂ ਸਨ।"
(ਮਾਧਵ ਸਦਾਸ਼ਿਵ ਗੋਲਵਲਕਰ ਸ੍ਰੀ ਗੁਰੂ ਜੀ ਸਮਗਰ ਦਰਸ਼ਨ ਹਿੰਦੀ ਵਿਚ ਗੋਲਵਲਕਰ ਦੀਆਂ ਰਚਨਾਵਾਂ ਖੰਡ 4 ਭਾਰਤੀ ਵਿਚਾਰ ਸਾਧਨਾ ਨਾਗਪੁਰ ਪੰਨਾ 40)

ਸੀਪੀ ਮਿਸ਼ੀਕਰ, ਪੰਡਤ ਦੀਨ ਦਿਆਲ ਉਪਾਧਿਆਇ : ਆਇਓਡੋਲੋਜੀ ਐਂਡ ਪਰਸਸੈਪਸ਼ਨ-ਕਨਸੈਂਪਟ ਆਫ ਦੀ ਰਾਸ਼ਟਰ ਵਾਲੀਅਮ-5, ਸਰੁਚੀ ਦਿੱਲੀ ਪੰਨਾ 169 ਵਿਚ ਲਿਖਿਆ ਗਿਆ ਹੈ ਕਿ ਅਸੀਂ ਲੋਕ ਦਰਅਸਲ ਉਸ ਗੁੰਮਰਾਹ ਕਰਨ ਵਾਲੇ ਵਿਚਾਰ ਦੇ ਸ਼ਿਕਾਰ ਸਾਂ ਕਿ ਅਜ਼ਾਦੀ ਦਾ ਅਰਥ ਵਿਦੇਸ਼ੀ ਰਾਜ ਨੂੰ ਉਖਾੜ ਸੁੱਟਣਾ ਹੁੰਦਾ ਹੈ। ਵਿਦੇਸ਼ੀ ਸਰਕਾਰ ਦਾ ਵਿਰੋਧ ਦਾ ਮਤਲਬ ਇਹ ਨਹੀਂ ਹੁੰਦਾ ਮਾਤਰ ਭੂਮੀ ਦੇ ਲਈ ਤੁਸੀਂ ਸਹੀ ਅਰਥ ਵਿਚ ਪਿਆਰ ਕਰਦੇ ਹੋ...ਅਜ਼ਾਦੀ ਦੇ ਲਈ ਚਲੇ ਸੰਘਰਸ਼ ਵਿਚ ਬ੍ਰਿਟਿਸ਼ ਸਰਕਾਰ ਦੇ ਪ੍ਰਤੀ ਵਿਰੋਧ ਤੇ ਜ਼ੋਰ ਦਿੱਤਾ ਗਿਆ ਹੈ...ਇਹ ਮੰਨਿਆ ਜਾਣ ਲੱਗਾ ਹੈ ਕਿ ਜਿਸ ਨੇ ਵੀ ਬ੍ਰਿਟਿਸ਼ਾਂ ਦਾ ਵਿਰੋਧ ਕੀਤਾ, ਉਹ ਦੇਸ਼ ਭਗਤ ਹੈ। ਇਨ੍ਹਾਂ ਦਿਨਾਂ ਦੌਰਾਨ ਇਕ ਗਿਣੀ ਮਿੱਥੀ ਮੁਹਿੰਮ ਚਲਾਈ ਗਈ ਕਿ ਬ੍ਰਿਟਿਸ਼ ਹਕੂਮਤ ਦੇ ਖਿਲਾਫ਼ ਜ਼ਬਰਦਸਤ ਲਹਿਰ ਪੈਦਾ ਕੀਤੀ ਜਾਵੇ ਤੇ ਇਸ ਦੇਸ਼ ਦੇ ਲੋਕਾਂ ਦੇ ਸਾਹਮਣੇ ਖੜੀ ਹਰ ਸਮੱਸਿਆ ਤੇ ਪਰੇਸ਼ਾਨੀ ਦੇ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ।

**ਅਜ਼ਾਦੀ ਅੰਦੋਲਨ ਦੇ ਵਿਰੁੱਧ ਦੀਨ ਦਿਆਲ** : ਦੀਨ ਦਿਆਲ ਨਹੀਂ ਸੀ ਚਾਹੁੰਦੇ ਕਿ ਇਸ ਅਜ਼ਾਦੀ ਦੇ ਅੰਦੋਲਨ ਵਿਚ ਭਾਗ ਲਿਆ ਜਾਵੇ ਤੇ ਉਨ੍ਹਾਂ ਦਾ ਨਜ਼ਰੀਆ ਹਿੰਦੂ-ਮੁਸਲਿਮ ਏਕਤਾ ਦੇ ਹੱਕ ਵਿਚ ਨਹੀਂ ਸੀ ਤੇ ਉਹ ਭਾਰਤ ਵਿਚ ਹਿੰਦੂ ਧਰਮ ਦਾ ਬੋਲਬਾਲਾ ਚਾਹੁੰਦੇ ਸਨ। ਇਸੇ ਕਰਕੇ ਉਨ੍ਹਾਂ ਨੇ ਕਾਂਗਰਸ ਤੇ ਗਾਂਧੀ ਨੀਤੀ ਦੀ ਅਲੋਚਨਾ ਕੀਤੀ। ਸੰਘ ਦੇ ਇਕ ਮੁੱਖ ਪੱਤਰ ਰਾਸ਼ਟਰ ਧਰਮ ਵਿਚ ਪ੍ਰਕਾਸ਼ਿਤ ਇਕ ਲੇਖ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੰਘ ਦੇ ਵਿਚਾਰਕ ਦੀਨ ਦਿਆਲ ਉਪਾਧਿਆਇ ਹਿੰਦੂ-ਮੁਸਲਿਮ ਏਕਤਾ ਦੇ ਖਿਲਾਫ਼ ਸਨ ਤੇ ਮੁਸਲਮਾਨਾਂ ਦੇ ਵਿਰੋਧੀ ਸਨ। ਦੀਨ ਦਿਆਲ ਦੀ ਦ੍ਰਿਸ਼ਟੀ ਵਿਚ ਵਿਸ਼ੇ ਨਾਲ ਉਪਰੋਕਤ ਲੇਖ ਰਾਸ਼ਟਰ ਧਰਮ ਦੇ ਵਿਸ਼ੇਸ਼ ਅੰਕ ਵਿਚ ਪ੍ਰਕਾਸ਼ਿਤ ਹੋਇਆ ਜਿਸ ਨੂੰ ਕੇਂਦਰੀ ਮੰਤਰੀ ਕਲਰਾਜ ਮਿਸ਼ਰ ਨੇ ਕੁਝ ਸਮੇਂ ਪਹਿਲਾਂ ਰਿਲੀਜ਼ ਕੀਤਾ ਸੀ। ਡਾ. ਮਹੇਸ਼ ਚੰਦਰ ਸ਼ਰਮਾ ਉਪਰੋਕਤ ਲੇਖ ਵਿਚ ਦੀਨ ਦਿਆਲ ਵਲੋਂ ਇਹ ਦਾਅਵਾ ਕਰਦਾ ਹੈ ਕਿ ਮੁਸਲਮਾਨ ਹੋਣ ਦੇ ਬਾਅਦ ਕੋਈ ਵਿਅਕਤੀ ਦੇਸ਼ ਦਾ ਦੁਸ਼ਮਣ ਬਣ ਜਾਂਦਾ ਹੈ। ਉਸ ਵਿਚ ਲਿਖਿਆ ਗਿਆ ਹੈ ਕਿ ਜੇਕਰ ਦੇਸ਼ ਦਾ ਕੰਟਰੋਲ ਉਨ੍ਹਾਂ ਲੋਕਾਂ ਦੇ ਹੱਥ ਹੈ, ਜੋ ਦੇਸ਼ ਵਿਚ ਪੈਦਾ ਹੋਏ ਹਨ, ਪਰ ਕੁਤਬਦਦੀਨ ਅਲਾਉਦੀਨ, ਮੁਹੰਮਦ ਤੁਗਲਕ, ਫਿਰੋਜ ਸ਼ਾਹ ਤੁਗਲਕ, ਸ਼ੇਰਸ਼ਾਹ ਸੁਰੀ ਅਕਬਰ ਤੇ ਔਰੰਗਜ਼ੇਬ ਤੋਂ ਅਲੱਗ ਨਹੀਂ ਹਨ। ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਪਰੇਮ ਦੇ ਕੇਂਦਰ ਵਿਚ ਭਾਰਤੀ ਸਭਿਆਚਾਰ ਤੇ ਭਾਰਤੀ ਜੀਵਨ ਨਹੀਂ ਹੈ। ਇਹ ਲੇਖ ਲਿਖਣ ਵਾਲੇ ਡਾ. ਮਹੇਸ਼ ਚੰਦ ਸ਼ਰਮਾ ਉਹ ਸਖਸ਼ੀਅਤ ਹਨ, ਜਿਨ੍ਹਾਂ ਨੇ ਦੀਨ ਦਿਆਲ ਦੀਆਂ ਰਚੀਆਂ ਰਚਨਾਵਾਂ ਨੂੰ 15 ਅੰਕਾਂ ਵਿਚ ਪੇਸ਼ ਕੀਤਾ, ਜਿਸ ਨੂੰ ਮੋਦੀ ਨੇ ਬੀਤੇ ਸਾਲ ਰਿਲੀਜ਼ ਕੀਤਾ ਸੀ। ਮੁਸਲਮਾਨਾਂ ਨੂੰ ਇਕ ਜਟਿਲ ਸਮੱਸਿਆ ਦੱਸਦੇ ਹੋਏ ਦੀਨ ਦਿਆਲ ਲਿਖਦੇ ਹਨ, "ਅਜ਼ਾਦੀ ਦੇ ਬਾਅਦ ਸਰਕਾਰ, ਰਾਜਨੀਤਕ ਪਾਰਟੀਆਂ ਤੇ ਲੋਕਾਂ ਨੂੰ ਕਈ ਮਹੱਤਵਪੂਰਨ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਪਰ ਮੁਸਲਮ ਸਮੱਸਿਆ ਸਭ ਤੋਂ ਪੁਰਾਣੀ ਸਭ ਤੋਂ ਜਟਿਲ ਤੇ ਨਵੇਂ ਨਵੇਂ ਰੂਪਾ ਵਿਚ ਪੇਸ਼ ਹੁੰਦੀ ਰਹਿੰਦੀ ਹੈ। ਅਸੀਂ ਬਾਰਾਂ ਸਾਲਾਂ ਤੋਂ ਇਸ ਸਮੱਸਿਆ ਨਾਲ ਜੂਝ ਰਹੇ ਹਾਂ। (BN, Jog, Pandit Deendyala Upadhyaya : Ideology & Perception-Politics for Nation's Sake, Vol. VI, Suruchi Prakashan, Delhi 73)।

**ਮੁਸਲਮਾਨ ਵਿਰੋਧੀ ਸੀ ਦੀਨ ਦਿਆਲ** : ਜਿਸ ਤਰ੍ਹਾਂ ਦੀਨ ਦਿਆਲ ਨੇ ਮੁਸਲਮਾਨਾਂ ਦੀਆਂ ਸਮੱਸਿਆਵਾਂ ਨੂੰ ਸਮਝਿਆ ਤੇ ਨਫ਼ਰਤੀ ਢੰਗ ਨਾਲ ਪੇਸ਼ ਕੀਤਾ, ਉਹੀ ਖਿਆਲ ਗੁਰੂ ਗੋਲਵਲਕਰ ਇਸ ਤੋਂ ਪਹਿਲਾਂ 'ਬੰਚ ਆਫ ਥਾਟਸ' ਪੇਸ਼ ਕਰ ਚੁੱਕੇ ਹਨ ਤੇ ਉਹ ਮੁਸਲਮਾਨਾਂ ਨੂੰ ਹਿੰਦੂਆਂ ਤੇ ਰਾਸ਼ਟਰ ਦੇ ਲਈ ਖਤਰਾ ਮੰਨਦੇ ਹਨ। ਜਦੋਂ ਅਜ਼ਾਦੀ ਤੋਂ ਬਾਅਦ ਸੰਵਿਧਾਨ ਰਚਿਆ ਜਾ ਰਿਹਾ ਸੀ ਤਾਂ ਗੁਰੂ ਗੋਲਵਲਕਰ ਦੀ ਅਗਵਾਈ ਵਿਚ ਆਰ ਐਸ ਐਸ ਨੇ ਮੰਗ ਕੀਤੀ ਸੀ ਕਿ ਸੁਤੰਤਰ ਭਾਰਤ ਦੇ ਲਈ ਮਨੂਸਿਮ੍ਰਤੀ ਨੂੰ ਹੀ ਸੰਵਿਧਾਨ ਐਲਾਨਿਆ ਜਾਵੇ। ਦੀਨ ਦਿਆਲ ਉਪਾਧਿਆਇ ਆਰ ਐਸ ਐਸ ਦੇ ਮਹੱਤਵਪੂਰਨ ਪ੍ਰਚਾਰਕ ਸਨ। ਉਹ ਇਨ੍ਹਾਂ ਘਟਨਾਕ੍ਰਮ ਦੇ ਨਾ ਸਿਰਫ ਗਵਾਹ ਹਨ, ਬਲਕਿ ਇਨ੍ਹਾਂ ਸਰਗਰਮੀਆਂ ਦੇ ਹਿੱਸੇਦਾਰ ਹਨ। ਉਹ ਜਾਤੀ ਅਤੇ ਵਰਣ ਵਿਵਸਥਾ ਦੇ ਹਾਮੀ ਸਨ।

ਭਾਰਤੀ ਜਨਸੰਘ ਨੇ ਸਾਲ 1965 ਵਿਚ ਇਕਾਤਮਕ ਮਾਨਵਵਾਦ ਨੂੰ ਆਪਣੇ ਦਿਸ਼ਾ ਨਿਰਦੇਸ਼ਕ ਸਿਧਾਂਤ ਦੇ ਤੌਰ 'ਤੇ ਸਵੀਕਾਰਿਆ, ਜਿਸ ਨੂੰ ਬਾਅਦ ਵਿਚ 1980 ਦੌਰਾਨ ਭਾਜਪਾ ਨੇ ਅਪਨਾਇਆ। ਇਸ ਸਿਧਾਂਤ ਦਾ ਮੁੱਖ ਆਧਾਰ ਇਹੀ ਹੈ ਕਿ ਵਰਣ ਵਿਵਸਥਾ ਤੋਂ ਬਿਨਾਂ ਸਮਾਜ ਨੂੰ ਇਕੱਠਿਆ ਨਹੀਂ ਰੱਖਿਆ ਜਾ ਸਕਦਾ। ਸਾਲ 1965 ਵਿਚ ਉਨ੍ਹਾਂ ਨੇ ਲਿਖਿਆ ਚਾਰ ਜਾਤੀਆਂ ਬਾਰੇ ਸਾਡੀ ਧਾਰਨਾ ਵਿਚ ਉਹ ਵਿਰਾਟ ਪੁਰਸ਼-ਆਦਮ ਮਨੁੱਖ ਜਿਸ ਦੇ ਤਿਆਗ ਨੇ, ਜਿਵੇਂ ਕਿ ਰਿਗਵੇਦ ਦਾ ਕਹਿਣਾ ਹੈ ਕਿ ਵਰਣ ਵਿਵਸਥਾ ਦੇ ਰੂਪ ਵਿਚ ਸਮਾਜ ਨੂੰ ਜਨਮ ਦਿੱਤਾ। ਉਨ੍ਹਾਂ ਦੇ ਹਿਸਾਬ ਨਾਲ ਵਰਣ ਵਿਵਸਥਾ ਵਿਚ ਉਹ ਜੈਵਿਕ ਏਕਤਾ ਹੁੰਦੀ ਹੈ ਜੋ ਰਾਸ਼ਟਰ ਦੀ ਸਿਰਜਣਾ ਕਰਦੀ ਹੈ। ਜਨਸੰਘ ਪ੍ਰਿੰਸੀਪਲਜ਼ ਐਂਡ ਪਾਲਿਸੀਜ਼ ਜਨਵਰੀ 25, 1965 ਪੇਜ 10 ਵਿਚ ਦੀਨ ਦਿਆਲ ਲਿਖਦੇ ਹਨ ਕਿ ਸਾਡੀ ਪਵਿੱਤਰ ਮਾਤਰ ਭੂਮੀ ਸਾਡੇ ਦਿਲਾਂ ਵਿਚ ਵਸੀ ਹੋਈ ਹੈ। ਬਿਹਾਰ ਮਾਤਾ, ਪੰਜਾਬ ਮਾਤਾ, ਕੰਨੜ ਮਾਤਾ, ਤਾਮਿਲ ਮਾਤਾ ਆਦਿ ਸਭ ਨੂੰ ਮਿਲਾ ਕੇ ਭਾਰਤ ਮਾਤ ਦਾ ਨਿਰਮਾਣ ਹੁੰਦਾ ਹੈ। ਸੰਵਿਧਾਨ ਸੰਘੀ ਹੋਣ ਦੀ ਬਜਾਏ ਇਕਾਤਮਕ ਹੋਣਾ ਚਾਹੀਦਾ ਹੈ। ਸਾਂਝੀ ਸੰਸਕ੍ਰਿਤੀ ਦਾ ਕੋਈ ਮਤਲਬ ਨਹੀਂ ਇਹ ਖਤਰਨਾਕ ਹੈ। ਇਹ ਰਾਸ਼ਟਰੀ ਏਕਤਾ ਨੂੰ ਕਮਜ਼ੋਰ ਕਰਦੀ ਹੈ। ਇਸ ਤੋਂ ਜ਼ਾਹਿਰ ਹੈ ਕਿ ਦੀਨ ਦਿਆਲ ਦਾ ਨਿਸ਼ਾਨਾ ਫਾਸ਼ੀਵਾਦੀ ਤੇ ਮਨੁੱਖਤਾ ਵਿਰੋਧੀ ਹੈ।

---

# ਪੰਜਾਬ ਨੂੰ ਹਰ ਸਾਲ ਲੱਗ ਰਿਹਾ ਹੈ ਪਾਣੀਆਂ ਦਾ ਰਗੜਾ

**ਪ੍ਰੀਤਮ ਸਿੰਘ (ਪ੍ਰੋ.) ਤੇ ਆਰਐਸ ਮਾਨ**

ਪੰਜਾਬ ਵਿਚ ਸਿੰਜਾਈ ਖੇਤਰ ਬਾਰੇ ਪਿਛਲੇ ਪੰਜ ਸਾਲਾਂ ਦੇ ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2010-11 ਦੌਰਾਨ ਇਸ ਦੇ ਬਿਜਾਈ ਹੇਠਲੇ ਕੁਲ ਰਕਬੇ ਦਾ 98 ਫ਼ੀਸਦ, ਸਾਲ 2011-12 ਤੇ 2012-13 ਦੌਰਾਨ 99 ਫ਼ੀਸਦ ਅਤੇ 2013-14 ਤੇ 2014-15 ਦੌਰਾਨ 100 ਫ਼ੀਸਦ ਖੇਤਰ ਸਿੰਜਾਈ ਅਧੀਨ ਸੀ। ਸਾਲ 2014-15 ਲਈ ਇਹ ਅੰਕੜੇ ਦਰਸਾਉਂਦੇ ਹਨ ਕਿ ਸਿੰਜਾਈ ਲਈ ਔਸਤਨ 28.53 ਫ਼ੀਸਦ (1175 ਹਜ਼ਾਰ ਹੈਕਟੇਅਰ) ਪਾਣੀ ਨਹਿਰਾਂ ਅਤੇ ਬਾਕੀ 71.46 ਫ਼ੀਸਦ (2943 ਹਜ਼ਾਰ ਹੈਕਟੇਅਰ) ਪਾਣੀ ਟਿਊਬਵੈਲਾਂ ਰਾਹੀਂ ਪ੍ਰਾਪਤ ਹੋਇਆ ਸੀ। ਜੇ ਪਿਛਲੇ 35 ਸਾਲਾਂ ਦੇ ਲੰਬੇ ਵਕਫ਼ੇ 'ਤੇ ਨਜ਼ਰ ਮਾਰੀਏ ਤਾਂ ਸਦਮਾ ਪਹੁੰਚਾਉਣ ਵਾਲੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ 1990-91 ਬਾਅਦ ਪੰਜਾਬ ਵਿੱਚ ਨਹਿਰੀ ਸਿੰਜਾਈ ਹੇਠ ਰਕਬਾ ਬਹੁਤ ਘਟ ਗਿਆ ਹੈ।

ਨਹਿਰੀ ਜਲ ਸਿੰਜਾਈ ਬਾਰੇ ਤੱਥ: ਸਾਲ 1980-81 ਦੌਰਾਨ ਨਹਿਰੀ ਸਿੰਜਾਈ ਹੇਠ ਕੁਲ ਸਿੰਜਾਈ ਰਕਬਾ 1430 ਹਜ਼ਾਰ ਹੈਕਟੇਅਰ ਸੀ ਜੋ 1990-91 ਵਿੱਚ ਵਧ ਕੇ 1660 ਹਜ਼ਾਰ ਹੈਕਟੇਅਰ ਹੋ ਗਿਆ ਸੀ। ਬਾਅਦ ਦੇ ਕੁਝ ਸਾਲਾਂ ਦੇ ਅੰਕੜੇ ਪ੍ਰਾਪਤ ਨਹੀਂ ਹਨ ਪਰ 2000-01 ਦੇ ਪ੍ਰਾਪਤ ਅੰਕੜਿਆਂ ਅਨੁਸਾਰ ਨਹਿਰੀ ਸਿੰਜਾਈ ਰਕਬਾ ਘਟ ਕੇ 962 ਹਜ਼ਾਰ ਹੈਕਟੇਅਰ ਰਹਿ ਗਿਆ। ਇਸ ਤੋਂ ਬਾਅਦ 2011-12 ਦੇ ਪ੍ਰਾਪਤ ਅੰਕੜਿਆਂ ਅਨੁਸਾਰ ਨਹਿਰੀ ਸਿੰਜਾਈ ਰਕਬਾ ਵਧ ਕੇ 1113 ਹਜ਼ਾਰ ਹੈਕਟੇਅਰ ਅਤੇ 2014-15 ਵਿੱਚ ਹੋਰ ਥੋੜਾ ਜਿਹਾ ਵਧ ਕੇ 1175 ਹਜ਼ਾਰ ਹੈਕਟੇਅਰ ਹੋ ਗਿਆ। ਜੇ ਅਸੀਂ ਕੁਲ ਸਿੰਜਾਈ ਖੇਤਰ ਵਿੱਚ ਸਾਲ 1990-91 ਦੀ ਨਹਿਰੀ ਸਿੰਜਾਈ (ਜਦੋਂ ਇਹ ਸਭ ਤੋਂ ਵੱਧ, ਭਾਵ 1660 ਹਜ਼ਾਰ ਹੈਕਟੇਅਰ ਸੀ) ਅਤੇ 2014-15 ਵਿੱਚ 1175 ਹਜ਼ਾਰ ਹੈਕਟੇਅਰ ਵਾਲਾ ਪਾੜਾ ਵਿੱਚਾਰੀਏ ਤਾਂ ਪਤਾ ਲੱਗਦਾ ਹੈ ਕਿ 1990-91 ਤੋਂ ਬਾਅਦ ਪੰਜਾਬ ਨਹਿਰੀ ਸਿੰਜਾਈ ਹੇਠ 485 ਹਜ਼ਾਰ ਹੈਕਟੇਅਰ ਰਕਬਾ ਗੁਆ ਚੁੱਕਾ ਹੈ। ਇਸ ਦਾ ਭਾਵ ਹੈ ਕਿ 1990-91 ਤੋਂ ਲੈ ਕੇ 2014-15 ਤੱਕ ਪੰਜਾਬ ਵਿੱਚ ਨਹਿਰੀ ਸਿੰਜਾਈ ਹੇਠ ਕੁਲ ਰਕਬਾ 29.21 ਫ਼ੀਸਦ ਘਟਿਆ ਹੈ।

ਪੰਜਾਬ ਵਿੱਚ ਨਹਿਰੀ ਸਿੰਜਾਈ ਹੇਠ ਘਟੇ ਰਕਬੇ ਤੇ ਕਿਹੜੀਆਂ ਥਾਵਾਂ ਉਪਰ ਨਹਿਰੀ ਸਿੰਜਾਈ ਪਾਣੀ ਘਟਿਆ, ਪਾਣੀ ਦੀ ਕਿੰਨੀ ਔਸਤਨ ਮਾਤਰਾ ਬਣਦੀ ਹੈ, ਇਸ ਸਬੰਧੀ ਖੋਜ ਨਹੀਂ ਹੋਈ। ਆਓ, ਪਹਿਲਾਂ ਉਸ ਨਹਿਰੀ ਪਾਣੀ ਦੀ ਮਾਤਰਾ ਦਾ ਅੰਦਾਜ਼ਾ ਲਾਈਏ ਜਿਹੜਾ ਕਦੇ 485 ਹਜ਼ਾਰ ਹੈਕਟੇਅਰ ਰਕਬੇ ਦੀ ਸਿੰਜਾਈ ਲਈ ਵਰਤਿਆ ਜਾਂਦਾ ਸੀ। ਸੁਖਾਲੇ ਢੰਗ ਨਾਲ ਸਮਝਣ-ਸਮਝਾਉਣ ਲਈ ਮੰਨ ਲੈਂਦੇ ਹਾਂ ਕਿ 485 ਹਜ਼ਾਰ ਹੈਕਟੇਅਰ ਜ਼ਮੀਨ ਇਕ ਸਾਲ ਵਿੱਚ ਸਿਰਫ ਇਕ ਫਸਲ ਬੀਜਣ ਲਈ ਵਰਤੀ



ਗਈ ਸੀ (ਹਾਲਾਂਕਿ ਸਚਾਈ ਇਹ ਹੈ ਕਿ ਇਕ ਸਾਲ ਵਿੱਚ ਇਕ ਤੋਂ ਵੱਧ ਫ਼ਸਲਾਂ ਲਈਆਂ ਜਾਂਦੀਆਂ ਹਨ ਪਰ ਇਥੇ ਅਜਿਹਾ ਹਕੀਕਤ ਦੇ ਨੇੜੇ-ਤੇੜੇ ਰਹਿਣ ਲਈ ਮੰਨਿਆ ਗਿਆ ਹੈ ਤਾਂ ਕਿ ਜ਼ਿਆਦਾ ਅੰਦਾਜ਼ਾ ਲੱਗਣ ਤੋਂ ਬਚਿਆ ਜਾ ਸਕੇ)। ਪੰਜਾਬ ਵਿੱਚ ਸਾਲ 2014-15 ਦੌਰਾਨ ਚੌਲਾਂ ਦੀ ਪ੍ਰਤੀ ਹੈਕਟੇਅਰ ਪੈਦਾਵਾਰ 3838 ਕਿਲੋਗ੍ਰਾਮ ਸੀ। ਇਕ ਕਿਲੋਗ੍ਰਾਮ ਚੌਲ ਪੈਦਾ ਕਰਨ ਲਈ ਔਸਤਨ 5337 ਲਿਟਰ ਪਾਣੀ ਦੀ ਵਰਤੋਂ ਹੁੰਦੀ ਹੈ। ਇਸ ਲਈ ਇਕ ਸਾਲ ਵਿੱਚ 485 ਹਜ਼ਾਰ ਹੈਕਟੇਅਰ ਰਕਬੇ ਵਿੱਚੋਂ ਚੌਲਾਂ ਦੀ ਪੈਦਾਵਾਰ 1861430000 ਕਿਲੋਗ੍ਰਾਮ ਹੋਵੇਗੀ ਅਤੇ ਇੰਨੇ ਚੌਲ ਦੀ ਪੈਦਾਵਾਰ ਵਾਸਤੇ ਸਿੰਜਾਈ ਲਈ 8 ਐੱਮਏਐੱਫ (ਮਿਲੀਅਨ ਏਕੜ ਫੁੱਟ) ਪਾਣੀ ਦੀ ਲੋੜ ਹੋਵੇਗੀ।

ਕਿੱਥੇ ਗਿਆ 8 ਐੱਮਏਐੱਫ ਪਾਣੀ : ਇਥੇ ਬੇਹੱਦ ਮਹੱਤਵਪੂਰਨ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਐਨੀ ਵੱਡੀ ਮਾਤਰਾ, ਭਾਵ 8 ਐੱਮਏਐੱਫ ਨਹਿਰੀ ਪਾਣੀ ਸਿੰਜਾਈ ਲਈ ਵਰਤਿਆ ਨਹੀਂ ਗਿਆ ਤਾਂ ਇਹ ਪਾਣੀ ਆਖ਼ਰਕਾਰ ਕਿੱਥੇ ਚਲਾ ਗਿਆ? ਜ਼ਿਆਦਾ ਸੰਭਾਵੀ ਜਵਾਬ ਇਹੀ ਹੈ ਕਿ ਇਹ ਨਹਿਰੀ ਪਾਣੀ ਪੰਜਾਬ ਦੇ ਗੁਆਂਢੀ ਰਾਜਾਂ ਰਾਜਸਥਾਨ ਜਾਂ ਹਰਿਆਣਾ, ਜਾਂ ਦੋਵਾਂ ਵਿੱਚ ਮੁਫਤ ਚਲਾ ਗਿਆ ਹੋਵੇ। ਜਦੋਂ ਪੰਜਾਬ ਸਤਲੁਜ-ਯਮੁਨਾ ਲਿੰਕ ਨਹਿਰ ਦੇ 3.5 ਐੱਮਏਐੱਫ ਪਾਣੀ ਲਈ ਲੜ ਰਿਹਾ ਹੋਵੇ, ਇਹ ਜਾਗਰੂਕਤਾ ਦੀ ਘਾਟ ਹੈ ਕਿ ਹਰ ਸਾਲ ਪੰਜਾਬ ਵਿੱਚੋਂ 8 ਐੱਮਏਐੱਫ ਪਾਣੀ ਮੁਫਤ ਹੀ ਦੂਜੇ ਰਾਜਾਂ ਨੂੰ ਵਗ ਰਿਹਾ ਹੈ। ਇਸ ਦਾ ਭਾਵ ਇਹ ਵੀ ਹੈ ਕਿ ਪੰਜਾਬ ਆਪਣੇ ਅਲਾਟ ਹੋਏ ਕੁੱਲ 14.54 ਐੱਮਏਐੱਫ ਕੋਟੇ ਵਿੱਚੋਂ ਬਹੁਤ ਘੱਟ ਦਰਿਆਈ ਪਾਣੀ ਵਰਤ ਰਿਹਾ ਹੈ। ਅਜਿਹਾ ਕੁਝ ਹੱਦ ਤਕ ਸਰਕਾਰੀ

ਬਾਕੀ ਸਫ਼ਾ 28 'ਤੇ

# ਨਸ਼ੇ ਦੇ ਆਦੀ ਮਰੀਜ਼ ਦਾ ਇਲਾਜ ਕਿਵੇਂ ਹੋਵੇ ?

**ਡਾ. ਹਰਸ਼ਿੰਦਰ ਕੌਰ, ਐਮਡੀ.**
ਫੋਨ ਨੰ: 0175-2216783

ਨਸ਼ੇ ਦੇ ਆਦੀ ਮਰੀਜ਼ ਦਾ ਇਲਾਜ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਇਲਾਜ ਕਰਨ ਤੋਂ ਪਹਿਲਾਂ ਉਸ ਦਾ ਮਰਜ਼ ਸਮਝਣਾ ਜ਼ਰੂਰੀ ਹੈ।

ਪਹਿਲਾਂ ਸਮਝੀਏ ਕਿ ਨਸ਼ਾ ਦਿਮਾਗ਼ ਵਿਚ ਵਿਗਾੜ ਪੈਦਾ ਕਿਵੇਂ ਕਰਦਾ ਹੈ : ਸਾਡੇ ਦਿਮਾਗ਼ ਵਿਚਲੇ ਨਿਊਰੋਨ ਸੈੱਲ ਇਕ ਦੂਜੇ ਨਾਲ ਤੰਦਾਂ ਰਾਹੀਂ ਗੁੰਦੇ ਹੁੰਦੇ ਹਨ। ਜਿੰਨੇ ਜ਼ਿਆਦਾ ਸੈੱਲ ਆਪਸ ਵਿਚ ਜੁੜੇ ਹੋਣ, ਓਨੇ ਹੀ ਸੁਨੇਹੇ ਵੱਧ ਤੇ ਓਨੀ ਹੀ ਯਾਦਾਸ਼ਤ ਵੱਧ। ਇਨ੍ਹਾਂ ਤੰਦਾਂ ਰਾਹੀਂ ਨਿੱਕੇ ਤੋਂ ਨਿੱਕਾ ਸੁਨੇਹਾ ਜੋ ਦਿਮਾਗ਼ ਤੱਕ ਪਹੁੰਚਦਾ ਹੈ, ਉਸ ਬਾਰੇ ਵਿਚਾਰ ਤਕਰਾਰ ਤੋਂ ਬਾਅਦ ਦਿਮਾਗ਼ ਆਪਣਾ ਫੈਸਲਾ ਲੈਂਦਾ ਹੈ ਕਿ ਮੈਂ ਕੀ ਕਰਨਾ ਹੈ ਤੇ ਜੋ ਕਰਨਾ ਹੈ ਉਹ ਸਹੀ ਹੈ ਜਾਂ ਨਹੀਂ। ਇਸ ਵਾਸਤੇ ਪੂਰੀ ਜਾਣਕਾਰੀ ਦਾ ਦਿਮਾਗ਼ ਅੰਦਰ ਛਪਣਾ ਵੀ ਜ਼ਰੂਰੀ ਹੁੰਦਾ ਹੈ। ਦਿਮਾਗ਼ ਦੇ ਇਸ ਪੂਰੇ ਤਾਣੇ ਬਾਣੇ ਉੱਤੇ ਡੋਪਾਮੀਨ ਅਸਰ ਪਾਉਂਦੀ ਹੈ।

ਜਦੋਂ ਨਸ਼ੇ ਦੀ ਲਤ ਲੱਗ ਜਾਵੇ ਤਾਂ ਨਿਊਰੋਨ ਸੈੱਲਾਂ ਦੀਆਂ ਤੰਦਾਂ ਤੇ ਜੋੜ ਪੱਕੀ ਤੌਰ ਉੱਤੇ ਤਬਦੀਲ ਹੋ ਜਾਂਦੇ ਹਨ। ਨਸ਼ੇ ਵਾਲੀਆਂ ਦਵਾਈਆਂ ਦੇ ਪੱਕੇ ਅਸਰ ਹੇਠ ਯਾਦਾਸ਼ਤ ਦਾ ਸੈਂਟਰ ਸਿਰਫ਼ ਕੁਝ ਕੁ ਚੀਜ਼ਾਂ ਹੀ ਸਮੋ ਸਕਦਾ ਹੈ। ਬਾਕੀ ਸਭ ਕੁਝ ਦਿਮਾਗ਼ ਬੇਲੋੜਾ ਸਮਝ ਕੇ ਛੱਡ ਦਿੰਦਾ ਹੈ। ਯਾਦ ਰੱਖਣ ਵਾਲੀਆਂ ਚੀਜ਼ਾਂ ਜੋ ਯਾਦਾਸ਼ਤ ਦਾ ਸੈਂਟਰ ਸਾਂਭਦਾ ਹੈ, ਉਹ ਵੀ ਨਸ਼ੇ ਨਾਲ ਹੀ ਸਬੰਧਤ ਹੁੰਦੀਆਂ ਹਨ। ਮਸਲਨ, ਨਸ਼ਾ ਕਿਹੜੀ ਥਾਂ ਤੋਂ ਮਿਲਦਾ ਹੈ, ਕਿਹੜੀ ਚੀਜ਼ ਵਿਚ ਹੁੰਦਾ ਹੈ ਤੇ ਕਿਹੜੇ ਬੰਦੇ ਤੋਂ ਮਿਲਦਾ ਹੈ। ਯਾਨੀ ਥਾਂ, ਚੀਜ਼ ਤੇ ਬੰਦੇ ਦਾ ਸਰਕਟ ਦਿਮਾਗ਼ ਵਿਚ ਪੱਕਾ ਫਿਕਸ ਹੋ ਜਾਂਦਾ ਹੈ। ਕੁਝ ਚਿਰ ਬਾਅਦ ਦਿਮਾਗ਼ ਉੱਤੇ ਨਸ਼ੇ ਦਾ ਅਸਰ ਘਟਦੇ ਸਾਰ ਆਪਣੇ ਆਪ ਹੋਰ ਲੈਣ ਦੀ ਲਾਲਸਾ ਜਾਗ ਉੱਠਦੀ ਹੈ। ਇਹ ਲਾਲਸਾ ਹੋਰ ਨਸ਼ਾ ਲੈਣ ਨੂੰ ਉਕਸਾਉਂਦੀ ਹੈ ਤੇ ਬੰਦਾ ਨਸ਼ਾ ਨਾ ਮਿਲਣ ਉੱਤੇ ਛਟਪਟਾ ਉੱਠਦਾ ਹੈ। ਇਹ ਨੁਕਸ ਸਿਰਫ਼ ਸੈੱਲਾਂ ਦੇ ਜੋੜ ਤੇ ਤੰਦਾਂ ਤੱਕ ਹੀ ਸੀਮਤ ਨਹੀਂ ਰਹਿੰਦਾ। ਸੈੱਲਾਂ ਦੇ ਅੰਦਰਲੇ ਅੰਸ਼ ਵਿਚ ਵੀ ਸਦੀਵੀ ਨੁਕਸ ਹੋਣ ਸਦਕਾ ਰਿਸ਼ਤਿਆਂ ਵਿਚਲਾ ਨਿੱਘ, ਰੋਜ਼ਮਰਾ ਦੇ ਕੰਮ ਕਾਰ, ਨਵੀਆਂ ਚੀਜ਼ਾਂ ਸਿੱਖਣ ਦਾ ਸ਼ੌਕ, ਮੋਹ, ਨਿੱਘ, ਪਿਆਰ, ਸਤਿਕਾਰ ਆਦਿ ਸਭ ਕੁਝ ਨਸ਼ਈ ਲਈ ਉੱਕਾ ਹੀ ਮਾਇਨੇ ਨਹੀਂ ਰੱਖਦਾ। ਬੰਦਾ ਸਿਰਫ਼ ਨਸ਼ੇ ਦੇ ਚੱਕਰਵਿਊ ਵਿਚ ਫਸਿਆ ਜ਼ਿੰਦਗੀ ਦਾ ਅੰਤ ਕਰ ਜਾਂਦਾ ਹੈ।

ਕੋਕੀਨ ਤੇ ਮੌਰਫ਼ੀਨ ਸੈੱਲਾਂ ਦੇ ਜੋੜਾਂ ਨੂੰ ਤਬਦੀਲ ਕਰ ਦਿੰਦੇ ਹਨ ਜਿਸ ਨਾਲ ਸੰਵੇਦਨਾ ਲਗਭਗ ਖ਼ਤਮ ਹੋ ਜਾਂਦੀ ਹੈ। ਖੋਜਾਂ ਇਹ ਸਾਬਤ ਕਰ ਚੁੱਕੀਆਂ ਹਨ ਕਿ ਸੁਨੇਹੇ ਪਹੁੰਚਾਉਣ ਵਾਲੀ ਦਿਮਾਗ਼ ਅੰਦਰਲੀ ਪ੍ਰੋਟੀਨ ਦੀ ਬਣਤਰ ਹੀ ਤਬਦੀਲ ਹੋ ਜਾਂਦੀ ਹੈ ਜਿਸ ਨਾਲ ਦਿਮਾਗ਼ ਵੱਲ ਜਾਂਦਾ ਸੁਨੇਹਾ ਪੂਰਾ ਸਹੀ ਨਹੀਂ ਪਹੁੰਚਦਾ ਤੇ ਇਸੇ ਲਈ ਅਜਿਹੇ ਨਸ਼ਈ ਨੂੰ ਜਿੰਨਾ ਮਰਜ਼ੀ ਸਮਝਾਈ ਜਾਓ, ਉਸ ਉੱਤੇ ਸਲਾਹਾਂ ਤੇ ਲਾਅਨਤਾਂ ਦਾ ਪੂਰਾ ਅਸਰ ਹੁੰਦਾ ਹੀ ਨਹੀਂ। ਉਸ ਦੀ ਸੋਚਣ ਸਮਝਣ ਦੀ ਸ਼ਕਤੀ ਉਲਟ ਪੁਲਟ ਹੋ ਜਾਂਦੀ ਹੈ।

ਦੂਜੇ ਸੈੱਲ ਤੱਕ ਸੁਨੇਹਾ ਭੇਜਣ ਤੇ ਅੱਗੋਂ ਸੁਨੇਹਾ ਫੜਨ ਵਾਲਾ ਗਲੂਟਾਮੇਟ ਬਹੁਤ ਘੱਟ ਜਾਂਦਾ ਹੈ ਜਿਸ ਨਾਲ ਸਿਰਫ਼ ਇੱਕੋ ਸੁਨੇਹਾ ਕਿ ਨਸ਼ਾ ਹੋਰ ਲੈਣਾ ਹੈ, ਹੀ ਚੁਫ਼ੇਰੇ ਘੁੰਮ ਫਿਰ ਕੇ ਵਾਪਸ ਪਹੁੰਚਦਾ ਰਹਿੰਦਾ ਹੈ।

ਕੁਝ ਕਿਸਮਾਂ ਦੇ ਨਸ਼ੇ ਇਸੇ 'ਸ਼ਟਲ ਪ੍ਰੋਟੀਨ' ਦਾ ਅਸਰ ਖ਼ਤਮ ਹੋਣ ਸਦਕਾ ਹੀ ਬੰਦੇ ਨੂੰ ਆਦੀ ਬਣਾ ਦਿੰਦੇ ਹਨ। ਡੋਪਾਮੀਨ ਅਜਿਹੇ ਸੁਨੇਹਿਆਂ ਨੂੰ ਹੀ ਲਗਾਤਾਰ ਇੱਕ ਤੋਂ ਦੂਜੇ ਜੋੜਾਂ ਤਕ ਘੁੰਮਦੇ ਰਹਿਣ ਵਿਚ ਸਗੋਂ ਮਦਦ ਕਰਨ ਲੱਗ ਪੈਂਦੀ ਹੈ।

ਖੋਜੀਆਂ ਨੇ ਨਸ਼ੇ ਦੇ ਆਦੀ ਬਣ ਚੁੱਕੇ ਬੰਦਿਆਂ ਤੇ ਚੂਹਿਆਂ ਦੇ ਦਿਮਾਗ਼ ਅੰਦਰਲੇ ਗਰੋਥ ਫੈਕਟਰ ਦੇ ਟੈਸਟ ਕਰ ਕੇ ਲੱਭਿਆ ਕਿ ਲਗਾਤਾਰ ਮਿਲਦੇ ਨਸ਼ੇ ਸਦਕਾ ਇਹ ਗਰੋਥ ਫੈਕਟਰ ਜੀਨ ਵਿਚ ਵੀ ਤਬਦੀਲੀ ਕਰ ਦਿੰਦਾ ਹੈ ਜਿਸ ਨਾਲ ਤਰਕ, ਰਿਸ਼ਤਿਆਂ ਦੀ ਖਿੱਚ, ਯਾਦਾਸ਼ਤ, ਸੋਚਣ ਸਮਝਣ ਦੀ ਤਾਕਤ ਵਿਚ ਸਦੀਵੀ ਵਿਗਾੜ ਪੈ ਜਾਂਦਾ ਹੈ।

ਇਹ ਸਭ ਖੋਜਾਂ ਨਸ਼ੇੜੀਆਂ ਦੇ ਇਲਾਜ ਨੂੰ ਸਮਝਣ ਲਈ ਕੀਤੀਆਂ ਗਈਆਂ ਤੇ ਇਹ ਸਪਸ਼ਟ ਹੋ ਗਿਆ ਕਿ ਨਸ਼ੇ ਦੇ ਆਦੀ ਹੋ ਚੁੱਕੇ ਬੰਦੇ ਨੂੰ ਸਿਰਫ਼ ਸਮਝਾਉਣ ਤੇ ਉਸ ਅੱਗੇ ਰੋਣ ਪਿੱਟਣ, ਵਾਸਤਾ ਪਾਉਣ, ਆਦਿ ਦਾ ਉੱਕਾ ਹੀ ਕੋਈ ਫ਼ਰਕ ਨਹੀਂ ਪੈਂਦਾ।

ਨਹੀਂ ਗੰਢ ਸਕਦੇ। ਇਹ ਵੇਖਣ ਵਿਚ ਆਇਆ ਹੈ ਕਿ ਅਜਿਹੇ ਬੰਦੇ ਆਲੋਚਨਾ ਕਰਨ, ਤਿੱਖੀ ਤੇ ਕੌੜੀ ਸ਼ਬਦਾਵਲੀ ਵਰਤਣ, ਰਤਾ ਰੁੱਖਾ ਸੁਭਾਅ ਹੋਣ ਤੇ ਛੇਤੀ ਤਲਖ਼ ਹੋਣ ਵਾਲੀ ਸ਼ਖ਼ਸੀਅਤ ਵਿਚ ਤਬਦੀਲ ਹੋ ਜਾਂਦੇ ਹਨ ਤੇ ਛੇਤੀ ਕੀਤਿਆਂ ਮੁਆਫ਼ੀ ਵੀ ਨਹੀਂ ਮੰਗਦੇ। ਇਹ ਉਨ੍ਹਾਂ ਦੀ ਮਜਬੂਰੀ ਹੁੰਦੀ ਹੈ ਕਿਉਂਕਿ ਦਿਮਾਗ਼ ਅੰਦਰਲੀ ਪ੍ਰੋਟੀਨ ਦੀ ਬਣਤਰ ਵਿਚ ਸਦੀਵੀ ਵਿਗਾੜ ਪੈ ਚੁੱਕਿਆ ਹੁੰਦਾ ਹੈ।

* ਕਿਸ ਮਰੀਜ਼ ਵਿਚ ਕਿਹੜਾ ਵਿਹਾਰ ਵੱਧ ਤੇ ਕਿਹੜਾ ਘੱਟ ਹੋਣਾ ਹੈ, ਯਾਨੀ ਕਿਸੇ ਨੂੰ ਗੁੱਸਾ ਛੇਤੀ ਆਉਣਾ ਤੇ ਕਿਸੇ ਨੇ ਗਾਲ੍ਹਾਂ ਵੱਧ ਕੱਢਣੀਆਂ ਜਾਂ ਕਿਸੇ ਨੇ ਜ਼ਿਆਦਾ ਆਲੋਚਨਾ ਕਰਨ ਲੱਗ ਪੈਣਾ, ਆਦਿ ਵੱਖੋ-ਵੱਖ ਮਰੀਜ਼ ਉੱਤੇ ਨਿਰਭਰ ਕਰਦਾ ਹੈ ਕਿ ਉਸ ਦੇ ਦਿਮਾਗ਼ ਦੇ ਕਿਸ ਹਿੱਸੇ ਉੱਤੇ ਵੱਧ ਅਸਰ ਪਿਆ।



ਨਸ਼ਈ ਨੂੰ ਲੈਕਚਰ ਦੇਣ ਜਾਂ ਲਾਅਨਤਾਂ ਪਾਉਣ ਨਾਲ ਵੀ ਇਹ ਸੁਣੇ ਹੋਏ ਸੁਨੇਹੇ ਪੂਰਨ ਰੂਪ ਵਿਚ ਦਿਮਾਗ਼ ਤਕ ਪਹੁੰਚਦੇ ਹੀ ਨਹੀਂ ਤੇ ਨਾ ਹੀ ਉੱਥੇ ਛਪਦੇ ਹਨ।

ਇਸੇ ਲਈ ਕਾਊਂਸਲਿੰਗ ਤੋਂ ਪਹਿਲਾਂ ਨਸ਼ੇ ਦੀ ਕਿਸਮ ਨੂੰ ਘਟਾ ਕੇ, ਹਲਕਾ ਨਸ਼ਾ ਦੇ ਕੇ ਪਹਿਲਾਂ ਬੰਦੇ ਦੇ ਦਿਮਾਗ਼ ਉੱਤੇ ਪਏ ਅਸਰ ਨੂੰ ਘਟਾਉਣਾ ਜ਼ਰੂਰੀ ਹੁੰਦਾ ਹੈ। ਨਸ਼ਈ ਦੇ ਦਿਮਾਗ਼ ਵੱਲੋਂ ਲਗਾਤਾਰ ਆਉਂਦੇ ਸੁਨੇਹੇ ਉਸ ਦੀ ਤਲਬ ਵਧਾਉਂਦੇ ਹਨ, ਜਿਨ੍ਹਾਂ ਨੂੰ ਸ਼ਾਂਤ ਕਰਨ ਲਈ ਮੈਡੀਕਲ ਹਲਕਾ ਨਸ਼ਾ ਦੇਣਾ ਲਾਜ਼ਮੀ ਹੁੰਦਾ ਹੈ ਤਾਂ ਜੋ ਨਸ਼ੇ ਦੀ ਤੋੜ ਦੇ ਲੱਛਣ ਘੱਟ ਜਾਣ।

ਇਸ ਨਾਲ ਦਿਮਾਗ਼ ਅੰਦਰ ਪਏ ਸਦੀਵੀ ਵਿਗਾੜ ਪੂਰੀ ਤਰ੍ਹਾਂ ਠੀਕ ਨਹੀਂ ਹੁੰਦੇ। ਇਸੇ ਲਈ ਪੂਰਾ ਜ਼ੋਰ ਲਾਉਣ ਬਾਅਦ ਵੀ ਬਹੁਗਿਣਤੀ ਨਸ਼ੇੜੀ ਦੁਬਾਰਾ ਨਸ਼ਿਆਂ ਵੱਲ ਧੱਕੇ ਜਾਂਦੇ ਹਨ।

**ਜ਼ਰੂਰੀ ਨੁਕਤੇ :*** ਵਿਸ਼ਵ ਪੱਧਰ ਉੱਤੇ ਨਸ਼ਾ ਛੁਡਾਉਣ ਲਈ ਇਸ ਸਾਰੀ ਜਾਣਕਾਰੀ ਦੇ ਆਧਾਰ ਉੱਤੇ 'ਸਲੋ ਵੀਨਿੰਗ' ਨੂੰ ਤਰਜੀਹ ਦਿੱਤੀ ਜਾਂਦੀ ਹੈ। ਯਾਨੀ ਹਲਕਾ ਮੈਡੀਕਲ ਨਸ਼ਾ ਜੋ ਆਊਟ ਡੋਰ ਵਿੱਚੋਂ ਹੀ ਡਾਕਟਰੀ ਦੇਖ ਰੇਖ ਹੇਠਾਂ ਦਿੱਤਾ ਜਾ ਸਕੇ।

* ਜੇ ਹਾਲਤ ਬਹੁਤ ਵਿਗੜ ਚੁੱਕੀ ਹੋਵੇ ਤਾਂ ਦਾਖਲ ਕਰਨਾ ਜ਼ਰੂਰੀ ਹੈ। ਪਰ, ਧਿਆਨ ਰਹੇ ਕਿ ਇਕਦਮ ਨਸ਼ਾ ਛੁਡਾਉਣਾ ਨਹੀਂ ਚਾਹੀਦਾ। ਇੰਜ ਨਸ਼ੇੜੀ ਡਾਕਟਰ ਜਾਂ ਨਰਸ ਦਾ ਹੀ ਕਤਲ ਤੱਕ ਕਰ ਕੇ ਉੱਥੋਂ ਭੱਜ ਸਕਦਾ ਹੈ।

* ਹਰ ਨਸ਼ਈ ਨੂੰ ਝਿੜਕਣ ਨਾਲੋਂ ਦਿਮਾਗ਼ੀ ਮਰੀਜ਼ ਮੰਨ ਕੇ ਪੂਰੇ ਪਿਆਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਹੋ ਜਿਹੇ ਮਰੀਜ਼ ਬੱਚਿਆਂ ਵਾਂਗ ਪੂਰੀ ਟ੍ਰੇਨਿੰਗ ਮੰਗਦੇ ਹਨ। ਜਿਉਂ ਹੀ ਝਿੜਕ ਜਾਂ ਤਿਰਸਕਾਰ ਮਿਲੇ, ਇਹ ਇਲਾਜ ਤੋਂ ਇਨਕਾਰੀ ਹੋ ਜਾਂਦੇ ਹਨ।

* ਹੌਲੀ-ਹੌਲੀ ਪੂਰੀ ਤਰ੍ਹਾਂ ਨਸ਼ਾ ਬੰਦ ਕਰ ਕੇ ਮੈਡੀਕਲ ਦਵਾਈਆਂ ਉੱਤੇ ਮਰੀਜ਼ ਨੂੰ ਪਾ ਦਿੱਤਾ ਜਾਂਦਾ ਹੈ ਤੇ ਨਾਲੋ ਨਾਲ ਕਾਊਂਸਲਿੰਗ ਸ਼ੁਰੂ ਕਰ ਦਿੱਤੀ ਜਾਂਦੀ ਹੈ।

* ਖੋਜ ਸਾਬਤ ਕਰ ਚੁੱਕੀ ਹੈ ਕਿ ਭਾਵੇਂ ਨਸ਼ਈ ਦੀ ਤੋੜ ਟੁੱਟ ਵੀ ਜਾਏ ਤੇ ਮਰੀਜ਼ ਨਸ਼ਾ ਛੱਡ ਵੀ ਜਾਏ, ਪਰ ਫਿਰ ਵੀ ਦਿਮਾਗ਼ ਅੰਦਰ ਹੋ ਚੁੱਕੀ ਤਬਦੀਲੀ ਕਦੇ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕਦੀ। ਇਸੇ ਲਈ ਨਸ਼ਾ ਤਿਆਗ ਚੁੱਕੇ ਲੋਕ ਵੀ ਪਿਆਰ, ਮੁਹੱਬਤ, ਰਿਸ਼ਤੇ ਆਦਿ ਨਿਭਾਉਣ ਵੇਲੇ ਚਾਹੁੰਦੇ ਹੋਇਆਂ ਵੀ ਓਨੇ ਡੂੰਘੇ ਰਿਸ਼ਤੇ ਨਹੀਂ ਗੰਢ ਸਕਦੇ।

* ਕਿਸੇ ਵਿਚ ਵੱਧ ਤੇ ਕਿਸੇ ਵਿਚ ਘੱਟ, ਪਰ ਨਸ਼ੇ ਦੇ ਆਦੀ ਬਣ ਚੁੱਕੇ ਮਰੀਜ਼ ਦੇ ਨਸ਼ਾ ਛੱਡਣ ਬਾਅਦ ਵੀ ਵਿਹਾਰਕ ਅਸਰ ਦਿਸਦੇ ਜ਼ਰੂਰ ਹਨ। ਜੇ ਆਮ ਬੰਦਾ ਨਾ ਵੀ ਲੱਭ ਸਕੇ ਤਾਂ ਸਿਆਣਾ ਡਾਕਟਰ ਜ਼ਰੂਰ ਇਹ ਲੱਛਣ ਪਛਾਣ ਲੈਂਦਾ ਹੈ।

* ਹੈਲਪ ਗਰੁੱਪ : ਜੋ ਨਸ਼ਾ ਛੱਡ ਚੁੱਕੇ ਹੋਣ, ਉਹ ਇਕ ਗਰੁੱਪ ਬਣਾ ਕੇ ਨਸ਼ਾ ਛੱਡਣ ਦੀ ਕੋਸ਼ਿਸ਼ ਕਰ ਰਹੇ ਲੋਕਾਂ ਦੀ ਮਦਦ ਤੇ ਕਾਊਂਸਲਿੰਗ ਲਈ ਅੱਗੇ ਆਉਣ। ਇਹ ਲੋਕ ਵੱਧ ਅਸਰਦਾਰ ਸਾਬਤ ਹੋਏ ਹਨ।

* ਸਕੂਲੀ ਕਿਤਾਬਾਂ ਵਿਚ ਨਸ਼ਿਆਂ ਦੇ ਮਾੜੇ ਅਸਰਾਂ ਬਾਰੇ ਚੈਪਟਰ ਜ਼ਰੂਰ ਹੋਣੇ ਚਾਹੀਦੇ ਹਨ ਕਿਉਂਕਿ ਇਹ ਜਾਣਕਾਰੀ ਸਕੂਲੀ ਬੱਚਿਆਂ ਨੂੰ ਦੇਣੀ ਲਾਜ਼ਮੀ ਹੈ। ਉਸੇ ਉਮਰ ਵਿਚ ਬੱਚੇ ਛੇਤੀ ਭਟਕਦੇ ਹਨ।

* ਇਹ ਸੁਨੇਹਾ ਬਿਲਕੁਲ ਸਪਸ਼ਟ ਰੂਪ ਵਿਚ ਸਭ ਤਾਈਂ ਪਹੁੰਚਣਾ ਜ਼ਰੂਰੀ ਹੈ ਕਿ ਕਿਸੇ ਵੀ ਨਸ਼ੇ ਦੀ ਕਿਸਮ ਸੁਰੱਖਿਅਤ ਨਹੀਂ ਹੈ। ਹਲਕੀ ਮਾਤਰਾ ਵਿਚ ਲਿਆ ਕੋਈ ਵੀ ਨਸ਼ਾ ਪਹਿਲਾਂ ਦਿਮਾਗ਼ ਵਿਚ 'ਟੌਲਰੈਂਸ' ਪੈਦਾ ਕਰਦਾ ਹੈ ਤੇ ਫੇਰ 'ਡਿਪੈਂਡੈਂਸ'। ਯਾਨੀ ਪਹਿਲਾਂ ਜਰ ਜਾਣਾ ਪਰ ਫੇਰ ਹੌਲੀ-ਹੌਲੀ ਵੱਧ ਮਾਤਰਾ ਕਰੀ ਜਾਣ ਵਾਸਤੇ ਆਦੀ ਹੋ ਜਾਣਾ। ਇਹ ਸਭ ਭੰਗ, ਅਫ਼ੀਮ, ਸ਼ਰਾਬ, ਨੀਂਦ ਦੀਆਂ ਗੋਲੀਆਂ ਵਗੈਰਾ ਉੱਤੇ ਪੂਰਨ ਰੂਪ ਵਿਚ ਲਾਗੂ ਹੁੰਦਾ ਹੈ।

* ਬੱਚਿਆਂ ਨੂੰ ਆਸ਼ਰਿਤ ਬਣਾਉਣ ਨਾਲੋਂ ਸਕੂਲਾਂ ਵਿਚ ਹੀ ਹੱਥੀਂ ਕਿਰਤ ਕਰਨ ਤੇ ਆਪਣੀ ਕਮਾਈ ਕਰਨ ਦੇ ਵੱਖੋ-ਵੱਖ ਸਾਧਨ ਜੁਟਾਉਣ ਅਤੇ ਕਿੱਤਾ ਮੁਖੀ ਸਿੱਖਿਆ ਦੇਣ ਦਾ ਜਤਨ ਕਰਨ ਦੀ ਲੋੜ ਹੈ ਤਾਂ ਜੋ ਹਰ ਜਣਾ ਡਾਕਟਰ, ਇੰਜੀਨੀਅਰ ਬਣਨ ਦੇ ਚੱਕਰ ਵਿਚ ਸਰਕਾਰੀ ਨੌਕਰੀਆਂ ਦੀ ਝਾਕ ਵਿਚ, ਬੇਰੁਜ਼ਗਾਰੀ ਨੂੰ ਆਧਾਰ ਬਣਾ ਕੇ ਨਸ਼ਿਆਂ ਵੱਲ ਮੁੜਨ ਦੀ ਥਾਂ ਆਪਣਾ ਕਿੱਤਾ ਆਪ ਚੁਣ ਕੇ ਕਮਾਈ ਸ਼ੁਰੂ ਕਰ ਲਵੇ।

* ਨਸ਼ਿਆਂ ਦੀ ਦਲਦਲ 'ਚੋਂ ਬਾਹਰ ਨਿਕਲਣ ਵਾਲਿਆਂ ਨੂੰ ਕਿਸੇ ਵੀ ਹਾਲ ਵਿਚ ਵਿਹਲੇ ਨਹੀਂ ਬੈਠਣ ਦੇਣਾ ਚਾਹੀਦਾ ਕਿਉਂਕਿ ਉਨ੍ਹਾਂ ਦਾ ਵਿਹਲਾ ਦਿਮਾਗ਼ ਆਪਣੇ ਆਪ ਹੀ ਚੱਕਰਵਿਊ ਬਣਾ ਕੇ ਦੁਬਾਰਾ ਤਲਬ ਸ਼ੁਰੂ ਕਰਵਾ ਸਕਦਾ ਹੈ। ਉਨ੍ਹਾਂ ਨੂੰ ਸਵੈ ਰੁਜ਼ਗਾਰ ਅਤੇ ਖੇਡਾਂ ਵੱਲ ਪ੍ਰੇਰਿਤ ਕਰ ਕੇ ਨਾਰਮਲ ਜ਼ਿੰਦਗੀ ਜੀਊਣ ਵਿਚ ਮਦਦ ਕਰਨੀ ਚਾਹੀਦੀ ਹੈ। ਧਿਆਨ ਰਹੇ ਕਿ ਅਜਿਹੇ ਲੋਕਾਂ ਦਾ ਕਿਸੇ ਵੀ ਹਾਲ ਵਿਚ ਨਸ਼ਈ ਲੋਕਾਂ ਨਾਲ ਮੇਲ ਜੋਲ ਦੁਬਾਰਾ ਨਹੀਂ ਹੋਣਾ ਚਾਹੀਦਾ ਜੋ ਉਨ੍ਹਾਂ ਨੂੰ ਵਾਪਸ ਉਸ ਦਲਦਲ ਵੱਲ ਧੱਕ ਸਕਦੇ ਹਨ।

* ਸਰਕਾਰੀ ਪੱਧਰ ਉੱਤੇ ਨਸ਼ੇ ਦੇ ਵਪਾਰੀਆਂ ਲਈ "ਜ਼ੀਰੋ ਟੌਲਰੈਂਸ ਪਾਲਿਸੀ" ਕਰਨ ਦੀ ਲੋੜ ਹੈ। ਕਿਸੇ ਵੀ ਹਾਲਤ ਵਿਚ ਨਸ਼ੇ ਦੇ ਵਪਾਰੀਆਂ ਨੂੰ ਬਖ਼ਸ਼ਣਾ ਨਹੀਂ ਚਾਹੀਦਾ।

* ਅੱਜਕਲ ਪੰਜਾਬ ਅੰਦਰ ਸਕੂਲ ਛੱਡਣ ਦਾ ਰੁਝਾਨ ਵੱਧ ਲੱਗ ਪਿਆ ਹੈ। ਅੱਠਵੀਂ, ਨੌਂਵੀਂ, ਦਸਵੀਂ ਜਮਾਤ ਹੀ ਅਸਲ ਉਮਰ ਹੁੰਦੀ ਹੈ ਜਦੋਂ ਬੱਚੇ ਨੂੰ ਹਾਲੇ ਕੋਈ ਰਾਹ ਦਸੇਰਾ ਮਿਲਿਆ ਨਹੀਂ ਹੁੰਦਾ ਤੇ ਉਹ ਨਸ਼ਿਆਂ ਵੱਲ ਛੇਤੀ ਧੱਕਿਆ ਜਾਂਦਾ ਹੈ। ਇਸੇ ਉਮਰ ਵਿਚ 'ਪੀਅਰ ਪਰੈੱਸ਼ਰ" ਅਧੀਨ ਸਹਿਪਾਠੀਆਂ ਵੱਲੋਂ ਮਿਲੀ ਹੱਲਾਸ਼ੇਰੀ ਹੀ ਬੱਚਿਆਂ ਨੂੰ ਨਸ਼ਿਆਂ ਦੇ ਰਾਹ ਤੋਰ ਦਿੰਦੀ ਹੈ।

* ਮਾਪਿਆਂ ਨੂੰ ਬੱਚਿਆਂ ਲਈ ਪੂਰਾ ਸਮਾਂ ਦੇਣਾ ਚਾਹੀਦਾ ਹੈ ਤੇ ਬੱਚੇ ਦੇ ਵਿਹਲੇ ਸਮੇਂ ਦੇ ਆਹਰ ਤੇ ਦੋਸਤਾਂ ਬਾਰੇ ਪੂਰਾ ਗਿਆਨ ਹੋਣਾ ਜ਼ਰੂਰੀ ਹੈ।

* ਬੱਚਿਆਂ ਨੂੰ ਹਾਰ ਦਾ ਸਾਹਮਣਾ ਕਰਨ ਦੀ ਜਾਚ ਸਿਖਾਉਣੀ ਚਾਹੀਦੀ ਹੈ।

* ਮਾਪਿਆਂ ਨੂੰ ਆਪਣੀ ਜਾਇਦਾਦ ਉੱਤੇ ਬੱਚਿਆਂ ਦੇ ਹੱਕਾਂ ਨਾਲੋਂ ਬੱਚਿਆਂ ਨੂੰ ਆਪੋ ਆਪਣੇ ਕੰਮ ਕਰਨ ਲਈ ਉਤਸਾਹਿਤ ਕਰਨ ਦੀ ਲੋੜ ਹੈ ਤਾਂ ਜੋ ਉਹ ਵਿਹਲੇ ਬਹਿ ਕੇ ਪਿਓ ਦੀ ਕਮਾਈ ਉੱਤੇ ਝਾਕ ਰੱਖਣੀ ਛੱਡ ਦੇਣ।

* ਨਸ਼ਿਆਂ ਨੂੰ ਪ੍ਰੋਤਸਾਹਿਤ ਕਰਨ ਵਿਚ ਗੀਤਕਾਰਾਂ ਤੇ ਸੰਗੀਤਕਾਰਾਂ ਦਾ ਬਹੁਤ ਵੱਡਾ ਰੋਲ ਹੈ। ਇਹ ਤਾਂ ਪਤਾ ਲੱਗ ਹੀ ਚੁੱਕਿਆ ਹੈ ਕਿ ਨਸ਼ੇ ਦੇ ਆਦੀ ਲੋਕਾਂ ਦੇ ਦਿਮਾਗ਼ ਵਿਚ ਸਦੀਵੀ ਨੁਕਸ ਪੈ ਜਾਂਦਾ ਹੈ। ਇਸੇ ਲਈ ਉਹ ਤਰੰਗਾਂ ਜੋ ਨਸ਼ੇ ਨੂੰ ਵਧਾਉਣ ਵਿਚ ਸਹਾਈ ਹੋ ਰਹੀਆਂ ਹੋਣ, ਨਸ਼ਈ ਛੇਤੀ ਫੜਦੇ ਹਨ ਤੇ ਉਨ੍ਹਾਂ ਨੂੰ ਨਸ਼ੇ ਦੀ ਤਲਬ ਲੱਗ ਜਾਂਦੀ ਹੈ। ਇਸ ਚੱਕਰਵਿਊ ਵਿੱਚੋਂ ਫੇਰ ਨਸ਼ਈ ਕੋਲੋਂ ਨਿਕਲਣਾ ਔਖਾ ਹੋ ਜਾਂਦਾ ਹੈ। ਇਸੇ ਲਈ ਹਰ ਨਾਈਟ ਕਲੱਬਾਂ ਤੇ ਨਸ਼ੇ ਵਾਲੀਆਂ ਥਾਵਾਂ ਉੱਤੇ ਨਸ਼ਿਆਂ ਵਾਲੇ ਗੀਤ ਸੰਗੀਤ ਵਜਾਏ ਜਾਂਦੇ ਹਨ।

ਜੇ ਗੀਤਕਾਰ ਤੇ ਸੰਗੀਤਕਾਰ ਆਪਣੀ ਡਿਊਟੀ ਸਮਝ ਲੈਣ ਤਾਂ ਕਾਫੀ ਸੁਧਾਰ ਹੋ ਸਕਦਾ ਹੈ।

ਡੋਪ ਟੈਸਟ ਕੀ ਹੈ : 1. ਸਕਰੀਨਿੰਗ ਟੈਸਟ : ਇਹ ਸਸਤਾ ਟੈਸਟ ਪਿਸ਼ਾਬ ਦੇ ਸੈਂਪਲ ਵਿੱਚੋਂ ਕੀਤਾ ਜਾਂਦਾ ਹੈ। ਇਸ ਵਿਚ ਸਰੀਰ ਵਿਚ ਨਸ਼ੇ ਦੀ ਮੌਜੂਦਗੀ ਦਾ ਪਤਾ ਲੱਗ ਸਕਦਾ ਹੈ। ਪਰ, ਧਿਆਨ ਰਹੇ ਕਿ ਸਕਰੀਨਿੰਗ ਟੈਸਟ ਇਹ ਉੱਕਾ ਨਹੀਂ ਦੱਸਦਾ ਕਿ ਬੰਦਾ ਨਸ਼ੇ ਦਾ ਆਦੀ ਹੈ ਜਾਂ ਨਹੀਂ। ਸਿਰਫ਼ 6 ਘੰਟੇ ਤੋਂ ਦੋ ਦਿਨ ਦੇ ਅੰਦਰ ਲਏ ਨਸ਼ੇ ਬਾਰੇ ਹੀ ਪਤਾ ਲਾਇਆ ਜਾ ਸਕਦਾ ਹੈ।

ਇਹ ਟੈਸਟ ਪੱਕਾ ਨਹੀਂ ਹੈ। ਕਈ ਵਾਰ ਝੂਠਾ ਪਾਜ਼ਿਟਿਵ ਜਾਂ ਝੂਠਾ ਨੈਗੇਟਿਵ ਵੀ ਆ ਸਕਦਾ ਹੈ। ਇਹ ਟੈਸਟ ਸ਼ਰਾਬ, ਭੁੱਕੀ, ਅਫ਼ੀਮ, ਚਿੱਟਾ, ਐਲ.ਐਸ.ਡੀ. ਅਤੇ ਹੋਰ ਨਸ਼ਿਆਂ ਦਾ ਪਤਾ ਲਾ ਸਕਦਾ ਹੈ।

**2. ਕਨਫਰਮੇਟਰੀ ਟੈਸਟ** : ਇਹ ਮਹਿੰਗਾ ਟੈਸਟ ਇਕਦਮ ਰਿਪੋਰਟ ਨਹੀਂ ਦਿੰਦਾ। ਇਹ ਟੈਸਟ ਪਿਸ਼ਾਬ, ਲਹੂ, ਵਾਲਾਂ ਤੇ ਨਹੁੰਆਂ ਵਿੱਚੋਂ ਵੀ ਕੀਤਾ ਜਾਂਦਾ ਹੈ। ਇਹ ਟੈਸਟ ਸਿਰਫ਼ ਕੁੱਝ ਕੁ ਖ਼ਾਸ ਲੈਬਾਰਟੀਆਂ ਵਿਚ ਕੀਤਾ ਜਾ ਸਕਦਾ ਹੈ। ਇਸ ਟੈਸਟ ਰਾਹੀਂ ਨਸ਼ੇ ਦੇ ਆਦੀ ਬੰਦੇ ਦਾ ਪਤਾ ਲਾਇਆ ਜਾ ਸਕਦਾ ਹੈ।

**ਸਾਰ** : ਨਸ਼ਾ ਸਿਰਫ਼ ਇਕ ਬੰਦੇ ਜਾਂ ਉਸ ਦੇ ਟੱਬਰ ਨੂੰ ਬਰਬਾਦ ਕਰਨ ਤਕ ਸੀਮਤ ਨਹੀਂ ਹੈ। ਇਹ ਤਾਂ ਸਮਾਜ, ਸੱਭਿਆਚਾਰ ਅਤੇ ਕੌਮ ਦੀਆਂ ਨੀਹਾਂ ਤਕ ਗਾਲ ਦਿੰਦਾ ਹੈ। ਇਸੇ ਲਈ ਇਸ ਨੂੰ ਰੋਕਣ ਵਾਸਤੇ ਧਾਰਮਿਕ, ਸਮਾਜਿਕ, ਪੁਲਿਸ, ਪ੍ਰਸ਼ਾਸਨ, ਪੱਤਰਕਾਰ, ਗੀਤਕਾਰ, ਸੰਗੀਤਕਾਰ, ਸਿਆਸਤਦਾਨਾਂ ਸਮੇਤ ਹਰ ਕਿਸੇ ਨੂੰ ਆਪਣੀ ਜ਼ਿੰਮਵਾਰੀ ਮੰਨਦਿਆਂ ਸਾਂਝੇ ਤੌਰ ਉੱਤੇ ਹੰਭਲਾ ਮਾਰਨ ਦੀ ਲੋੜ ਹੈ।

## ਸ਼ੁਭਾਸ਼ ਚੰਦਰ ਬੋਸ ਦੇ ਪੜਪੋਤੇ ਦੇ 'ਬੱਕਰੀ-ਮਾਤਾ' ਵਾਲੇ ਟਵੀਟ 'ਤੇ ਵਿਵਾਦ

**ਕੋਲਕਾਤਾ/ਬਿਊਰੋ ਨਿਊਜ਼ :** ਦੇਸ਼ ਵਿਚ ਮੌਬ ਲਿੰਚਿੰਗ ਦੀਆਂ ਵਧਦੀਆਂ ਘਟਨਾਵਾਂ 'ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਪੜਪੋਤੇ ਅਤੇ ਪੱਛਮੀ ਬੰਗਾਲ ਦੇ ਨੇਤਾ ਸੀਕੇ. ਬੋਸ ਨੇ ਟਵੀਟ ਕੀਤਾ ਕਿ ਜੇਕਰ ਲੋਕਾਂ ਨੂੰ ਬੀਫ ਖਾਣ 'ਤੇ ਮਾਰਿਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਬੱਕਰੀ ਦਾ ਮੀਟ ਖਾਣਾ ਵੀ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗਊ ਨੂੰ ਮਾਤਾ ਦੱਸਿਆ ਜਾਂਦਾ ਹੈ ਅਤੇ ਉਸ ਦਾ ਮੀਟ ਨਹੀਂ ਖਾਧਾ ਜਾਂਦਾ। ਇਸੇ ਤਰ੍ਹਾਂ ਬੱਕਰੀ ਵੀ ਤਾਂ ਦੁੱਧ ਦਿੰਦੀ ਹੈ, ਇਸ ਲਈ ਬੱਕਰੀ ਨੂੰ ਮਾਤਾ ਮੰਨਦੇ ਹੋਏ ਹਿੰਦੂਆਂ ਨੂੰ ਇਸ ਦਾ ਮਾਸ ਖਾਣਾ ਛੱਡਣਾ ਚਾਹੀਦਾ ਹੈ। ਗਾਂਧੀ ਜੀ ਵੀ ਬੱਕਰੀ ਦਾ ਦੁੱਧ ਪੀਂਦੇ ਸਨ।

ਉਨ੍ਹਾਂ ਕਿਹਾ ਕਿ ਭਾਜਪਾ ਸਾਸ਼ਿਤ ਸੂਬਿਆਂ ਵਿਚ ਗਊ ਰੱਖਿਆ ਦੇ ਨਾਂ 'ਤੇ ਵਧ ਰਹੀਆਂ ਮੌਬ ਲਿੰਚਿੰਗ ਦੀਆਂ ਘਟਨਾਵਾਂ ਨਾਲ ਪੂਰਾ ਦੇਸ਼ ਪਰੇਸ਼ਾਨ ਹੈ। ਗਾਂਧੀ ਜੀ ਜਦੋਂ ਕੋਲਕਾਤਾ ਆਉਂਦੇ ਸਨ ਤਾਂ ਉਹ ਮੇਰੇ ਬਾਬਾ ਸ਼ਰਤ ਚੰਦਰ ਬੋਸ ਦੇ ਵੁਡਬਰਨ ਪਾਰਕ ਸਥਿਤ ਘਰ ਵਿਚ ਹੀ ਠਹਿਰਦੇ ਸਨ। ਉਨ੍ਹਾਂ ਨੇ ਹੀ ਬੱਕਰੀ ਦਾ ਦੁੱਧ ਪੀਣ ਦੀ ਮੰਗ ਕੀਤੀ ਸੀ। ਇਸ ਲਈ ਹਿੰਦੂਆਂ ਨੂੰ ਬੱਕਰੀ ਦਾ ਮਾਸ ਖਾਣਾ ਬੰਦ ਕਰਨਾ ਚਾਹੀਦਾ ਹੈ। ਹਾਲਾਂਕਿ ਬੋਸ ਦੇ ਇਸ ਬਿਆਨ ਤੋਂ ਬਾਅਦ ਵਿਵਾਦ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ। ਲੋਕਾਂ ਨੇ ਕਿਹਾ ਕਿ ਮਹਾਤਮਾ ਗਾਂਧੀ ਨੇ ਕਦੇ ਵੀ ਬੱਕਰੀ ਨੂੰ ਆਪਣਾ ਮਾਂ ਨਹੀਂ ਮੰਨਿਆ। ਹਿੰਦੂ ਸਿਰਫ ਗਾਂ ਨੂੰ ਆਪਣੀ ਮਾਂ ਮੰਨਦੇ ਹਨ। ਇਸ 'ਤੇ ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਮੇਰੇ ਟਵੀਟ ਦੇ ਪਿੱਛੇ ਦੀ ਸੂਖਮਤਾ ਨੂੰ ਸਮਝਣਾ ਚਾਹੀਦਾ ਹੈ।

*ਫ਼ੌਜੀਆਂ ਬਾਰੇ ਇਤਰਾਜ਼ਯੋਗ ਟਿੱਪਣੀ ਦਾ ਮਾਮਲਾ*

## ਆਜ਼ਮ ਖਾਨ ਵਿਰੁੱਧ ਚੱਲੇਗਾ ਮੁਕੱਦਮਾ

**ਲਖਨਊ/ਬਿਊਰੋ ਨਿਊਜ਼ :** ਉੱਤਰ ਪ੍ਰਦੇਸ਼ ਦੀ ਯੋਗੀ ਆਦਿਤਿਆਨਾਥ ਸਰਕਾਰ ਨੇ ਸੀਆਰਪੀਐੱਫ. ਦੇ ਜਵਾਨਾਂ ਪ੍ਰਤੀ ਇਤਰਾਜ਼ਯੋਗ ਟਿੱਪਣੀ ਕਰਨ ਦੇ ਮਾਮਲੇ 'ਚ ਸਮਾਜਵਾਦੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੈਬਨਿਟ ਮੰਤਰੀ ਆਜ਼ਮ ਖਾਨ ਵਿਰੁੱਧ ਮੁਕੱਦਮਾ ਚਲਾਉਣ ਦੀ ਆਗਿਆ ਦੇ ਦਿੱਤੀ ਹੈ। ਰਾਮਪੁਰ ਦੇ ਅਪਰ ਪੁਲਸ ਮੁਖੀ ਸੁਧਾ ਸਿੰਘ ਨੇ ਕਿਹਾ ਕਿ ਆਜ਼ਮ ਖਾਨ ਵਿਰੁੱਧ ਮੁਕੱਦਮਾ ਚਲਾਉਣ ਦੀ ਸਾਨੂੰ ਪ੍ਰਵਾਨਗੀ ਮਿਲ ਗਈ ਹੈ। ਜ਼ਿਕਰਯੋਗ ਹੈ ਕਿ ਆਜ਼ਮ ਖਾਨ ਨੇ ਪਿਛਲੇ ਸਾਲ ਅਪ੍ਰੈਲ ਵਿਚ ਛੱਤੀਸਗੜ੍ਹ ਵਿਖੇ ਹੋਏ ਨਕਸਲੀ ਹਮਲੇ ਦੌਰਾਨ ਸੀਆਰਪੀਐੱਫ. ਦੇ 25 ਜਵਾਨ ਮਾਰੇ ਗਏ ਸਨ। ਇਸ ਘਟਨਾ ਸਬੰਧੀ ਆਜ਼ਮ ਖਾਨ ਨੇ 28 ਜੂਨ ਨੂੰ ਇਕ ਪ੍ਰੋਗਰਾਮ ਵਿਚ ਕਿਹਾ ਸੀ ਕਿ,"ਹਥਿਆਰਬੰਦ ਔਰਤਾਂ ਨੇ ਫੌਜ ਦੇ ਜਵਾਨਾਂ ਨੂੰ ਮਾਰਿਆ ਤੇ ਉਨ੍ਹਾਂ ਦੇ ਪ੍ਰਾਈਵੇਟ ਪਾਰਟਸ ਕੱਟ ਕੇ ਲੈ ਗਈਆਂ। ਕਿਤੇ ਕੋਈ ਕਿਸੇ ਦਾ ਸਿਰ ਅਤੇ ਕੋਈ ਹੱਥ ਕੱਟ ਕੇ ਲੈ ਜਾਂਦਾ ਹੈ ਪਰ ਇਥੇ ਨਕਸਲੀ ਔਰਤਾਂ ਜਵਾਨਾਂ ਦੇ ਪ੍ਰਾਈਵੇਟ ਪਾਰਟਸ ਕੱਟ ਲੈ ਗਈਆਂ। ਉਨ੍ਹਾਂ ਨੂੰ ਜਵਾਨਾਂ ਦੇ ਸਰੀਰ ਦੇ ਜਿਸ ਹਿੱਸੇ ਤੋਂ ਸ਼ਿਕਾਇਤ ਸੀ, ਨੂੰ ਉਹ ਕੱਟ ਕੇ ਲੈ ਗਈਆਂ। ਇਹ ਇੰਨਾ ਵੱਡਾ ਸੰਦੇਸ਼ ਹੈ, ਜਿਸ 'ਤੇ ਪੂਰੇ ਹਿੰਦੋਸਤਾਨ ਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ। ਅਸੀਂ ਦੁਨੀਆ ਨੂੰ ਕੀ ਮੂੰਹ ਵਿਖਾਵਾਂਗੇ ?"

# ਮੇਰੇ ਚਰਖੇ ਦੀ ਟੁੱਟ ਗਈ ਮਾਲ੍ਹ ਵੇ



1976-77 ਦੇ ਨੇੜੇ-ਤੇੜੇ ਦੀ ਗੱਲ ਹੋਵੇਗੀ। ਉਦੋਂ ਮੇਰੀ ਉਮਰ 10-11 ਸਾਲ ਦੀ ਹੋਵੇਗੀ। ਉਨ੍ਹੀਂ ਦਿਨੀਂ ਤਰਕਾਲਾਂ ਦੇ ਖਾਓ ਪੀਓ ਤੋਂ ਮਗਰੋਂ ਗੁਆਂਢ ਦੀਆਂ ਕੁੜੀਆਂ ਚਰਖੇ ਕੱਤਣ ਲਈ ਸਾਡੇ ਘਰ 'ਕੱਠੀਆਂ ਹੁੰਦੀਆਂ। ਕੋਈ ਪਹਿਲਾਂ ਆ ਜਾਂਦੀ, ਕੋਈ ਮਗਰੋਂ। ਉਨ੍ਹਾਂ ਦੇ ਚਰਖੇ ਸਾਡੇ ਘਰ ਪਹਿਲਾਂ ਰੱਖੇ ਹੁੰਦੇ ਸਨ। ਜਦੋਂ ਸਾਰੀਆਂ 'ਕੱਠੀਆਂ ਹੋ ਜਾਂਦੀਆਂ ਚਰਖੇ ਡਹਿਣੇ ਸ਼ੁਰੂ ਹੋ ਜਾਂਦੇ। ਚਰਖੇ ਡਾਹੁਣ ਦੀ ਕੁੜੀਆਂ ਦੀ ਆਪੋ ਆਪਣੀ ਪਸੰਦ ਹੁੰਦੀ। ਜਦ ਚਰਖੇ ਦੀ ਪਹਿਲੀ ਤੰਦ ਪੈਣੀ ਸ਼ੁਰੂ ਹੁੰਦੀ ਕੁੜੀਆਂ ਦੇ ਗੀਤਾਂ ਦੀ ਮਹਿਫ਼ਲ ਵੀ ਸ਼ੁਰੂ ਹੋ ਜਾਂਦੀ। ਚਰਖੇ ਦੀ ਘੂੰ-ਘੂੰ ਅਤੇ ਕੁੜੀਆਂ ਦੇ ਗੀਤਾਂ ਦੇ ਸੰਗੀਤ ਨਾਲ ਕਮਰਾ ਦੇਰ ਰਾਤ ਤੱਕ ਅਖਾੜਾ ਜਿਹਾ ਬਣਿਆ ਰਹਿੰਦਾ। ਕੁੜੀਆਂ ਕੱਤਦੀਆਂ, ਗਲੋਟੇ ਲਾਹੁੰਦੀਆਂ, ਛਿੱਕੂ ਗਲੋਟਿਆਂ ਨਾਲ ਭਰ ਜਾਂਦੇ। ਬੇਬੇ ਸਾਰੀ ਰਾਤ ਜਾਗਦੀ ਰਹਿੰਦੀ। ਕਦੀ-ਕਦੀ ਕਿਸੇ ਦੇ ਚਰਖੇ ਦੀ ਮਾਲ੍ਹ ਟੁੱਟ ਜਾਂਦੀ, ਕਿਸੇ ਦੇ ਚਰਖੇ ਦਾ ਤੱਕਲਾ ਵਿੰਗਾ ਹੋ ਜਾਂਦਾ। ਕੁੜੀ ਬੇਬੇ ਨੂੰ ਆਖਦੀ,ਤਾਈ, ਚਰਖੇ ਦਾ ਤੱਕਲਾ ਵਿੰਗਾ ਹੋ ਗਿਆ। ਬੇਬੇ ਤੱਕਲੇ ਨੂੰ ਛਿੱਤਰ ਨਾਲ ਸਿੱਧਾ ਕਰ ਦਿੰਦੀ। ਪਤਾ ਨਹੀਂ ਬੇਬੇ ਦੇ ਹੱਥਾਂ ਵਿੱਚ ਕੀ ਜਾਦੂ ਸੀ। ਕਈ ਵਾਰ ਆਂਢ-ਗੁਆਂਢ ਦੀਆਂ ਹੋਰ ਕੁੜੀਆਂ, ਵਿਆਹੀਆਂ-ਵਰ੍ਹੀਆਂ ਔਰਤਾਂ ਵੀ ਬੇਬੇ ਤੋਂ ਚਰਖੇ ਦੇ ਤੱਕਲੇ ਸਿੱਧੇ ਕਰਵਾਉਣ ਆਉਂਦੀਆਂ ਸਨ। ਚਮੜੇ ਦੀਆਂ ਬਣੀਆਂ ਚਰਮਖਾਂ ਦੀ ਸ਼ਕਲ ਤੋਤੇ, ਘੁੱਗੀਆਂ, ਕਾਂਵਾਂ, ਕਬੂਤਰਾਂ ਵਰਗੀ ਹੁੰਦੀ। ਦੇਰ ਰਾਤ ਤੱਕ ਮੁਟਿਆਰਾਂ ਤੱਕਲਿਆਂ, ਮਾਲ੍ਹ, ਚਰਖਿਆਂ, ਗਲੋਟਿਆਂ ਆਦਿ ਨੂੰ ਭੰਬੀਰੀ ਬਣਾਈ ਰੱਖਦੀਆਂ। ਮੈਂ ਭਾਵੇਂ ਉਦੋਂ ਛੋਟਾ ਸਾਂ, ਪਰ ਅੱਜ ਵੀ ਮੈਨੂੰ ਉਹ ਗੱਲਾਂ ਯਾਦ ਆਉਂਦੀਆਂ ਹਨ। ਕਿਹੋ ਜਿਹੇ ਪਿਆਰ ਭਰੇ ਦਿਨ ਸਨ ਓਦੋਂ। ਉਨ੍ਹੀਂ ਦਿਨੀਂ ਇਹ ਗੀਤ ਵੀ ਬੜਾ ਮਸ਼ਹੂਰ ਸੀ, 'ਮੇਰੇ ਚਰਖੇ ਦੀ ਟੁੱਟ ਗਈ ਮਾਲ੍ਹ ਵੇ ਚੰਨ ਕੱਤਾਂ ਕਿ ਨਾ।' ਓਦੋਂ ਪਿੰਡ ਦੀ ਹਰ ਕੁੜੀ ਲੋਕਾਂ ਦੀ ਸਾਂਝੀ ਧੀ-ਭੈਣ ਸੀ। ਓਦੋਂ ਜਾਤ ਨੂੰ ਪਹਿਲ ਨਹੀਂ ਸੀ ਦਿੱਤੀ ਜਾਂਦੀ, ਸਗੋਂ ਹਰ ਕੁੜੀ ਨੂੰ ਪਿੰਡ 'ਚ ਸਦੀਆਂ ਤੋਂ ਤੁਰੀ ਆਉਂਦੀ ਰੀਤ ਅਨੁਸਾਰ ਚਾਚੇ, ਤਾਏ ਦੀਆਂ ਕੁੜੀਆਂ ਸਮਝਿਆ ਜਾਂਦਾ ਸੀ, ਭਾਵੇਂ ਉਹ ਕੁੜੀ ਜੱਟਾਂ, ਤਰਖਾਣਾਂ, ਛੀਂਬਿਆਂ, ਪੰਡਤਾਂ, ਦਲਿਤਾਂ ਦੀ ਹੁੰਦੀ। ਪਹਿਲ ਉਸ ਘਰ ਨਾਲ ਜੁੜੇ ਪੁਰਾਣੇ ਰਿਸ਼ਤੇ ਦੀ ਹੁੰਦੀ ਸੀ। ਪਰ ਅੱਜ ਦੇ ਜ਼ਮਾਨੇ ਨੇ ਚਰਖਿਆਂ, ਚਰਮਖਾਂ, ਮਾਲ੍ਹਾਂ, ਤੱਕਲਿਆਂ, ਗੁੱਝਾਂ, ਗਲੋਟਿਆਂ, ਅਟੇਰਨਾਂ ਨੂੰ ਬੁਰੀ ਤਰ੍ਹਾਂ ਵਿਸਾਰ ਦਿੱਤਾ ਹੈ, ਪਰ ਨਾਲ ਹੀ ਨਾਲ ਪੁਰਾਣੇ ਭਾਈਚਾਰੇ ਦੀਆਂ ਤੰਦਾਂ ਨੂੰ ਤੋੜ ਸੁੱਟਿਆ ਹੈ। ਅਜੋਕੀ ਤਕਨਾਲੋਜੀ ਦੇ ਯੁੱਗ ਨੇ ਪੁਰਾਤਨ ਚਰਖੇ ਦੇ ਸੱਭਿਆਚਾਰ ਨਾਲ-ਨਾਲ ਤ੍ਰਿੰਞਣ ਵੀ ਖੋਹ ਲਏ। ਅੱਜ ਕਿਸੇ ਵੀ ਕੁੜੀ ਨੂੰ ਕੱਤਣਾ ਤਾਂ ਦੂਰ ਦੀ ਗੱਲ ਚਰਖੇ ਬਾਰੇ ਵੀ ਪਤਾ ਨਹੀਂ ਹੈ ਤ੍ਰਿੰਞਣਾਂ 'ਚ ਬੈਠਣਾ ਤਾਂ ਦੂਰ ਦੀ ਗੱਲ ਹੈ। ਵਿਗਿਆਨਕ ਤਰੱਕੀ ਨੇ ਜਿੱਥੇ ਮਨੁੱਖਤਾ ਨੂੰ ਕਈ ਸਹੂਲਤਾਂ ਦਿੱਤੀਆਂ ਹਨ। ਮੋਬਾਈਲ, ਟੀ.ਵੀ., ਕੰਪਿਊਟਰ 'ਤੇ ਆਉਂਦੇ ਅਸ਼ਲੀਲ ਗਾਣਿਆਂ, ਦ੍ਰਿਸ਼ਾਂ, ਫਿਲਮਾਂ, ਸੀਰੀਅਲਾਂ ਨੇ ਨੌਜਵਾਨ ਪੀੜ੍ਹੀ ਦੀ ਸੋਚ ਨੂੰ ਖੁੰਢਾ ਕਰਕੇ ਰੱਖ ਦਿੱਤਾ ਹੈ। ਇਸ ਅਸ਼ਲੀਲ ਵਾਤਾਵਰਣ ਨੇ ਨੌਜਵਾਨ ਪੀੜ੍ਹੀ ਨੂੰ ਮਨੁੱਖ ਤੋਂ ਹੈਵਾਨ ਅਤੇ ਸ਼ੈਤਾਨ ਬਣਾ ਕੇ ਰੱਖ ਦਿੱਤਾ ਹੈ। ਅੱਜ ਦੇ ਸਮੇਂ ਨੌਜਵਾਨਾਂ ਨੂੰ ਉਨ੍ਹਾਂ ਦੀ ਵਿਰਾਸਤ ਨਾਲ ਜੋੜਣ ਤੇ ਸੱਭਿਆਚਾਰ ਨੂੰ ਸੰਭਾਲਣ ਦੀ ਲੋੜ ਹੈ ਤਾਂ ਜੋ ਪੁਰਾਣੇ ਸਮੇਂ ਅੰਦਰ ਲੋਕਾਂ ਅੰਦਰ ਜੋ ਮਨੁੱਖਤਾ, ਭਾਈਚਾਰੇ ਤੇ ਆਂਢ-ਗੁਆਂਢ ਦੀਆਂ ਲੜਕੀਆਂ ਨੂੰ ਲੈ ਕੇ ਪਿਆਰ ਤੇ ਇੱਜ਼ਤ ਸੀ, ਨੂੰ ਦਿਲਾਂ ਅੰਦਰ ਫਿਰ ਜਗਾਇਆ ਜਾ ਸਕੇ।

**ਗੁਰਜੰਟ ਕਲਸੀ ਲੰਡੇ**, ਮੋਬਾਈਲ:94175-35916



# ਪਹਿਨੋ ਜੱਗ ਭਾਉਂਦਾ..

## ਸਮਾਜ ਵਿਚ ਇੱਜ਼ਤ ਬਣਾਉਣ ਲਈ ਅਪਣੇ ਪਹਿਰਾਵੇ ਦਾ ਰੱਖੋ ਖਾਸ ਖਿਆਲ



ਅੱਜ ਫੈਸ਼ਨ ਦੇ ਦੌਰ ਵਿਚ ਹਰ ਲੜਕਾ-ਲੜਕੀ (ਖਾਸ ਕਰਕੇ ਲੜਕੀਆਂ) ਕਿਸੇ ਤੋਂ ਵੀ ਪਿੱਛੇ ਨਹੀਂ ਰਹਿਣਾ ਚਾਹੁੰਦੇ। ਆਪਣੇ-ਆਪ ਨੂੰ ਸੰਵਾਰਨਾ, ਸਾਫ-ਸੁਥਰਾ ਰੱਖਣਾ, ਵਧੀਆ ਦਿੱਖ ਵਾਲੇ ਬਣਨਾ ਕੋਈ ਬੁਰੀ ਗੱਲ ਨਹੀਂ ਹੁੰਦੀ ਪਰ ਅੱਜ ਲੜਕੀਆਂ ਦੇ ਪਹਿਰਾਵੇ ਵੱਲ ਦੇਖ ਕੇ ਤਾਂ ਲਗਦਾ ਹੈ ਕਿ ਇਹ ਤਾਂ ਆਪਣੇ-ਆਪ ਨੂੰ ਵੱਧ ਤੋਂ ਵੱਧ ਆਕਰਸ਼ਕ ਬਣਾਉਣ ਲਈ ਅਜਿਹਾ ਕਰਦੀਆਂ ਹਨ। ਪੱਛਮੀ ਪ੍ਰਭਾਵ, ਖਾਣ-ਪੀਣ, ਰਹਿਣ-ਸਹਿਣ, ਪਹਿਰਾਵੇ ਵਿਚ ਦੇਖਣ ਨੂੰ ਮਿਲ ਰਿਹਾ ਹੈ। ਕਿਸੇ ਦੀ ਨਕਲ ਕਰਨੀ ਬੁਰੀ ਗੱਲ ਨਹੀਂ ਪਰ ਨਕਲ ਉਸ ਚੀਜ਼ ਦੀ ਕਰੋ, ਜੋ ਦੇਖਣ ਵਾਲਿਆਂ ਨੂੰ ਵੀ ਵਧੀਆ ਲੱਗੇ, ਕਿਉਂਕਿ ਨਕਲ ਵੀ ਅਕਲ ਨਾਲ ਵੱਜਦੀ ਹੈ, ਚਾਹੇ ਉਹ ਇਮਤਿਹਾਨ ਵਿਚ ਹੋਵੇ ਜਾਂ ਫਿਰ ਪਹਿਰਾਵੇ ਦੀ ਨਕਲ।

ਸਿਆਣਿਆਂ ਨੇ ਠੀਕ ਹੀ ਕਿਹਾ ਹੈ ਕਿ 'ਖਾਓ ਮਨ ਭਾਉਂਦਾ ਤੇ ਪਹਿਨੋ ਜੱਗ ਭਾਉਂਦਾ' ਭਾਵ ਜੋ ਜੀਅ ਕਰਦਾ, ਰੱਜ ਕੇ ਖਾਓ ਤੇ ਪਹਿਨੋ ਉਹ ਜੋ ਜੱਗ ਨੂੰ ਦੇਖਣ ਨੂੰ ਚੰਗਾ ਲੱਗੇ ਪਰ ਹੁਣ ਇਹ ਸਿਆਣਿਆਂ ਦੀਆਂ ਕਹਾਵਤਾਂ 'ਤੇ ਅਸੀਂ ਜ਼ਿਆਦਾ ਅਮਲ ਕਰਨਾ ਪਸੰਦ ਹੀ ਨਹੀਂ ਕਰਦੇ। ਅੱਜ ਫੈਸ਼ਨ ਦੇ ਦੌਰ ਵਿਚ ਹਰ ਲੜਕਾ-ਲੜਕੀ (ਖਾਸ ਕਰਕੇ ਲੜਕੀਆਂ) ਕਿਸੇ ਤੋਂ ਵੀ ਪਿੱਛੇ ਨਹੀਂ ਰਹਿਣਾ ਚਾਹੁੰਦੇ। ਆਪਣੇ-ਆਪ ਨੂੰ ਸੰਵਾਰਨਾ, ਸਾਫ-ਸੁਥਰਾ ਰੱਖਣਾ, ਵਧੀਆ ਦਿੱਖ ਵਾਲੇ ਬਣਨਾ ਕੋਈ ਬੁਰੀ ਗੱਲ ਨਹੀਂ ਹੁੰਦੀ ਪਰ ਅੱਜ ਲੜਕੀਆਂ ਦੇ ਪਹਿਰਾਵੇ ਵੱਲ ਦੇਖ ਕੇ ਤਾਂ ਲਗਦਾ ਹੈ ਕਿ ਇਹ ਤਾਂ ਆਪਣੇ-ਆਪ ਨੂੰ ਵੱਧ ਤੋਂ ਵੱਧ ਆਕਰਸ਼ਕ ਬਣਾਉਣ ਲਈ ਅਜਿਹਾ ਕਰਦੀਆਂ ਹਨ। ਪੱਛਮੀ ਪ੍ਰਭਾਵ, ਖਾਣ-ਪੀਣ, ਰਹਿਣ-ਸਹਿਣ, ਪਹਿਰਾਵੇ ਵਿਚ ਦੇਖਣ ਨੂੰ ਮਿਲ ਰਿਹਾ ਹੈ। ਕਿਸੇ ਦੀ ਨਕਲ ਕਰਨੀ ਬੁਰੀ ਗੱਲ ਨਹੀਂ ਪਰ ਨਕਲ ਉਸ ਚੀਜ਼ ਦੀ ਕਰੋ, ਜੋ ਦੇਖਣ ਵਾਲਿਆਂ ਨੂੰ ਵੀ ਵਧੀਆ ਲੱਗੇ, ਕਿਉਂਕਿ ਨਕਲ ਵੀ ਅਕਲ ਨਾਲ ਵੱਜਦੀ ਹੈ, ਚਾਹੇ ਉਹ ਇਮਤਿਹਾਨ ਵਿਚ ਹੋਵੇ ਜਾਂ ਫਿਰ ਪਹਿਰਾਵੇ ਦੀ ਨਕਲ।
ਚਮਕਦੀ ਚੀਜ਼ ਤਾਂ ਸਭ ਨੂੰ ਆਪਣੇ ਵੱਲ ਖਿੱਚਦੀ ਹੈ ਤੇ ਫਿਰ ਅਸੀਂ ਦੋਸ਼ ਮੁੰਡਿਆਂ ਦਾ ਕਿਉਂ ਕੱਢਦੇ ਹਾਂ ? ਕਈ ਵਾਰ ਕਿਸੇ ਲੜਕੀ ਦੇ ਮਨ-ਭੜਕਾਊ ਡਰੈੱਸ ਪਾਈ ਹੁੰਦੀ ਹੈ ਤਾਂ ਉਹ ਆਪਣੀਆਂ ਸਾਥਣਾਂ ਨੂੰ ਦੱਸਦੀ ਹੈ ਕਿ ਫਲਾਨਾ ਮੁੰਡਾ ਮੇਰੇ ਵੱਲ ਇਉਂ ਦੇਖਦਾ ਸੀ ਜਿਵੇਂ ਕਦੇ ਕੋਈ ਕੁੜੀ ਦੇਖੀ ਹੀ ਨਹੀਂ ਹੁੰਦੀ ਪਰ ਪਤਾ ਭੈਣ ਜੀ ਨੂੰ ਇਹ ਨਹੀਂ ਹੁੰਦਾ ਕਿ ਕੁੜੀ ਤਾਂ ਪਹਿਲਾਂ ਵੀ ਉਸ ਨੇ ਦੇਖੀ ਹੁੰਦੀ ਹੈ ਪਰ ਅਜਿਹੀ ਡਰੈੱਸ ਵਿਚ ਨਹੀਂ ਦੇਖੀ ਹੁੰਦੀ।
ਮੇਰੀ ਸਾਰੀਆਂ ਲੜਕੀਆਂ ਨੂੰ ਇਹੀ ਸਲਾਹ ਹੈ ਕਿ ਕਿਰਪਾ ਕਰਕੇ ਪਹਿਰਾਵੇ ਦੀ ਚੋਣ ਬਹੁਤ ਸੋਚ-ਸਮਝ ਕੇ ਕਰੋ। ਫਿਲਮਾਂ ਜਾਂ ਸੀਰੀਅਲਾਂ ਵਿਚ ਪਾਈਆਂ ਲੜਕੀਆਂ ਦੇ ਮਨ-ਭੜਕਾਊ ਜਾਂ ਅੰਗ-ਪ੍ਰਦਰਸ਼ਨ ਵਾਲੀਆਂ ਡਰੈੱਸ ਦੇਖ ਕੇ ਉਨ੍ਹਾਂ ਦੀ ਨਕਲ ਨਾ ਕਰੋ, ਕਿਉਂਕਿ ਉਹ ਸਿਰਫ ਪੈਸੇ ਦੀ ਖਾਤਰ ਹੀ ਅੰਗ-ਪ੍ਰਦਰਸ਼ਨ ਕਰਦੀਆਂ ਹਨ, ਜਦਕਿ ਅਸੀਂ ਸਮਾਜ ਵਿਚ ਵਿਚਰਨਾ ਹੁੰਦਾ ਹੈ ਅਤੇ ਅਸਲੀ ਜ਼ਿੰਦਗੀ ਜਿਊਣੀ ਹੁੰਦੀ ਹੈ। ਉਹ ਤਾਂ ਨਕਲੀ ਨਾਟਕ ਖੇਡਦੇ ਹਨ ਤੇ ਸਾਨੂੰ ਆਪਣੇ ਵੱਲ ਖਿੱਚਣ ਵਾਸਤੇ। ਮਨ-ਭੜਕਾਊ ਡਰੈੱਸ ਪਹਿਨ ਕੇ ਤੇ ਅੰਗ-ਪ੍ਰਦਰਸ਼ਨ ਕਰਕੇ ਹੀ ਅਸੀਂ ਕਿਸੇ ਨੂੰ ਆਪਣੇ ਵੱਲ ਨਹੀਂ ਖਿੱਚ ਸਕਦੇ, ਸਗੋਂ ਸਾਦਗੀ ਵਿਚ ਰਹਿ ਕੇ ਜ਼ਿਆਦਾ ਮਨ ਭਾਉਂਦੇ ਲੱਗਾਂਗੇ। ਔਰਤ ਸਮਾਜ ਵਿਚ ਬਹੁਤ ਸਾਰੀਆਂ ਬੁਰਾਈਆਂ ਦਾ ਖਾਤਮਾ ਤਾਂ ਹੀ ਕਰ ਸਕਦੀ ਹੈ ਜੇਕਰ ਉਹ ਪਹਿਰਾਵੇ ਤੇ ਫੈਸ਼ਨ ਦੀ ਕਿਸੇ ਹੱਦ ਤੱਕ ਰਹੇ।

**ਸਰਬਜੀਤ ਕੌਰ**

# ਕਾਮੇਡੀ ਫ਼ਿਲਮਾਂ ਦੇਖਣ ਨਾਲ ਨਹੀਂ ਹੁੰਦੀ ਬਲਡ ਪ੍ਰੈਸ਼ਰ ਦੀ ਸ਼ਿਕਾਇਤ



ਜੇਕਰ ਤੁਸੀ ਘਟ ਬੀ.ਪੀ ਅਤੇ ਹਾਈ ਬੀ.ਪੀ ਦੀ ਸੱਮਸਿਆਂ ਤੋਂ ਗੁਜ਼ਰ ਰਹੇ ਹੋ ਤਾਂ ਕਾਮੇਡੀ ਫ਼ਿਲਮਾਂ ਜ਼ਰੂਰ ਦੇਖੋ। ਇਹ ਫ਼ਿਲਮਾਂ ਸਿਰਫ ਹਸਾਉਂਦੀਆਂ ਹੀ ਨਹੀ ਬਲਕਿ ਸਿਹਤ ਲਈ ਵੀ ਲਾਭਦਾਇਕ ਹੁੰਦੀਆਂ ਹਨ। ਕਾਮੇਡੀ ਦੇ ਪ੍ਰੋਗਰਾਮ ਦੇਖ ਕੇ ਹੱਸਣ ਨਾਲ ਸਾਡੀ ਨਾੜਾ 'ਚ ਖ਼ੂਨ ਦਾ ਸੰਚਾਰ ਹੁੰਦਾ ਹੈ। ਉਸ ਨਾਲ ਸਕਾਰਾਤਮਕ ਅਸਰ ਪੈਂਦਾ ਹੈ। ਇਕ ਖੋਜ 'ਚ ਲੋਕਾਂ ਨੂੰ ਲੋਟ-ਪੋਟ ਕਰ ਦੇਣ ਵਾਲਿਆਂ ਫ਼ਿਲਮਾਂ ਦਿਖਾਇਆਂ ਗਈਆਂ ਤੇ ਦੂਜੇ ਦਿਨ ਤਣਾਅ ਪੈਦਾ ਕਰਨ ਵਾਲਿਆ ਫ਼ਿਲਮਾਂ ਦਿਖਾਇਆ ਗਈਆਂ। ਜਿਸ ਨਾਲ ਪਤਾ ਲਗਾ ਹੈ ਕਿ ਖ਼ੂਨ ਦਾ ਸੰਚਾਰ ਘੱਟ ਹੋ ਗਿਆ ਹੈ। ਜਦਕਿ ਕਾਮੇਡੀ ਫ਼ਿਲਮਾਂ ਨੂੰ ਦੇਖ ਕੇ ਸਕਾਰਾਤਮਕ ਅਸਰ ਪਿਆ।

## ਆਮ ਆਦਮੀ ਪਾਰਟੀ ਪੰਜਾਬ ਵਿਚ ਖਾਨਾਜੰਗੀ

ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਖਹਿਰਾ ਦੀ ਦੋ ਅਗਸਤ ਨੂੰ ਬਠਿੰਡਾ ਵਿਚ ਹੋਣ ਵਾਲੀ ਕਨਵੈਨਸ਼ਨ ਨੂੰ ਐਂਟੀ 'ਆਪ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਜੋ ਵੀ ਇਸ ਕਨਵੈਨਸ਼ਨ ਵਿੱਚ ਜਾਏਗਾ ਉਸ ਨੂੰ ਪਾਰਟੀ ਵਿਰੋਧੀ ਸਮਝਿਆ ਜਾਵੇਗਾ।

ਆਮ ਆਦਮੀ ਪਾਰਟੀ ਵਿਚ ਸੁਖਪਾਲ ਖਹਿਰਾ ਨੂੰ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਲੀਡਰ ਦੇ ਅਹੁਦੇ ਤੋਂ ਹਟਾਉਣ ਮਗਰੋਂ ਇਹ ਘਮਾਸਾਨ ਮੱਚਿਆ ਹੈ। ਹਾਈਕਮਾਨ ਦਾ ਇਹ ਫੈਸਲਾ ਸੁਣ ਕੇ ਸੁਖਪਾਲ ਖਹਿਰਾ ਦੇ ਹਮਾਇਤੀ ਹੈਰਾਨ ਹਨ। ਪਾਰਟੀ ਵਰਕਰਾਂ ਨੂੰ ਗੁੱਸਾ ਹੈ ਕਿ ਇਕ ਵਾਰ ਫਿਰ ਦਿੱਲੀ ਦੇ ਲੀਡਰਾਂ ਨੇ ਪੰਜਾਬ ਉੱਪਰ ਆਪਣਾ ਹੁਕਮ ਥੋਪਿਆ ਹੈ।

ਸੂਤਰਾਂ ਅਨੁਸਾਰ ਪਿਛਲੇ ਦਿਨਾਂ ਤੋਂ ਹਾਈ ਕਮਾਂਡ ਪਾਰਟੀ ਦੇ ਕੁੱਲ੍ਹ 20 ਵਿਧਾਇਕਾਂ ਵਿੱਚੋਂ ਕਈਆਂ ਨਾਲ ਇਸ ਸਬੰਧ ਵਿੱਚ ਸੰਪਰਕ ਕਰ ਰਹੀ ਸੀ ਅਤੇ ਜਦੋਂ ਬਹੁਗਿਣਤੀ ਵਿਧਾਇਕਾਂ ਨੇ ਸ੍ਰੀ ਖਹਿਰਾ ਨੂੰ ਹਟਾਉਣ ਦੀ ਲਿਖਤੀ ਸਹਿਮਤੀ ਦੇ ਦਿੱਤੀ ਤਾਂ ਹਾਈ ਕਮਾਂਡ ਨੇ ਉਨ੍ਹਾਂ ਨੂੰ ਹਟਾਉਣ ਲਈ ਤੁਰੰਤ ਕਾਰਵਾਈ ਕਰ ਦਿਤੀ। ਸੂਤਰਾਂ ਅਨੁਸਾਰ ਵਿਰੋਧੀ ਧਿਰ ਦੇ ਸਾਬਕਾ ਆਗੂ ਤੇ ਵਕੀਲ ਐਚਐਸ ਫੂਲਕਾ ਕੋਲੋਂ ਵੀ ਹਾਈ ਕਮਾਂਡ ਨੇ ਪੰਜਾਬ ਵਿਚ ਦਲਿਤ ਲੀਡਰਸ਼ਿਪ ਨੂੰ ਉਭਾਰਨ ਸਬੰਧੀ ਸੁਝਾਅ ਲਏ ਸਨ ਅਤੇ ਸ੍ਰੀ ਫੂਲਕਾ ਨੇ ਦਲਿਤ ਲੀਡਰਾਂ ਨੂੰ ਪਾਰਟੀ ਵਿਚ ਵੱਡੇ ਅਹੁਦੇ ਦੇਣ ਦੀ ਪ੍ਰੋੜ੍ਹਤਾ ਕੀਤੀ ਸੀ। ਇਸੇ ਦੌਰਾਨ ਪਾਰਟੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਅਤੇ ਕੇਂਦਰੀ ਲੀਡਰਸ਼ਿਪ ਨੇ ਵਿਧਾਇਕ ਦਲ ਦਾ ਨੇਤਾ ਬਦਲਣ ਦਾ ਫੈਸਲਾ ਦਲਿਤ ਚਿਹਰੇ ਨੂੰ ਵਿਧਾਨ ਸਭਾ ਵਿੱਚ ਅਗਵਾਈ ਕਰਨ ਦਾ ਮੌਕਾ ਦੇਣ ਲਈ ਲਿਆ ਗਿਆ ਹੈ।

ਸੂਤਰਾਂ ਅਨੁਸਾਰ ਵਿਧਾਇਕ ਕੰਵਰ ਸੰਧੂ ਅਤੇ ਨਾਜ਼ਰ ਸਿੰਘ ਮਨਸ਼ਾਹੀਆ ਨੂੰ ਛੱਡ ਕੇ 16 ਵਿਧਾਇਕਾਂ ਨੇ ਸ੍ਰੀ ਖਹਿਰਾ ਨੂੰ ਹਟਾਉਣ ਅਤੇ ਸ੍ਰੀ ਚੀਮਾ ਨੂੰ ਵਿਰੋਧੀ ਧਿਰ ਦਾ ਆਗੂ ਬਣਾਉਣ ਬਾਬਤ ਹਾਈ ਕਮਾਂਡ ਨੂੰ ਸਹਿਮਤੀ ਦਿਤੀ ਸੀ।

ਆਮ ਆਦਮੀ ਪਾਰਟੀ ਦਾ ਤਰਕ ਹੈ ਕਿ ਪੰਜਾਬ ਵਿੱਚ ਤਕਰੀਬਨ 40 ਫ਼ੀਸਦੀ ਦਲਿਤ ਹਨ ਤੇ ਦਲਿਤਾਂ ਨੂੰ ਨੁਮਾਇੰਦਗੀ ਦੇ ਕੇ ਉੱਪਰ ਚੁੱਕਣਾ ਚਾਹੁੰਦੀ ਹੈ। ਵਿਰੋਧੀ ਧਿਰ ਦੇ ਨੇਤਾ ਬਣਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਪਾਰਟੀ ਹਾਈਕਮਾਨ ਦਾ ਗੁਣਗਾਣ ਕਰਨ ਤੋਂ ਇਲਾਵਾ ਚੀਮਾ ਨੇ ਇਹ ਵੀ ਕਿਹਾ ਕਿ ਉਹ ਖਹਿਰਾ ਨਾਲ ਸਲਾਹ ਮਸ਼ਵਰੇ ਨਾਲ ਹੀ ਕੰਮ ਕਰਨਗੇ।ਆਪਣਾ ਵੱਡਾ ਦਾਅ ਖੇਡਣ ਤੋਂ ਬਾਅਦ ਮਨੀਸ਼ ਸਿਸੋਦੀਆ ਨੇ ਵੀ ਚੀਮਾ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਉਹ ਪੰਜਾਬ ਦੇ ਦੱਬੇ ਕੁਚਲੇ ਵਰਗ ਨੂੰ ਉੱਚਾ ਚੁੱਕਣਗੇ ਤੇ ਵੱਡੇ ਦਲਿਤ ਲੀਡਰ ਵਜੋਂ ਉੱਭਰਨਗੇ।

ਸੁਖਪਾਲ ਖਹਿਰਾ ਨੇ ਹਾਈਕਮਾਨ ਦੇ ਇਸ ਫੈਸਲੇ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਖਹਿਰਾ ਨੇ ਟਵੀਟ ਕਰਕੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਹੁਕਮਰਾਨਾਂ ਨੇ ਬਿਲਕੁਲ ਉਹੀ ਕੀਤਾ ਜੋ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਚਾਹੁੰਦੀਆਂ ਸਨ। ਖਹਿਰਾ ਨੇ ਇਹ ਵੀ ਕਿਹਾ ਕਿ ਉਨ੍ਹਾਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਲੀਡਰ ਦਾ ਅਹੁਦਾ ਪੰਜਾਬ ਤੇ ਪੰਜਾਬੀਅਤ ਪ੍ਰਤੀ ਪੂਰੀ ਗੰਭੀਰਤਾ, ਇਮਾਨਦਾਰੀ ਤੇ ਨਿਡਰ ਹੋ ਕੇ ਨਿਭਾਇਆ। ਜੇਕਰ ਸੱਚ ਬੋਲਣ ਤੇ ਮੁੱਦੇ ਚੁੱਕਣ ਦਾ ਨਤੀਜਾ ਇਹੋ ਹੈ ਤਾਂ ਮੈਂ ਪੰਜਾਬ, ਪੰਜਾਬੀਆਂ ਤੇ ਸਿੱਖਾਂ ਤੋਂ ਅਜਿਹੇ 100 ਅਹੁਦੇ ਵਾਰਨ ਲਈ ਤਿਆਰ ਹਾਂ। ਇਸ ਤੋਂ ਸੰਕੇਤ ਹੈ ਕਿ ਅਗਲੇ ਦਿਨਾਂ ਵਿਚ ਉਹ ਕੋਈ ਵੱਡਾ ਫੈਸਲਾ ਲੈਣਗੇ।

ਦਰਅਸਲ ਪਿਛਲੇ ਕਾਫੀ ਸਮੇਂ ਤੋਂ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵਿਚ ਰੱਸਾਕਸ਼ੀ ਚੱਲ਼ ਰਹੀ ਸੀ। ਪਾਰਟੀ ਦੇ ਸਹਿ ਪ੍ਰਧਾਨ ਬਲਬੀਰ ਸਿੰਘ ਤੇ ਸੁਖਪਾਲ ਖਹਿਰਾ ਵਿਚਾਲੇ ਕਾਫੀ ਖਿੱਚੋਤਾਣ ਸੀ। ਖਹਿਰਾ ਦੇ ਕਈ ਹਮਾਇਤੀਆਂ ਨੇ ਅਸਤੀਫੇ ਵੀ ਦਿਤੇ ਸੀ। ਹਾਈਕਮਾਨ ਨੇ ਮਾਮਲਾ ਸੁਲਝਾਉਣ ਦੀ ਥਾਂ ਸਖ਼ਤ ਰਵੱਈਆ ਅਖਤਿਆਰ ਕੀਤਾ ਹੋਇਆ ਹੈ। ਅਸਤੀਫੇ ਦੇਣ ਵਾਲਿਆਂ ਨਾਲ ਗੱਲਬਾਤ ਦੀ ਬਜਾਏ ਉਨ੍ਹਾਂ ਦੀ ਥਾਂ ਨਵੀਆਂ ਨਿਯੁਕਤੀਆਂ ਕਰ ਦਿੱਤੀਆਂ। ਹੁਣ ਖਹਿਰਾ ਨੂੰ ਹਟਾਉਣ ਨਾਲ ਪਾਰਟੀ ਪੂਰੀ ਤਰ੍ਹਾਂ ਵੰਡੀ ਗਈ ਹੈ।

ਪਿਛਲੇ ਲੰਮੇਂ ਸਮੇਂ ਤੋਂ ਸ੍ਰੀ ਖਹਿਰਾ ਵੱਲੋਂ ਵੱਖ-ਵੱਖ ਮੁੱਦਿਆਂ ਉਪਰ ਹਾਈ ਕਮਾਂਡ ਵੱਲ ਉਂਗਲਾਂ ਚੁੱਕਣ ਕਾਰਨ ਕੌਮੀ ਲੀਡਰਸ਼ਿਪ ਸਮੇਤ ਪੰਜਾਬ ਦੇ ਕਈ ਲੀਡਰ ਉਨ੍ਹਾਂ ਤੋਂ ਔਖੇ ਸਨ। ਜਦੋਂ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਮਾਣਹਾਨੀ ਦੇ ਕੇਸ ਵਿਚ ਮੁਆਫੀ ਮੰਗੀ ਸੀ ਤਾਂ ਉਸ ਵੇਲੇ ਸ੍ਰੀ ਖਹਿਰਾ ਨੇ ਪਾਰਟੀ ਮੁਖੀ ਵਿਰੁੱਧ ਬੜੀ ਸਖਤ ਸ਼ਬਦਾਵਲੀ ਵਰਤ ਕੇ ਇਕ ਤਰ੍ਹਾਂ ਨਾਲ ਬਗਾਵਤ ਹੀ ਕਰ ਦਿੱਤੀ ਸੀ। ਇਸੇ ਤਰਾਂ ਸ੍ਰੀ ਖਹਿਰਾ ਨੇ ਸ਼ਾਹਕੋਟ ਉਪ ਚੋਣ ਵਿੱਚ ਪਾਰਟੀ ਦੀ ਹੋਈ ਹਾਰ ਦੇ ਮਾਮਲੇ ਵਿਚ ਵੀ ਹਾਈ ਕਮਾਂਡ ਵੱਲ ਉਂਗਲ ਚੁੱਕੀ ਸੀ। ਇਸ ਤੋਂ ਬਾਅਦ ਸ੍ਰੀ ਖਹਿਰਾ ਰੈਫਰੈਂਡਮ-2020 ਦੇ ਮੁੱਦੇ 'ਤੇ ਵਿਵਾਦਾਂ ਵਿਚ ਘਿਰੇ ਰਹੇ ਸਨ। ਇਸ ਦੌਰ ਦੌਰਾਨ ਸ੍ਰੀ ਕੇਜੀਵਾਲ ਨੇ ਸ੍ਰੀ ਖਹਿਰਾ ਨਾਲ ਕੋਈ ਮੁਲਾਕਾਤ ਨਾ ਕਰਕੇ ਆਪਣੇ ਗੁੱਸੇ ਦਾ ਇਜ਼ਹਾਰ ਕਰ ਦਿੱਤਾ ਸੀ। ਪਿਛਲੇ ਦਿਨੀਂ 16 ਆਗੂਆਂ ਵੱਲੋਂ ਪਾਰਟੀ ਤੋਂ ਅਸਤੀਫਾ ਦੇਣ ਅਤੇ ਇਸੇ ਦੌਰਾਨ ਸ੍ਰੀ ਖਹਿਰਾ ਦਾ ਪੰਜਾਬ ਦੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਨਾਲ ਟਕਰਾਅ ਪੈਦਾ ਹੋਣ ਕਾਰਨ ਕੁੜੱਤਣ ਹੋਰ ਵਧ ਗਈ । ਸ੍ਰੀ ਖਹਿਰਾ ਨੇ ਸੋਸ਼ਲ ਮੀਡੀਆ ਉਪਰ ਲਾਈਵ ਹੋ ਕੇ ਪਾਰਟੀ ਨੂੰ ਕਾਫੀ ਖਰੀਆਂ-ਖਰੀਆ ਸੁਣਾਈਆਂ ਸਨ।

ਦੂਜੇ ਪਾਸੇ ਪਾਰਟੀ ਦੇ ਇਕ ਹੋਰ ਸਿਰਕੱਢ ਲੀਡਰ ਭਗਵੰਤ ਮਾਨ ਵੀ ਨਰਾਜ਼ ਚੱਲ ਰਹੇ ਹਨ। ਉਹ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹਨ ਜੋ ਅਜੇ ਮਨਜ਼ੂਰ ਨਹੀਂ ਕੀਤਾ। ਚਰਚਾ ਹੈ ਕਿ ਉਨ੍ਹਾਂ ਦੀ ਥਾਂ ਵੀ ਨਵਾਂ ਪ੍ਰਧਾਨ ਲਾਉਣ ਦੀ ਤਿਆਰੀ ਹੈ। ਅਜਿਹੇ ਵਿਚ ਪਾਰਟੀ ਦੇ ਵੱਡੇ ਚਿਹਰੇ ਲੋਪ ਹੋ ਜਾਣਗੇ। ਇਸ ਤੋਂ ਪਹਿਲਾਂ ਸੁੱਚਾ ਸਿੰਘ ਛੋਟੇਪੁਰ ਤੇ ਗੁਰਪ੍ਰੀਤ ਘੁੱਗੀ ਨੂੰ ਪ੍ਰਧਾਨਗੀ ਤੋਂ ਲਾਹੁਣ ਵੇਲੇ ਪਾਰਟੀ ਨੂੰ ਵੱਡਾ ਨੁਕਸਾਨ ਹੋਇਆ ਸੀ। ਪਾਰਟੀ ਦੇ ਵੱਡੇ ਲੀਡਰ ਡਾ. ਧਰਮਵੀਰ ਗਾਂਧੀ ਨੇ ਵੀ ਪਾਰਟੀ ਨਾਲੋਂ ਤੋੜ-ਵਿਛੋੜ ਕੀਤਾ ਹੋਇਆ ਹੈ।

ਸੁਖਪਾਲ ਖਹਿਰਾ ਸਾਰਿਆਂ ਨੂੰ ਕਨਵੈਨਸ਼ਨ ਵਿਚ ਸ਼ਾਮਲ ਹੋਣ ਦਾ ਸੱਦਾ ਦੇ ਰਹੇ ਹਨ । ਆਮ ਆਦਮੀ ਪਾਰਟੀ (ਆਪ) ਦੀ ਹਾਈਕਮਾਂਡ ਅਤੇ ਪੰਜਾਬ ਇਕਾਈ ਵੱਲੋਂ ਖਹਿਰਾ ਧੜੇ ਦੀ 2 ਅਗਸਤ ਨੂੰ ਬਠਿੰਡਾ ਵਿੱਚ ਬੁਲਾਈ ਕਨਵੈਨਸ਼ਨ ਪਾਰਟੀ ਵਿਰੋਧੀ ਐਲਾਨਣ ਦੇ ਬਾਵਜੂਦ ਇਹ ਧੜਾ ਕਨਵੈਨਸ਼ਨ ਕਰਨ ਲਈ ਬਜ਼ਿੱਦ ਹੈ।ਖਹਿਰਾ ਧੜੇ ਵੱਲੋਂ 2 ਅਗਸਤ ਨੂੰ ਵੱਡਾ ਸ਼ਕਤੀ ਪ੍ਰਦਰਸ਼ਨ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ ਜਦਕਿ ਪਾਰਟੀ ਦੀ ਲੀਡਰਸ਼ਿਪ ਸਮੁੱਚੀ ਸਥਿਤੀ ਦਾ ਬੜੀ ਗੰਭੀਰਤਾ ਨਾਲ ਜਾਇਜ਼ਾ ਲੈ ਰਹੀ ਹੈ। ਖਹਿਰਾ ਧੜਾ ਇਸ ਕਨਵੈਨਸ਼ਨ 'ਚ ਪਾਰਟੀ ਦੇ ਵੱਧ ਤੋਂ ਵੱਧ ਵਿਧਾਇਕ ਤੇ ਲੀਡਰ ਸ਼ਾਮਲ ਕਰਨ ਲਈ ਪੱਬਾਂ ਭਾਰ ਹੋਇਆ ਪਿਆ ਹੈ ਜਦਕਿ ਦੂਜੇ ਪਾਸੇ ਪਾਰਟੀ ਦੀ ਲੀਡਰਸ਼ਿਪ ਵੱਲੋਂ ਇਸ ਕਨਵੈਨਸ਼ਨ ਨੂੰ ਪਾਰਟੀ ਵਿਰੋਧੀ ਗਰਦਾਨ ਕੇ ਪਾਰਟੀ ਆਗੂਆਂ ਨੂੰ ਇਸ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਦੋਵੇਂ ਧਿਰਾਂ ਦੇ ਆਗੂ ਇਸ ਸਬੰਧੀ ਜ਼ਿਲ੍ਹਾ ਅਤੇ ਤਹਿਸੀਲ ਪੱਧਰ ਤੱਕ ਵੀ ਸਰਗਰਮ ਹਨ। ਦੂਸਰੇ ਪਾਸੇ ਪਾਰਟੀ ਦੀ ਪੰਜਾਬ ਇਕਾਈ ਵੱਲੋਂ 13 ਅਗਸਤ ਨੂੰ ਸੂਬਾ ਪੱਧਰੀ ਲੀਡਰਸ਼ਿਪ ਕਨਵੈਨਸ਼ਨ ਕੀਤੀ ਜਾ ਰਹੀ ਹੈ, ਜਿਸ ਨੂੰ ਸੰਬੋਧਨ ਕਰਨ ਲਈ ਸ੍ਰੀ ਸਿਸੋਦੀਆ ਆ ਰਹੇ ਹਨ ਪਰ ਖਹਿਰਾ ਧੜੇ ਨੇ ਇਸ ਤੋਂ ਪਹਿਲਾਂ ਹੀ ਕਨਵੈਨਸ਼ਨ ਸੱਦ ਲਈ ਹੈ।

ਉਧਰ ਆਮ ਆਦਮੀ ਪਾਰਟੀ ਦੇ 'ਬਾਗੀ' ਸੰਸਦ ਮੈਂਬਰ ਧਰਮਵੀਰ ਗਾਂਧੀ ਦੀ ਦੂਜੇ 'ਬਾਗੀ' ਸੁਖਪਾਲ ਖਹਿਰਾ ਨਾਲ ਦਾਲ ਨਹੀਂ ਗਲੇਗੀ। ਗਾਂਧੀ ਨੇ ਸਪਸ਼ਟ ਕੀਤਾ ਹੈ ਕਿ ਖਹਿਰਾ ਨਾਲ ਵਿਚਾਰਧਾਰਾ ਨਹੀਂ ਰਲਦੀ। ਇਸ ਕਰਕੇ ਇਕੱਠੇ ਮੰਚ ਦੀ ਸੰਭਾਵਨਾ ਨਹੀਂ। ਚਰਚਾ ਸੀ ਕਿ ਆਮ ਆਦਮੀ ਪਾਰਟੀ ਦੇ ਸਾਰੇ ਬਾਗੀ ਇੱਕਜੁਟ ਹੋ ਕੇ ਨਵਾਂ ਫਰੰਟ ਖੜ੍ਹਾ ਕਰ ਸਕਦੇ ਹਨ। ਉਂਝ ਗਾਂਧੀ ਨੇ ਸੁਖਪਾਲ ਖਹਿਰਾ ਨੂੰ ਵਿਰੋਧੀ ਧਿਰ ਦੇ ਲੀਡਰ ਦੇ ਅਹੁਦੇ ਤੋਂ ਹਟਾਉਣ ਨੂੰ ਕੇਜਰੀਵਾਲ ਦਾ ਤਾਨਾਸ਼ਾਹੀ ਫੈਸਲਾ ਕਰਾਰ ਦਿੱਤਾ।

ਹਾਲਾਂਕਿ ਗਾਂਧੀ ਆਮ ਆਦਮੀ ਪਾਰਟੀ ਦੀ ਦਿੱਲੀ ਦੀ ਲੀਡਰਸ਼ਿਪ ਖਿਲਾਫ ਹਨ ਪਰ ਉਨ੍ਹਾਂ ਨੇ ਸੁਖਪਾਲ ਖਹਿਰਾ ਨਾਲ ਹੱਥ ਮਿਲਾਉਣ ਤੋਂ ਵੀ ਇਨਕਾਰ ਕੀਤਾ। ਗਾਂਧੀ ਨੇ ਕਿਹਾ ਕਿ ਉਹ ਬਠਿੰਡੇ ਹੋਣ ਵਾਲੀ ਕਾਨਫਰੰਸ ਦਾ ਹਿੱਸਾ ਨਹੀਂ ਬਣਨਗੇ। ਗਾਂਧੀ ਨੇ ਕਿਹਾ ਕਿ ਸੁਖਪਾਲ ਖਹਿਰਾ ਤੇ ਉਨ੍ਹਾਂ ਦੀ ਵਿਚਾਰਧਾਰਾ ਵਿੱਚ ਫ਼ਰਕ ਹੈ। ਇਸ ਲਈ ਇਕੱਠੇ ਚੱਲਣਾ ਔਖਾ ਹੈ।

ਇਸ ਮੌਕੇ ਗਾਂਧੀ ਨੇ ਪੰਜਾਬ ਮੰਚ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਮੰਚ ਦਾ ਆਪਣਾ ਏਜੰਡਾ ਹੈ ਤੇ ਉਸੇ 'ਤੇ ਕਾਇਮ ਰਹੇਗਾ। ਗਾਂਧੀ ਨੇ ਕਿਹਾ ਕਿ ਲੋਕ ਸਭਾ ਦੀ ਚੋਣ ਲੜਨਾ ਅਜੇ ਤੈਅ ਨਹੀਂ ਹੈ।

## ਆਸਟਰੇਲੀਆ 'ਚ ਪਹਿਲੀ ਸਿੱਖ ਔਰਤ ਨੂੰ ਮਿਲਿਆ 'ਜਸਟਿਸ ਆਫ਼ ਪੀਸ'

ਦੀ ਵਿਦਿਅਕ ਯੋਗਤਾ ਐਮਐੱਸਸੀ (ਆਈਟੀ) ਹੈ ਤੇ ਸੰਨ 2007-08 ਵਿਚ ਉਹ ਵਿਆਹ ਕਰਵਾਉਣ ਮਗਰੋਂ ਆਸਟਰੇਲੀਆ ਦੇ ਸ਼ਹਿਰ ਐਡੀਲੇਡ ਜਾ ਵਸੀ ਸੀ। ਦੋ ਬੱਚਿਆਂ ਦੀ ਮਾਂ ਅਮਨਪ੍ਰੀਤ ਸੰਨ 2015 ਵਿਚ ਮਿਸੇਜ ਐਡੀਲੇਡ ਵੀ ਬਣ ਚੁੱਕੀ ਹੈ। 'ਜਸਟਿਸ ਆਫ਼ ਪੀਸ' ਦਾ ਖ਼ਿਤਾਬ ਮਿਲਣ ਮਗਰੋਂ ਉਹ ਹੁਣ ਲਗਭਗ 36 ਵਿਭਾਗਾਂ ਦੀ ਸੇਵਾ ਕਰ ਸਕੇਗੀ। ਅਮਰਜੀਤ ਸਿੰਘ ਸਤਿਆਲ ਨੇ ਦੱਸਿਆ ਕਿ ਉਨ੍ਹਾਂ ਦੀ ਪੁੱਤਰੀ ਸਿਆਸਤ ਵਿਚ ਜਾਣ ਦੀ ਚਾਹਵਾਨ ਹੈ।

## ਨਕੋਦਰ ਕਾਂਡ ਦੀ ਠੰਡੇ ਬਸਤੇ ਪਾਈ ਨਿਆਂਇਕ ਜਾਂਚ ਮੁੜ ਖੋਲ੍ਹਣ ਲਈ ਮੁੱਖ ਮੰਤਰੀ ਨੂੰ ਪੱਤਰ

ਹੋਣ ਵਾਲੇ ਰਵਿੰਦਰ ਸਿੰਘ ਦੇ ਮਾਤਾ-ਪਿਤਾ ਹਨ। ਇਸ ਕਾਂਡ ਵਿਚ ਸ਼ਹੀਦ ਹੋਏ ਬਾਕੀ ਸਿੰਘਾਂ ਦੇ ਮਾਪੇ ਵੀ ਸਵਰਗ ਸਿਧਾਰ ਗਏ ਹਨ। ਇਹ ਦਿਲ-ਕੰਬਾਊ ਵਾਕਿਆ 4 ਫਰਵਰੀ 1986 ਨੂੰ ਨਕੋਦਰ ਵਿਚ ਵਾਪਰਿਆ ਸੀ। ਪੁਲਿਸ ਨੇ ਗੋਲੀ ਚਲਾ ਕੇ ਚਾਰ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਮਾਰ ਮੁਕਾਇਆ ਸੀ। ਇਹ ਘਟਨਾ ਪੰਜਾਬ ਵਿਚ ਮਰਹੂਮ ਸੁਰਜੀਤ ਸਿੰਘ ਬਰਨਾਲਾ ਸਰਕਾਰ ਵੇਲੇ ਵਾਪਰੀ ਸੀ। ਕਥਿਤ ਤੌਰ 'ਤੇ ਸ਼ਿਵ ਸੈਨਾ ਦੇ ਫਿਰਕੂ ਅਨਸਰਾਂ ਨੇ ਸਥਾਨਕ ਗੁਰਦੁਆਰਾ ਸਾਹਿਬ ਉਤੇ ਹਮਲਾ ਕਰਕੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਅੱਗ ਲਗਾ ਦਿੱਤੀ ਸੀ। ਬਾਅਦ ਵਿਚ ਜਦੋਂ ਸਿੱਖਾਂ ਨੇ ਰੋਸ ਪ੍ਰਗਟ ਕੀਤਾ ਤਾਂ ਪੁਲਿਸ ਨੇ ਉਨਾਂ ਦੇ ਗੋਲੀਆਂ ਮਾਰੀਆਂ ਅਤੇ ਸਖਤ ਲਾਠੀਚਾਰਜ ਵੀ ਕੀਤਾ। ਇਸ ਗੋਲੀ ਕਾਂਡ ਵਿਚ ਸ਼ਹੀਦ ਹੋਣ ਵਾਲੇ ਸਿੱਖ ਨੌਜਵਾਨਾਂ ਵਿਚ ਰਵਿੰਦਰ ਸਿੰਘ ਸਪੁੱਤਰ ਬਲਦੇਵ ਸਿੰਘ ਤੇ ਬਲਦੀਪ ਸਿੰਘ ਪਿੰਡ ਲਿੱਤਰਾਂ, ਬਲਵੀਰ ਸਿੰਘ ਮੁਲਤਾਨੀ ਸਪੁੱਤਰ ਕਰਤਾਰ ਸਿੰਘ ਪਿੰਡ ਰਾਮਗੜ ਅਤੇ ਹਰਵਿੰਦਰ ਸਿੰਘ ਕਨਵੀਨਰ ਸਿੱਖ ਸਟੂਡੈਂਟਸ ਫੈਡਰੇਸ਼ਨ ਬਰਾਂਚ ਜਲੰਧਰ ਸ਼ਾਮਲ ਸਨ। ਉਸ ਵੇਲੇ ਦੇ ਵਿੱਤ ਮੰਤਰੀ ਬਲਵੰਤ ਸਿੰਘ ਨੇ ਇਸ ਗੋਲੀ ਕਾਂਡ ਦੀ ਜੁਡੀਸ਼ੀਅਲ ਜਾਂਚ ਕਰਵਾਉਣ ਦਾ ਐਲਾਨ ਕੀਤਾ ਸੀ। ਇਸ ਕਾਂਡ ਵਿਚ ਫੌਰੀ ਤੌਰ 'ਤੇ ਐਸਐਸਪੀ ਜਲੰਧਰ ਇਜ਼ਹਾਰ ਆਲਮ ਨੂੰ ਤਬਦੀਲ ਕੀਤਾ ਗਿਆ ਸੀ ਤੇ ਐਸਪੀ (ਡਿਟੈਕਟਿਵ) ਸੁਰਜੀਤ ਸਿੰਘ, ਡੀਐਸਪੀ ਨਕੋਦਰ ਗੁਪਾਲ ਸਿੰਘ ਘੁੰਮਣ ਅਤੇ ਇੰਸਪੈਕਟਰ ਹਰਿੰਦਰਪਾਲ ਸਿੰਘ ਮੁਅੱਤਲ ਕੀਤੇ ਗਏ ਸਨ।

ਬਾਅਦ ਵਿਚ ਇਸ ਘਟਨਾ ਦੀ ਨਿਰਪੱਖ ਜਾਂਚ ਪੜਤਾਲ ਬਾਰੇ ਪੁਲਿਸ ਨੇ ਲੀਪਾਪੋਚੀ ਦੀ ਕਾਰਵਾਈ ਜਾਰੀ ਰੱਖੀ। ਪੰਜਾਬ ਦੇ ਹਾਲਾਤ ਖਰਾਬ ਹੁੰਦੇ ਗਏ ਤੇ ਰਾਸ਼ਟਰਪਤੀ ਰਾਜ ਦੌਰਾਨ ਕਿਸੇ ਦੀ ਕੋਈ ਸੁਣਵਾਈ ਨਾ ਰਹੀ। ਹੁਣ ਸੂਚਨਾ ਅਧਿਕਾਰ ਐਕਟ ਤਹਿਤ ਮੰਗੀ ਗਈ ਜਾਣਕਾਰੀ ਵਿਚ ਇਸ ਕਾਂਡ ਦਾ ਸੱਚ ਮੁੜ ਉਜਾਗਰ ਹੋਇਆ ਹੈ।

## ਬੇਅਦਬੀ ਕੇਸਾਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਚ ਅਹਿਮ ਖੁਲਾਸੇ

ਜਾਣ ਦਾ ਵਿਸਥਾਰ ਵਿੱਚ ਜ਼ਿਕਰ ਹੈ। ਰਿਪੋਰਟ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਡੇਰੇ ਦੇ ਪ੍ਰਬੰਧਕਾਂ ਦੀ ਭੂਮਿਕਾ ਦੀ ਵੀ ਵਿਸਥਾਰ ਵਿੱਚ ਚਰਚਾ ਹੈ। ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਬੇਅਬਦੀ ਦੇ ਮਾਮਲਿਆਂ ਵਿੱਚ ਡੇਰੇ ਦੇ ਪ੍ਰਬੰਧਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਦੋਵਾਂ ਮਾਮਲਿਆਂ ਨੂੰ ਲੈ ਕੇ ਜੁਆਬ ਦੇਣੇ ਮੁਸ਼ਕਿਲ ਹੋ ਜਾਣਗੇ।ਜ਼ਿਕਰਯੋਗ ਹੈ ਕਿ ਬਰਗਾੜੀ, ਬਹਿਬਲ ਕਲਾਂ, ਕੋਟਕਪੂਰਾ ਆਦਿ ਥਾਵਾਂ ਉੱਤੇ ਬੇਅਦਬੀ ਮਾਮਲਿਆਂ ਅਤੇ ਗੋਲੀਕਾਂਡ ਨੇ ਸਾਲ 2015 ਦੇ ਅਖ਼ੀਰ ਵਿੱਚ ਅਕਾਲੀ ਭਾਜਪਾ ਸਰਕਾਰ ਵਿਰੁੱਧ ਵਿਆਪਕ ਰੋਸ ਪੈਦਾ ਕਰ ਦਿੱਤਾ ਸੀ।

ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਕਾਇਮ ਕੀਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਮੈਡੀਕਲ ਗਵਾਹੀ ਦੇ ਹਵਾਲੇ ਨਾਲ ਇਹ ਇੰਕਸ਼ਾਫ ਵੀ ਕੀਤਾ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਪੀੜਤਾਂ ਦੀ ਮੌਤ ਪੁਲੀਸ ਵੱਲੋਂ ਨੇੜਿਓਂ ਗੋਲੀਆਂ ਮਾਰਨ ਕਾਰਨ ਹੋਈ ਸੀ। ਜਸਟਿਸ ਰਣਜੀਤ ਸਿੰਘ ਨੇ ਇੱਕ ਡਾਕਟਰ ਦੀ ਰਾਏ ਨੂੰ ਵੀ ਰਿਕਾਰਡ ਵਿੱਚ ਸ਼ਾਮਲ ਕੀਤਾ ਹੈ, ਜਿਸ ਅਨੁਸਾਰ ਜਦੋਂ ਅੰਦੋਲਨਕਾਰੀਆਂ ਉੱਤੇ ਗੋਲੀਆਂ ਦਾਗੀਆਂ ਗਈਆਂ ਤਾਂ ਉਹ ਬੈਠੇ ਅਤੇ ਹਮਲਾਵਰ ਖੜ੍ਹੇ ਸਨ। ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਜਾਣ ਵਾਲੀ ਇਸ ਰਿਪੋਰਟ ਅਨੁਸਾਰ ਇਸ ਤੱਥ ਬਾਰੇ ਕੋਈ ਵਿਵਾਦ ਨਹੀਂ ਹੈ ਕਿ ਪੁਲੀਸ ਨੇ ਅੰਦੋਲਨਕਾਰੀਆਂ ਉੱਤੇ ਗੋਲੀਆਂ ਵਰ੍ਹਾਈਆਂ, ਜਿਸ ਨਾਲ ਦੋ ਅੰਦੋਲਨਕਾਰੀਆਂ ਦੀ ਮੌਤ ਹੋ ਗਈ ਅਤੇ ਚਾਰ ਜ਼ਖ਼ਮੀ ਹੋਏ ਸਨ। ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਡਾਕਟਰ ਰਾਜੀਵ ਜੋਸ਼ੀ ਜਿਸ ਨੇ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦਾ ਪੋਸਟ ਮਾਰਟਮ ਕੀਤਾ ਸੀ, ਅਨੁਸਾਰ ਗੋਲੀਆਂ ਲੱਗਣ ਅਤੇ ਨਿਕਲਣ ਵਾਲੇ ਨਿਸ਼ਾਨਾਂ ਅਨੁਸਾਰ ਜਾਪਦਾ ਹੈ ਕਿ ਗੋਲੀਆਂ ਉਪਰ ਤੋਂ ਥੱਲੇ ਵੱਲ੍ਹ ਗਈਆਂ ਹਨ। ਜਸਟਿਸ ਰਣਜੀਤ ਸਿੰਘ ਨੇ ਪੋਸਟ ਮਾਰਟਮ ਰਿਪੋਰਟ ਨੂੰ ਆਧਾਰ ਬਣਾ ਕੇ ਇਸ ਸਿੱਟੇ ਉੱਤੇ ਪੁੱਜਣ ਦੀ ਕੋਸ਼ਿਸ਼ ਕੀਤੀ ਹੈ ਕਿ ਕ੍ਰਿਸ਼ਨ ਭਗਵਾਨ ਸਿੰਘ ਨੂੰ ਗੋਲੀਆਂ ਉੱਚੀ ਪਾਸਿਓਂ ਅਤੇ ਬਹੁਤ ਹੀ ਨੇੜਿਓਂ ਮਾਰੀਆਂ ਗਈਆਂ ਹਨ।

ਦੂਜਿਆਂ ਦੀਆਂ ਹਦਾਇਤਾਂ 'ਤੇ ਗੋਲੀ ਚਲਾਉਣ ਦੇ ਦੋਸ਼ ਹੇਠ ਪੁਲੀਸ ਅਧਿਕਾਰੀਆਂ ਵਿਰੁੱਧ ਫੌਜਦਾਰੀ ਕੇਸ ਦਰਜ ਕਰਨ ਦੀ ਸਿਫਾਰਸ਼ ਕਰਦਿਆਂ ਕਮਿਸ਼ਨ ਨੇ ਕਿਹਾ ਹੈ ਕਿ ਜਾਪਦਾ ਹੈ ਕਿ ਪੁਲੀਸ ਮੁਲਾਜ਼ਮਾਂ ਗੋਲੀਆਂ ਬਿਨਾਂ ਚਿਤਾਵਨੀ ਤੇ ਬਿਨਾਂ ਪ੍ਰਵਾਨਗੀ ਤੋਂ ਚਲਾਈਆਂ ਹਨ। ਕਮਿਸ਼ਨ ਨੇ ਪੁਲੀਸ ਅਧਿਕਾਰੀਆਂ ਵੱਲੋਂ ਬੇਅਦਬੀ ਮਾਮਲਿਆਂ ਤੇ ਉਨ੍ਹਾਂ ਕਾਰਨਾਂ ਜਿਨ੍ਹਾਂ ਕਾਰਨ ਉਨ੍ਹਾਂ ਨੇ ਗੋਲੀ ਚਲਾਉਣ ਵਿੱਚ ਰੁਚੀ ਦਿਖਾਈ,ਬਾਰੇ ਸਹੀ ਤੇ ਨਿਰਪੱਖ ਜਾਂਚ ਨਾ ਕਰ ਸਕਣ ਦੇ ਦੋਸ਼ ਵਿੱਚ ਵੀ ਕਾਰਵਾਈ ਸ਼ੁਰੂ ਕਰਨ ਦੀ ਸਿਫਾਰਸ਼ ਕੀਤੀ ਹੈ। ਜਸਟਿਸ ਰਣਜੀਤ ਸਿੰਘ ਨੇ ਹੈਰਾਨੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਸਿਵਾਏ 21 ਅਕਤੂਬਰ 2015 ਨੂੰ ਕਤਲ ਅਤੇ ਕਤਲ ਕਰਨ ਦੀ ਕੋਸ਼ਿਸ਼ ਸਬੰਧੀ ਐਫਆਈਆਰਜ਼ ਦਰਜ ਕਰਨ ਤੋਂ ਸਿਵਾਏ ਅੱਜ ਤੱਕ ਕਿਸੇ ਵੀ ਪੁਲੀਸ ਅਧਿਕਾਰੀ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਮਾਮਲੇ ਵਿੱਚ ਏਡੀਜੀਪੀ ਆਈ ਐੱਸ ਸਹੋਤਾ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਟੀਮ ਨੂੰ ਸ਼ਾਇਦ ਜਾਂਚ ਸੌਂਪੀ ਗਈ ਪਰ ਕੋਈ ਪ੍ਰਗਤੀ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਮਾਮਲੇ ਨੂੰ ਢੰਗ ਨਾਲ ਦਫਨਾਉਣ ਅਤੇ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਨੂੰ ਬਚਾਉਣ ਦਾ ਹੀ ਇਹ ਯਤਨ ਸੀ। ਤਤਕਾਲੀ ਸਰਕਾਰ ਅਤੇ ਗ੍ਰਹਿ ਮੰਤਰਾਲੇ ਨੇ ਵੀ ਇੱਕ ਐੱਸਐੱਸਪੀ ਨੂੰ ਮੁਅੱਤਲ ਕਰਨ ਅਤੇ ਡੀਜੀਪੀ ਨੂੰ ਬਦਲਣ ਤੋਂ ਵੱਧ ਕੁੱਝ ਵੀ ਨਹੀਂ ਕੀਤਾ।

ਜਸਟਿਸ ਰਣਜੀਤ ਸਿੰਘ ਰਿਪੋਰਟ ਉੱਤੇ ਚਰਚਾ ਕਰਨ ਲਈ ਕੈਪਟਨ ਸਰਕਾਰ ਨੇ 17 ਅਗਸਤ ਨੂੰ ਪੰਜਾਬ ਵਿਧਾਨ ਸਭਾ ਦਾ ਅਜਲਾਸ ਸੱਦਣ ਦਾ ਫੈਸਲਾ ਕਰ ਲਿਆ ਹੈ। ਇਸੇਤਰ੍ਹਾਂ ਇਸ ਮਾਮਲੇ ਦੀ ਜਾਂਚ ਅੱਗੇ ਸੀਬੀਆਈ ਨੂੰ ਜਾਂਚ ਸੌਂਪਣ ਤੋਂ ਪਹਿਲਾਂ ਗੰਭੀਰ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਚਰਚਾ ਵੀ ਹੈ। ਪਹਿਲਾਂ ਪੰਜਾਬ ਪੁਲੀਸ ਦੇ ਸੇਵਾਮੁਕਤ ਡੀ.ਜੀ.ਪੀ. ਕੋਲੋ ਜਾਂਚ ਕਰਵਾਉਣ ਬਾਰੇ ਵਿਆਪਕ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਚਾਰ ਸਾਬਕਾ ਪੁਲੀਸ ਮੁਖੀਆਂ ਦੇ ਨਾਵਾਂ ਬਾਰੇ ਚਰਚਾ ਕੀਤੀ ਗਈ ਪਰ ਇੱਕ ਰਾਏ ਨਹੀਂ ਬਣ ਸਕੀ। ਇਸ ਲਈ ਨਿਰਪੱਖ ਜਾਂਚ ਕਰਵਾਉਣ ਵਾਸਤੇ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ। ਇਸ ਗੱਲ ਨੂੰ ਲੈ ਕੇ ਜ਼ੋਰਦਾਰ ਚਰਚਾ ਚੱਲ ਰਹੀ ਹੈ ਕਿ ਇੱਕ ਦਿਨ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੋਲੀਬਾਰੀ ਤੇ ਬੇਅਦਬੀ ਦੇ ਮਾਮਲਿਆਂ 'ਚ ਜ਼ਿੰਮੇਵਾਰ ਐਸ.ਐਸ.ਪੀ. ਤੇ ਹੇਠਲੇ ਪੁਲੀਸ ਅਧਿਕਾਰੀਆਂ ਦੇ ਨਾਂ ਤਾਂ ਜਨਤਕ ਕਰ ਦਿੱਤੇ ਪਰ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀਕਾਂਡ ਅਤੇ ਬੇਅਦਬੀ ਦੇ ਮਾਮਲਿਆਂ ਵਿੱਚ ਸੀਨੀਅਰ ਪੁਲੀਸ ਅਧਿਕਾਰੀਆਂ ਦੇ ਨਾਂ ਲੈਣ ਤੋਂ ਗੁਰੇਜ ਕਿਉਂ ਕੀਤਾ।

## ਬਹਿਬਲ ਕਲਾਂ ਗੋਲੀ ਕਾਂਡ ਬਾਰੇ ਕਮਿਸ਼ਨ ਦੀ ਰਿਪੋਰਟ ਵਿਚ ਸਿੱਖਾਂ 'ਤੇ ਜ਼ੁਲਮ ਢਾਹੁਣ ਵਾਲੇ ਸੁਮੇਧ ਸੈਣੀ ਦਾ ਨਾਂ ਬੋਲਿਆ

ਪਰਮਰਾਜ ਸਿੰਘ ਉਮਰਾਨੰਗਲ, ਫਰੀਦਕੋਟ ਅਤੇ ਮੋਗਾ ਦੇ ਤਤਕਾਲੀ ਐੱਸਐੱਸਪੀਜ਼ ਸੁਖਮਿੰਦਰ ਸਿੰਘ ਮਾਨ ਤੇ ਚਰਨਜੀਤ ਸਿੰਘ ਸ਼ਰਮਾ ਆਦਿ ਦੇ 12 ਤੋਂ 14 ਅਕਤੂਬਰ 2015 ਦਰਮਿਆਨ ਫੋਨ ਕਾਲ ਰਿਕਾਰਡਾਂ ਨੂੰ ਆਧਾਰ ਬਣਾ ਕੇ ਕੀਤੀ ਪੜਤਾਲ ਵਿਚ ਕਮਿਸ਼ਨ ਨੇ ਇਹ ਤੱਥ ਖੋਜਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਸ ਨੇ ਅਤੇ ਕਿਵੇਂ ਪ੍ਰਦਰਸ਼ਨਕਾਰੀਆਂ ਉੱਤੇ ਗੋਲੀ ਚਲਾਉਣ ਦੇ ਅੰਤਿਮ ਹੁਕਮ ਦਿੱਤੇ ਜਿਸ ਨਾਲ ਦੋ ਪ੍ਰਦਰਸ਼ਨਕਾਰੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ।

ਕਮਿਸ਼ਨ ਨੇ ਆਪਣੀ ਰਿਪੋਰਟ ਦੇ ਵਿੱਚ ਇਸ਼ਾਰਾ ਕੀਤਾ ਹੈ ਕਿ ਗੋਲੀ ਚਲਾਉਣ ਦੇ ਹੁਕਮ 'ਸਿਖਰਲੇ ਅਧਿਕਾਰੀ' ਵੱਲੋਂ ਆਏ ਤੇ ਹੇਠਲੇ ਅਧਿਕਾਰੀਆਂ ਨੇ ਉਨ੍ਹਾਂ ਦੇ ਉੱਤੇ ਅਮਲ ਕੀਤਾ। ਇਹ ਪਤਾ ਲੱਗਾ ਹੈ ਕਿ ਕਮਿਸ਼ਨ ਨੇ ਪੁਲੀਸ ਅਧਿਕਾਰੀਆਂ ਵਿਰੁੱਧ ਕਾਰਵਾਈ ਲਈ ਢੁਕਵਾਂ ਆਧਾਰ ਤਿਆਰ ਕਰ ਲਿਆ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉੱਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਦੋ ਮੀਟਿੰਗਾਂ ਕਰਕੇ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਰਿਪੋਰਟ ਨੂੰ ਵਿਧਾਨ ਸਭਾ ਵਿਚ ਰੱਖ ਕੇ ਇਸ ਦੇ ਤੱਥਾਂ ਨੂੰ ਜਨਤਕ ਕੀਤੇ ਜਾਣ ਦੇ ਹੱਕ ਵਿਚ ਹਨ। ਇਹ ਵੀ ਪਤਾ ਲੱਗਾ ਹੈ ਕਿ ਰਿਪੋਰਟ ਬਾਰੇ ਕਾਨੂੰਨੀ ਰਾਏ ਲਈ ਜਾ ਰਹੀ ਹੈ ਤਾਂ ਕਿ ਕਮਿਸ਼ਨ ਵੱਲੋਂ ਦੋਸ਼ੀ ਠਹਿਰਾਏ ਜਾਣ ਵਾਲੇ ਹਰ ਵਿਅਕਤੀ ਵਿਰੁੱਧ ਕਾਰਵਾਈ ਲਾਜ਼ਮੀ ਕੀਤੀ ਜਾ ਸਕੇ । ਆਉਣ ਵਾਲੇ ਵਿਧਾਨ ਸਭਾ ਸੈਸ਼ਨ ਵਿਚ ਕਮਿਸ਼ਨ ਦੀ ਰਿਪੋਰਟ ਅਤੇ ਕਾਰਵਾਈ ਰਿਪੋਰਟ ਪੇਸ਼ ਕੀਤੀ ਜਾਵੇਗੀ।

# ਪੰਜਾਬ ਵਿਚ 400 ਗੈਂਗਸਟਰਾਂ ਦੇ 8 ਗੈਂਗ ਸਰਗਰਮ

**ਜਲੰਧਰ/ਬਿਊਰੋ ਨਿਊਜ਼ :**
ਗੈਂਗਸਟਰ ਦਿਲਪ੍ਰੀਤ ਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਤੋਂ ਪੰਜਾਬ ਵਿੱਚ ਇੱਕ ਗੈਂਗ ਦਾ ਖਾਤਮਾ ਹੋ ਗਿਆ ਹੈ। ਪੁਲਿਸ ਨੇ ਇਹ ਦਾਅਵਾ ਕੀਤਾ ਹੈ ਕਿ ਸੂਬੇ ਵਿੱਚ ਹਾਲੇ ਵੀ ਅੱਠ ਹੋਰ ਗੈਂਗ ਸਰਗਰਮ ਹਨ। ਇਹਨਾਂ ਗੈਂਗ ਦੇ ਅਧੀਨ ਕਰੀਬ 50-50 ਛੋਟੇ-ਵੱਡੇ ਗੈਂਗਸਟਰ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ।

ਪੰਜਾਬ ਪੁਲਿਸ ਇੰਟੈਲੀਜੈਂਸ ਵਿੰਗ ਦੇ ਕਰਾਇਮ ਕੰਟਰੋਲ ਯੂਨਿਟ ਦੇ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਹ ਦੱਸਿਆ ਕਿ ਇਹਨਾਂ ਗੈਂਗਸਟਰਾਂ ਦਾ ਨੈੱਟਵਰਕ ਭਾਰਤ ਦੇ ਤਿੰਨ ਚੌਥਾਈ ਹਿੱਸੇ ਵਿੱਚ ਫੈਲਿਆ ਹੈ। ਉਨ੍ਹਾਂ ਨੇ ਦਿਲਪ੍ਰੀਤ ਦੇ ਸਾਥੀ ਰਿੰਦਾ ਦਾ ਉਦਾਹਰਣ ਦਿੰਦੇ ਹੋਏ ਕਿਹਾ ਕਿ ਰਿੰਦਾ ਦੇ ਖਿਲਾਫ ਮਹਾਰਾਸ਼ਟਰ ਦੇ ਇਲਾਵਾ ਕੋਲਕਾਤਾ ਵਿੱਚ ਵੀ ਕੇਸ ਦਰਜ ਹਨ। ਉਨ੍ਹਾਂ ਨੇ ਦੱਸਿਆ ਕਿ ਗੈਂਗਸਟਰਾਂ ਦੇ ਪੂਰੇ ਨੈੱਟਵਰਕ ਨੂੰ ਤੋੜਨ ਲਈ ਪੁਲਿਸ ਦਾ ਖੁਫੀਆ ਵਿਭਾਗ ਹੋਰ ਰਾਜਾਂ ਦੀ ਪੁਲਿਸ ਦੇ ਨਾਲ ਤਾਲਮੇਲ ਬਣਾ ਕੇ ਕਾਰਵਾਈ ਕਰ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਪ੍ਰਦੇਸ਼ ਵਿੱਚ ਜੋ ਅੱਠ ਗੈਂਗ ਹਨ , ਉਨ੍ਹਾਂ ਵਿੱਚ : ਸੁਖਪ੍ਰੀਤ ਹੈਰੀ ਚੱਠਾ, ਜਯਪਾਲ, ਸੁਖਪ੍ਰੀਤ ਬੁੱਡਾ, ਅੰਮ੍ਰਿਤਸਰ ਦਾ ਸ਼ੁਭਮ, ਬਟਾਲੇ ਦੇ ਪੇਂਡੂ ਇਲਾਕੇ ਦਾ ਸੁੱਖ ਭਿਖਾਰੀਵਾਲ, ਰਿੰਦਾ, ਗਗਨ ਹਠੂਰ ਅਤੇ ਅਮਨ ਡਾਨ ਦੇ ਗੈਂਗ ਹਨ।

**ਰੋਮੀ ਗ੍ਰਿਫ਼ਤਾਰ :** ਆਈਜੀਪੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਪੁਲਿਸ ਦੇ ਹੱਥ ਇੱਕ ਹੋਰ ਵੱਡੀ ਕਾਮਯਾਬੀ ਲੱਗੀ ਹੈ, ਕਿਉਂਕਿ ਹਾਂਗਕਾਂਗ ਵਿੱਚ ਲੁਕਿਆ ਪੰਜਾਬ ਦਾ ਗੈਂਗਸਟਰ ਰੋਮੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੱਸ ਦੇਈਏ ਕਿ ਰੋਮੀ ਪੰਜਾਬ ਵਿੱਚ ਕੁਝ ਧਾਰਮਿਕ ਤੇ ਸਾਮਾਜਿਕ ਆਗੂਆਂ ਦੇ ਮਿੱਥ ਕੇ ਹੋਏ ਕਤਲਾਂ ਲਈ ਤਾਂ ਜ਼ਿੰਮੇਵਾਰ ਹੈ ਹੀ। ਇਸ ਦੇ ਨਾਲ ਹੀ ਨਾਭਾ ਜੇਲ੍ਹ ਵਿਚੋਂ ਕੈਦੀਆਂ ਨੂੰ ਭਜਾਉਣ ਪਿੱਛੇ ਵੀ ਮੁੱਖ ਰੋਲ ਰੋਮੀ ਦਾ ਹੀ ਸੀ। ਰੋਮੀ ਤੇ ਸਿੰਗਾਪੁਰ ਦੇ ਇੱਕ ਨਿਵਾਸੀ ਨੂੰ 30 ਕਰੋੜ ਰੁਪਏ ਦੀ ਡਕੈਤੀ ਦੇ ਮਾਮਲੇ ਵਿੱਚ ਹਾਂਗਕਾਂਗ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜਿਸ ਤੋਂ ਬਾਅਦ ਭਾਰਤ ਸਰਕਾਰ ਨੇ ਹਾਂਗਕਾਂਗ ਦੀ ਸਰਕਾਰ ਨਾਲ ਸੰਪਰਕ ਕੀਤਾ ਤਾਂ ਜੋ ਰੋਮੀ ਨੂੰ ਭਾਰਤ ਲਿਆਇਆ ਜਾ ਸਕੇ। ਅਜਿਹੇ ਕਈ ਸਬੂਤ ਪੇਸ਼ ਕੀਤੇ ਗਏ ਹਨ ਕਿ ਰੋਮੀ ਅਸਲ ਵਿੱਚ ਭਾਰਤ ਦੇ ਗੈਂਗਸਟਰਾਂ ਤੇ ਆਈਐੱਸਆਈ ਵਿਚਾਲੇ ਇੱਕ ਕੜੀ ਦਾ ਕੰਮ ਕਰਦਾ ਰਿਹਾ ਸੀ। ਪੁਲਿਸ ਅਨੁਸਾਰ ਰੋਮੀ ਹੁਣ ਤੱਕ ਪਾਕਿਸਤਾਨ ਵਿੱਚ ਰਹਿੰਦੇ ਬੱਬਰ ਖ਼ਾਲਸਾ ਦੇ ਆਗੂਆਂ ਦੇ ਹੱਥਾਂ ਵਿਚ ਖੇਡਦਾ ਰਿਹਾ ਹੈ। ਉਹ ਇੰਗਲੈਂਡ ਦੇ ਜੱਗੀ ਜੌਹਲ ਦੇ ਸੰਪਰਕ ਵਿੱਚ ਵੀ ਰਿਹਾ ਹੈ। ਪੁਲਿਸ ਅਨੁਸਾਰ ਜੱਗੀ ਜੌਹਲ ਦਾ ਵੀ ਕਥਿਤ ਤੌਰ 'ਤੇ ਇਨ੍ਹਾਂ ਤੈਅਸ਼ੁਦਾ ਕਤਲਾਂ ਪਿੱਛੇ ਹੱਥ ਸੀ। ਬੰਬੀਹਾ ਗੈਂਗ ਦੇ ਅਮਨਾ ਜੈਤੋ ਸਮੇਤ 11

**ਗੈਂਗਸਟਰ ਗ੍ਰਿਫ਼ਤਾਰ :** ਗੈਂਗਸਟਰ ਬੰਬੀਹਾ ਗਰੁੱਪ ਦੇ 11 ਲੋਕਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਹਨਾਂ ਉੱਤੇ ਰਾਮਪੁਰਾ ਵਿੱਚ ਪੋਲਟਰੀ ਫਾਰਮ ਮਾਲਿਕ ਹਰਦੇਵ ਸਿੰਘ ਉਰਫ ਗੋਗੀ ਜਟਾਨਾ ਦੀ ਹੱਤਿਆ ਕਰਨ ਤੇ 20 ਲੱਖ ਦੀ ਫਿਰੌਤੀ ਨਾ ਦੇਣ ਕਾਰਨ ਪਰਮੀਸ਼ ਵਰਮਾ ਨੂੰ ਗੋਲੀ ਮਾਰਨ ਦੇ ਇਲਜ਼ਾਮ ਹਨ। ਕਰਾਇਮ ਕੰਟਰੋਲ ਯੂਨਿਟ ਨੇ ਇਹਨਾਂ ਲੋਕਾਂ ਨੂੰ ਸੁਨਾਮ ਤੇ ਪੰਜਾਬ ਦੇ ਵੱਖਰੇ-ਵੱਖਰੇ ਸਥਾਨਾਂ ਤੋਂ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਮੁਤਾਬਿਕ ਦੋਸ਼ੀਆਂ ਤੋਂ 9 ਪਿਸਟਲ, 5 ਰਿਵਾਲਵਰ ਤੇ ਇੱਕ ਰਾਇਫਲ ਬਰਾਮਦ ਹੋਈ ਹੈ। ਦੱਸ ਦੇਈਏ ਕਿ ਅਮਨ ਜੈਤੋ ਨੇ ਪਿਛਲੇ ਮਹੀਨੇ ਜੂਨ ਵਿੱਚ ਫਰੀਦਕੋਟ ਜੇਲ੍ਹ ਤੋਂ ਹੈਰੋਇਨ ਤਸਕਰ ਨੂੰ ਭਜਾਉਣ ਦੀ ਸਾਜਿਸ਼ ਵੀ ਰਚੀ ਸੀ। ਆਰੋਪੀਆਂ ਉੱਤੇ ਪੰਜਾਬ ਅਤੇ ਹਰਿਆਣਾ ਵਿੱਚ ਦੋ ਦਰਜਨ ਤੋਂ ਜਿਆਦਾ ਆਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਤੋਂ ਬਰਾਮਦ 1 ਕਰੇਟਾ ਕਾਰ ਕੁਰੂਕਸ਼ੇਤਰ ਤੋਂ ਚੋਰੀ ਕੀਤੀ ਗਈ ਸੀ ਤੇ ਦਿਲਪ੍ਰੀਤ ਉਰਫ ਬਾਬਾ ਅਤੇ ਸੁਖਪ੍ਰੀਤ ਉਰਫ ਬੁੱਡਾ ਨੇ ਗਾਇਕ ਪਰਮੀਸ਼ ਵਰਮਾ ਉੱਤੇ ਹਮਲੇ ਦੇ ਦੌਰਾਨ ਇਸ ਕਾਰ ਦਾ ਇਸਤੇਮਾਲ ਕੀਤਾ ਸੀ।

***ਬਾਕੀ***

## ਭਾਰਤੀ ਅਮਰੀਕੀ ਆਸੀਮ ਕੈਲੀਫੋਰਨੀਆ ਸਟੇਟ ਅਸੈਂਬਲੀ ਮੈਂਬਰ ਬਣਨ ਦਾ ਚਾਹਵਾਨ

ਉਹ ਜਨਤਕ ਸਕੂਲ ਵਿਚ ਪੜ੍ਹਾਈ ਕਰਦਾ ਰਿਹਾ ਪਰ ਹੁਣ ਉਹ ਸਮਝਦਾ ਹੈ ਕਿ ਉਹ ਇਕ ਨਵੀਂ ਆਵਾਜ਼ ਬਣ ਕੇ ਉਭਰੇਗਾ। ਗੱਲਬਾਤ ਦੌਰਾਨ ਉਸ ਨੇ ਕਿਹਾ ਕਿ ਉਹ ਇਕ ਜ਼ਮੀਨ ਨਾਲ ਜੁੜਿਆ ਹੋਇਆ ਅੱਲ੍ਹੜ ਮੁੰਡਾ ਹੈ ਜੋ ਆਪਣੇ ਭਾਈਚਾਰੇ ਵਿਚ ਇਕ ਅਰਥ-ਪੂਰਨ ਬਦਲਾਅ ਕਰਨ ਦੀ ਇੱਛਾ ਰੱਖਦਾ ਹੈ।

ਦੱਸਣਯੋਗ ਹੈ ਕਿ ਆਸਿਮ ਨੇ ਕੌਨਕੋਰਡ ਹਾਈ ਸਕੂਲ ਦੇ ਵਿਦਿਆਰਥੀ ਸੰਗਠਨ ਦੇ ਪ੍ਰਧਾਨ ਵਜੋਂ ਅਤੇ ਲਾਭ ਰਹਿਤ ਲਿਟਲ ਗਰਲ ਬਿਗ ਡਰੀਮਸ ਸੰਗਠਨ ਦੇ ਚੇਅਰਮੈਨ ਵਜੋਂ ਵੀ ਸੇਵਾ ਨਿਭਾਈ ਹੈ। ਇਸ ਤੋਂ ਇਲਾਵਾ ਇਸ ਛੋਟੀ ਜਿਹੀ ਉਮਰ ਵਿਚ ਹੀ ਉਸ ਨੇ ਉਤਰੀ ਕੈਲੀਫੋਰਨੀਆ ਦੇ ਡਾਇਰੈਕਟਰ ਵਜੋਂ ਕੈਲੀਫੋਰਨੀਆ ਐਸੋਸੀਏਸ਼ਨ ਆਫ ਸਟੂਡੈਂਟ ਲੀਡਰਸ ਨਾਲ ਵੀ ਕੰਮ ਕੀਤਾ ਹੈ। ਇਸ ਦੌਰਾਨ ਉਸ ਨੇ ਸਾਰੇ ਸੂਬੇ ਦਾ ਦੌਰਾ ਕੀਤਾ ਅਤੇ ਲੀਡਰਸ਼ਿਪ ਡਿਵੈਲਪਮੈਂਟ ਬਾਰੇ ਕਈ ਵਰਕਸ਼ਾਪਾਂ ਲਗਾਈਆਂ ਅਤੇ ਨੌਜਵਾਨਾਂ ਨਾਲ ਨੇੜਿਓਂ ਜੁੜਿਆ ਰਿਹਾ ਹੈ।

## ਪੰਜਾਬ ਦੀਆਂ ਕੁੜੀਆਂ ਨੂੰ ਦੁਬਈ 'ਚ ਵੇਚਣ ਦੇ ਧੰਦੇ ਦਾ ਪਰਦਾਫਾਸ਼

ਵਿਚ ਬੰਧਕ ਬਣਾ ਕੇ ਰੱਖਿਆ ਗਿਆ ਤੇ ਫਿਰ ਵੱਖ-ਵੱਖ ਸ਼ੇਖਾਂ ਦੇ ਘਰ ਭੇਜ ਦਿੱਤਾ ਗਿਆ।ਸ਼ੇਖਾਂ ਨੇ ਕੁੜੀਆਂ ਅੱਗੇ ਸ਼ਰਤ ਰੱਖੀ ਕਿ ਜਾਂ ਤਾਂ ਉਹ ਡਾਂਸ ਬਾਰ ਵਿਚ ਜਾ ਕੇ ਕੰਮ ਕਰਨ ਤੇ ਜਾਂ ਫਿਰ ਉਨ੍ਹਾਂ ਦੇ ਘਰ ਦਾ ਕੰਮ ਕਰਨ। ਕੁੜੀਆਂ ਨੇ ਦੱਸਿਆ ਕਿ ਉਨ੍ਹਾਂ ਬਾਰ ਗਰਲ ਦਾ ਕੰਮ ਨਾ ਮਨਜ਼ੂਰ ਕਰਕੇ ਘਰ ਦੇ ਕੰਮ ਦੀ ਸ਼ਰਤ ਮੰਨ ਲਈ। ਘਰ ਵਿਚ ਵੀ ਉਨ੍ਹਾਂ ਨਾਲ ਬਹੁਤ ਮੰਦਾ ਸਲੂਕ ਕੀਤਾ ਗਿਆ। ਜਦੋਂ ਕੁੜੀਆਂ ਨੇ ਆਪਣੇ ਘਰ ਜਾਣ ਲਈ ਕਿਹਾ ਤਾਂ ਉਨ੍ਹਾਂ ਨੂੰ ਧਮਕੀ ਦਿੱਤੀ ਗਈ।

ਇਸੇ ਦੌਰਾਨ ਕੁੜੀਆਂ ਨੇ ਕਿਸੇ ਤਰੀਕੇ ਆਪਣੇ ਘਰਦਿਆਂ ਨਾਲ ਸਾਰੀ ਗੱਲ ਸਾਂਝੀ ਕੀਤੀ। ਇਸ ਪਿੱਛੋਂ ਸੁਸ਼ਮਾ ਸਵਰਾਜ ਨੇ ਦੁਬਈ ਦੇ ਹਮਰੁਤਬਾ ਮੰਤਰੀ ਤੇ ਪੰਜਾਬ ਸਰਕਾਰ ਨਾਲ ਗੱਲਬਾਤ ਚਲਾ ਕੇ ਕਾਰਵਾਈ ਕੀਤੀ ਤੇ ਤਿੰਨਾਂ ਕੁੜੀਆਂ ਨੂੰ ਸਹੀ ਸਲਾਮਤ ਆਪਣੇ ਘਰ ਵਾਪਸ ਲਿਆਉਣ ਵਿਚ ਮਦਦ ਕੀਤੀ।

## ਉਡਾਰੀ ਮਾਰ ਗਏ 'ਪਰਦੇਸੀ ਢੋਲਿਆਂ' ਨੂੰ ਮੁੜ ਪਿੰਜਰੇ...

ਲਾੜਿਆਂ ਨੂੰ ਵਿਆਹ ਤੋਂ ਇਕ ਹਫ਼ਤੇ ਅੰਦਰ ਹੀ ਵਿਆਹ ਦੀ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੇ ਪਾਸਪੋਰਟ 'ਤੇ ਵੀ ਇਸ ਸਬੰਧੀ ਜਾਣਕਾਰੀ ਦਰਜ ਕਰਵਾਉਣੀ ਪਵੇਗੀ। ਅਜਿਹਾ ਨਾ ਕਰਨ ਵਾਲਿਆਂ ਦਾ ਪਾਸਪੋਰਟ ਜ਼ਬਤ ਕੀਤੇ ਜਾਣ ਦਾ ਇੰਤਜ਼ਾਮ ਵੀ ਰੱਖਿਆ ਗਿਆ ਹੈ। ਅਜੇ ਤੱਕ ਪੰਜਾਬ ਸਮੇਤ ਕੁਝ ਹੀ ਰਾਜ ਅਜਿਹੇ ਹਨ, ਜਿਥੇ ਵਿਆਹ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੈ। ਭਗੌੜੇ ਲਾੜਿਆਂ ਬਾਰੇ ਉਂਝ ਤਾਂ ਸਰਕਾਰੀ ਅੰਕੜੇ ਖ਼ਾਸ ਉਪਲਬਧ ਨਹੀਂ ਹਨ ਪਰ ਗ਼ੈਰ-ਸਰਕਾਰੀ ਸੰਸਥਾਵਾਂ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਿਕ ਸਿਰਫ਼ ਪੰਜਾਬ ਅਤੇ ਗੁਜਰਾਤ 'ਚ 25 ਹਜ਼ਾਰ ਤੋਂ ਵੱਧ ਅਜਿਹੀਆਂ ਲੜਕੀਆਂ ਹਨ, ਜਿਨ੍ਹਾਂ ਦੇ ਪਤੀ ਵਿਆਹ ਤੋਂ ਤੁਰੰਤ ਬਾਅਦ ਬਿਨਾਂ ਦੱਸੇ ਵਿਦੇਸ਼ ਚਲੇ ਗਏ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਨੂੰ ਇਸ ਸਬੰਧ 'ਚ ਕਈ ਸ਼ਿਕਾਇਤਾਂ ਮਿਲੀਆਂ ਹਨ, ਜਿਸ 'ਚ ਪ੍ਰਵਾਸੀ ਪਤੀ ਆਪਣੀਆਂ ਪਤਨੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਸੀਹੇ ਦਿੰਦੇ ਹਨ। ਵਿਦੇਸ਼ ਮੰਤਰਾਲੇ ਮੁਤਾਬਿਕ ਪਿਛਲੇ 3 ਸਾਲਾਂ 'ਚ ਭਾਰਤ 'ਚ ਰਹਿ ਰਹੀਆਂ ਔਰਤਾਂ ਤੋਂ 3328 ਅਜਿਹੀਆਂ ਸ਼ਿਕਾਇਤਾਂ ਮਿਲੀਆਂ ਹਨ, ਜਿਸ 'ਚ ਉਨ੍ਹਾਂ ਦੇ ਐਨਆਰਆਈ. ਪਤੀ ਉਨ੍ਹਾਂ ਨੂੰ ਛੱਡ ਕੇ ਚਲੇ ਗਏ। ਐਨਆਰਆਈ. ਪਤੀਆਂ ਨੂੰ ਭੇਜੇ ਸੰਮਨਾਂ ਦੀ ਨਿਗਰਾਨੀ ਲਈ ਇਕ ਅੰਤਰ ਮੰਤਰਾਲਾ ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ, ਜਿਸ ਦੀ ਨਿਗਰਾਨੀ ਔਰਤਾਂ ਅਤੇ ਬੱਚਿਆਂ ਦੇ ਵਿਕਾਸ ਬਾਰੇ ਮੰਤਰਾਲੇ ਵਲੋਂ ਕੀਤੀ ਜਾਵੇਗੀ। ਵਿਦੇਸ਼ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਦੀ ਸ਼ੁਰੂਆਤ ਵਜੋਂ ਅਜਿਹੇ 8 ਐਨਆਰਆਈ. ਪਤੀਆਂ ਦੇ ਪਾਸਪੋਰਟ ਰੱਦ ਕਰ ਦਿੱਤੇ ਗਏ ਹਨ, ਜੋ ਆਪਣੀਆਂ ਪਤਨੀਆਂ ਨੂੰ ਛੱਡ ਕੇ ਚਲੇ ਗਏ ਹਨ।

# ਮੋਬਾਈਲ ਫ਼ੋਨ ਤੋਂ ਜ਼ਰਾ ਬਚ ਕੇ...

**ਡਾ. ਹਰਸ਼ਿੰਦਰ ਕੌਰ**
ਸੰਪਰਕ : 0175-2216783




ਜਦੋਂ ਵੀ ਕੋਈ ਨਵੀਂ ਕਾਢ ਕੱਢੀ ਜਾਂਦੀ ਹੈ ਤਾਂ ਪੈਸੇ ਵਾਲੀਆਂ ਵੱਡੀਆਂ ਕੰਪਨੀਆਂ ਉਸ ਕਾਢ ਕੱਢਣ ਵਾਲੇ ਦੀ ਕੀਮਤ ਤਾਰ ਕੇ ਆਮ ਬੰਦਿਆਂ ਵਿਚ ਉਸ ਨੂੰ ਪਹੁੰਚਦਾ ਕਰ ਖਰਬਾਂ ਰੁਪਏ ਕਮਾ ਲੈਂਦੀਆਂ ਹਨ। ਜਦੋਂ ਤਕ ਦੁਬਾਰਾ ਉਸੇ ਵਿਸ਼ੇ ਬਾਰੇ ਕੋਈ ਹੋਰ ਖੋਜ ਹੋਵੇ ਤੇ ਉਹ ਪਹਿਲੀ ਕਾਢ ਵਿਚ ਕੋਈ ਨੁਕਸ ਲੱਭ ਜਾਵੇ ਜਾਂ ਫੇਰ ਕੋਈ ਹੋਰ ਉਸ ਤੋਂ ਵੀ ਨਵੀਂ ਕਾਢ ਮਿਲ ਜਾਵੇ, ਉਦੋਂ ਤਕ ਉਨ੍ਹਾਂ ਕੰਪਨੀਆਂ ਦੇ ਮਾਲਕਾਂ ਦੀਆਂ ਅਗਲੀਆਂ ਆਉਣ ਵਾਲੀਆਂ ਦਸ ਪੁਸ਼ਤਾਂ ਜੋਗਾ ਪੈਸਾ ਇਕੱਠਾ ਹੋ ਚੁੱਕਿਆ ਹੁੰਦਾ ਹੈ। ਫੇਰ ਦੁਬਾਰਾ ਉਹੀ ਚੱਕਰਵਿਊ ਸ਼ੁਰੂ ਹੋ ਜਾਂਦਾ ਹੈ। ਮੋਬਾਈਲ ਫ਼ੋਨ ਦਾ ਤਹਿਲਕਾ ਮਚਾ ਲੈਣ ਬਾਅਦ ਹੁਣ ਜਦੋਂ ਕੂੜਾ ਚੁੱਕਣ ਅਤੇ ਭੀਖ ਮੰਗਣ ਵਾਲਿਆਂ ਤਕ ਦੇ ਹੱਥ ਮੋਬਾਈਲ ਫ਼ੋਨ ਪਹੁੰਚ ਚੁੱਕਿਆ ਹੈ ਤਾਂ ਹੁਣ ਉਸ ਦੇ ਮਾੜੇ ਅਸਰਾਂ ਦਾ ਕਿਤਾਬਚਾ ਖੋਲ੍ਹਿਆ ਗਿਆ ਹੈ। ਖੋਜਾਂ ਰਾਹੀਂ ਬਹੁਤ ਸਾਰੇ ਮਾੜੇ ਅਸਰ ਸਾਹਮਣੇ ਆ ਚੁੱਕੇ ਹਨ ਪਰ ਅਫ਼ਸੋਸ ਹੁਣ ਇਹ ਆਦਤ ਛੁੱਟਣ ਵਾਲੀ ਲੱਗਦੀ ਨਹੀਂ। ਫਿਰ ਵੀ ਮੈਂ ਉਨ੍ਹਾਂ ਸੱਜਣਾਂ ਲਈ ਇਹ ਲੇਖ ਲਿਖ ਰਹੀ ਹਾਂ ਜਿਹੜੇ ਆਪਣੀ ਸਿਹਤ ਪ੍ਰਤੀ ਚਿੰਤਤ ਰਹਿੰਦੇ ਹਨ ਤੇ ਬਾਕੀਆਂ ਨੂੰ ਵੀ ਸਿਹਤਮੰਦ ਵੇਖਣਾ ਚਾਹੁੰਦੇ ਹਨ।

ਵਾਸ਼ਿੰਗਟਨ ਵਿਖੇ ਯੇਲ ਸਕੂਲ ਆਫ ਮੈਡੀਸਨ ਵਿੱਚੋਂ ਹਿਊ ਐਸ.ਟੇਲਰ, ਜੋ ਰੀਪਰੋਡਕਟਿਵ ਐਂਡੋਕਰਾਈਨਾਲੋਜੀ ਤੇ ਇਨਫਰਟਿਲਿਟੀ ਵਿਭਾਗ ਦੇ ਪ੍ਰੋਫੈਸਰ ਹਨ, ਨੇ ਆਪਣੇ ਸਾਥੀ ਡਾਕਟਰਾਂ ਨਾਲ ਕੀਤੀ ਖੋਜ ਦੇ ਸਿੱਟੇ ਸਾਡੇ ਸਾਹਮਣੇ ਰੱਖ ਦਿੱਤੇ ਹਨ। ਉਨ੍ਹਾਂ ਨੇ ਗਰਭਵਤੀ ਚੂਹੀ ਕੋਲ 'ਮਿਊਟ' (ਯਾਨੀ ਆਵਾਜ਼ ਬੰਦ) ਕਰਕੇ ਮੋਬਾਈਲ ਫੋਨ ਉਸ ਦੇ ਬੰਦ ਪਿੰਜਰੇ ਉੱਤੇ ਰੱਖ ਦਿੱਤਾ। ਉਹ ਮੋਬਾਈਲ ਫ਼ੋਨ ਆਮ ਵਾਂਗ ਚੱਲਣ ਦਿੱਤਾ ਗਿਆ ਜਿਸ ਉੱਤੇ ਟੈਲੀਫ਼ੋਨ ਕਾਲਾਂ ਆਉਂਦੀਆਂ ਰਹੀਆਂ, ਬਸ ਸਿਰਫ ਘੰਟੀ ਹੀ ਨਹੀਂ ਵੱਜੀ। ਜਰਨਲ ਆਫ ਸਾਇੰਟਿਫਿਕ ਰਿਪੋਰਟ ਨੇ ਉਨ੍ਹਾਂ ਦੀ ਖੋਜ ਛਾਪ ਕੇ ਦੱਸਿਆ ਹੈ ਕਿ ਜਦੋਂ ਅਜਿਹੀ ਚੂਹੀ ਦੇ ਬੱਚੇ ਜੰਮੇ ਤੇ ਫੇਰ ਜਵਾਨ ਹੋਏ ਤਾਂ ਉਨ੍ਹਾਂ ਦੇ ਦਿਮਾਗ਼ ਦੇ ਟੈਸਟ ਕੀਤੇ ਗਏ। ਦੂਜੇ ਨਾਰਮਲ ਚੂਹਿਆਂ ਨਾਲੋਂ ਇਹ ਚੂਹੇ ਜੋ ਮਾਂ ਦੇ ਢਿੱਡ ਦੇ ਅੰਦਰ ਉਨ੍ਹਾਂ ਮੋਬਾਈਲ ਫੋਨ ਦੀਆਂ ਰੇਡੀਓ ਕਿਰਨਾਂ ਦੇ ਅਸਰ ਹੇਠ ਆਏ ਸਨ, ਦੀ ਯਾਦ ਸ਼ਕਤੀ ਘੱਟ ਸੀ ਤੇ ਉਹ ਲੋੜ ਤੋਂ ਵੱਧ ਹਰਕਤਾਂ ਕਰ ਰਹੇ ਸਨ ਯਾਨੀ ਟਿਕ ਕੇ ਬਹਿ ਸਕਣ ਤੋਂ ਅਸਮਰਥ ਸਨ। ਉਨ੍ਹਾਂ ਦੇ ਬਣਦੇ ਦਿਮਾਗ਼ ਵਿਚਲੇ ਨਿਊਰੌਨ ਸੈੱਲਾਂ ਉੱਤੇ ਜਦੋਂ ਮੋਬਾਈਲ ਫ਼ੋਨ ਵੱਜਣ ਅਤੇ ਖੋਜੀਆਂ ਵੱਲੋਂ ਉਸ ਨੂੰ ਸੁਣਨ ਕਾਰਨ ਰੇਡੀਓ ਕਿਰਨਾਂ ਪਈਆਂ ਤਾਂ ਉਨ੍ਹਾਂ ਵਿਚ ਸਦੀਵੀ ਨੁਕਸ ਪੈ ਗਿਆ। ਇਹ ਨੁਕਸ ਦਿਮਾਗ਼ ਦੇ ਅਗਲੇ ਸਿਰੇ ਯਾਨੀ, ਪ੍ਰੀਫਰੰਟਲ ਕੌਰਟੈਕਸ ਹਿੱਸੇ ਵਿਚ ਜ਼ਿਆਦਾ ਲੱਭਿਆ ਗਿਆ ਜਿਸ ਕਾਰਨ ਉਹ ਚੂਹੇ ਸਦਾ ਲਈ ਵਿਗੜੇ ਵਤੀਰੇ ਵਾਲੇ ਬਣ ਕੇ ਰਹਿ ਗਏ। ਇਸ ਖੋਜ ਦੇ ਨਤੀਜਿਆਂ ਦੇ ਹੇਠਾਂ ਇਕ ਨੋਟ ਪਾਇਆ ਗਿਆ ਸੀ ਕਿ ਇਨਸਾਨੀ ਬੱਚੇ ਦੇ ਦਿਮਾਗ਼ ਦੀ ਬਣਤਰ ਵੀ ਇੰਨ-ਬਿੰਨ ਚੂਹੇ ਵਾਂਗ ਹੀ ਪੱਕੀ ਤੌਰ ਉੱਤੇ ਵਿਗੜ ਸਕਦੀ ਹੈ ਤੇ ਇਸ ਦੇ ਗਵਾਹ ਹਨ ਉਹ ਬੱਚੇ ਜਿਹੜੇ ਜਿਹੜੇ ਟਿਕ ਕੇ ਬਹਿ ਨਾ ਸਕਣ ਤੇ ਇਕਾਗਰਤਾ ਦੀ ਕਮੀ ਦੇ ਸ਼ਿਕਾਰ ਹੋ ਚੁੱਕੇ ਹਨ ਤੇ ਉਨ੍ਹਾਂ ਦੀਆਂ ਮਾਵਾਂ ਗਰਭਵਤੀ ਹੋਣ ਵੇਲੇ ਮੋਬਾਈਲ ਫ਼ੋਨ ਦੀ ਵਰਤੋਂ ਕਰਦੀਆਂ ਰਹੀਆਂ ਸਨ। ਇਸੇ ਲਈ ਗਰਭਵਤੀ ਔਰਤਾਂ ਲਈ ਇਹ ਇਕ ਚੇਤਾਵਨੀ ਗਿਣ ਲੈਣੀ ਚਾਹੀਦੀ ਹੈ ਕਿਉਂਕਿ ਅਜਿਹੇ ਬੱਚਿਆਂ ਦੀ ਭਰਮਾਰ ਸਾਹਮਣੇ ਆਉਣ ਲੱਗ ਪਈ ਹੈ। ਇਸ ਤੋਂ ਇਲਾਵਾ ਜਿਹੜੇ ਹੋਰ ਮਾੜੇ ਅਸਰਾਂ ਦੀਆਂ ਲਿਸਟਾਂ ਵੱਖੋ ਵੱਖਰੇ ਦੇਸਾਂ ਦੀਆਂ ਖੋਜਾਂ ਵਿੱਚੋਂ ਸਾਹਮਣੇ ਆ ਰਹੀਆਂ ਹਨ, ਉਹ ਵੀ ਲਗਾਤਾਰ ਲੰਬੀਆਂ ਹੁੰਦੀਆਂ ਜਾ ਰਹੀਆਂ ਹਨ।

ਜਿਹੜੀਆਂ ਰੇਡੀਓ ਕਿਰਨਾਂ ਮੋਬਾਈਲ ਫ਼ੋਨ ਵਿੱਚੋਂ ਨਿਕਲਦੀਆਂ ਹਨ, ਉਹ ਮੋਬਾਈਲ ਦੇ ਕੰਨ ਨਾਲ ਲਗਦੇ ਸਾਰ ਕੰਨ ਅਤੇ ਉਸ ਦੇ ਚੁਫੇਰੇ ਦੇ ਹਿੱਸੇ ਨੂੰ ਗਰਮ ਕਰ ਦਿੰਦੀਆਂ ਹਨ ਤੇ ਇਹ ਗਰਮ ਕਿਰਨਾਂ ਦੋ ਵਾਟ ਪਾਵਰ ਦੀਆਂ ਹੁੰਦੀਆਂ ਹਨ। ਜਿੰਨੀ ਲੰਬੀ ਜਾਂ ਜ਼ਿਆਦਾ ਵਾਰ ਗੱਲਬਾਤ ਹੁੰਦੀ ਰਹੇ ਓਨੀ ਹੀ ਜ਼ਿਆਦਾ ਦੇਰ ਕੰਨ ਦੀ ਨਸ ਉੱਤੇ ਅਸਰ ਪੈਂਦਾ ਰਹਿੰਦਾ ਹੈ ਤੇ ਹੌਲੀ ਹੌਲੀ ਇਸ ਨਾਲ ਸੁਣਨ ਸ਼ਕਤੀ ਘਟ ਜਾਂਦੀ ਹੈ।

ਬੱਚਿਆਂ ਦੀਆਂ ਸਿਰ ਦੀਆਂ ਹੱਡੀਆਂ ਕੁਝ ਜ਼ਿਆਦਾ ਪਤਲੀਆਂ ਹੁੰਦੀਆਂ ਹਨ ਇਸ ਲਈ ਉਨ੍ਹਾਂ ਦੇ ਸਿਰ ਅੰਦਰਲੇ ਹਿੱਸਿਆਂ ਉੱਤੇ ਮਾੜਾ ਅਸਰ ਵੱਧ ਪੈਂਦਾ ਹੈ। ਨਿੱਕੇ ਬੱਚੇ ਦੇ ਹੱਥ ਵਿਚ ਖਿਡੌਣੇ ਵਾਂਗ ਮੋਬਾਈਲ ਫ਼ੋਨ ਫੜਾਉਣ ਵਾਲੇ ਮਾਪਿਆਂ ਨੂੰ ਇਹ ਅੰਦਾਜ਼ਾ ਵੀ ਨਹੀਂ ਹੋਣਾ ਕਿ ਬੱਚੇ ਦੇ ਬਣਦੇ ਦਿਮਾਗ਼ ਉੱਤੇ ਇਨ੍ਹਾਂ ਰੇਡੀਓ ਕਿਰਨਾਂ ਦੇ ਅਸਰ ਹੇਠ ਉਨ੍ਹਾਂ ਦੇ ਡੀ.ਐਨ.ਏ. ਉੱਤੇ ਸਦੀਵੀ ਮਾੜਾ ਅਸਰ ਪੈ ਸਕਦਾ ਹੈ। ਇਸੇ ਲਈ ਹਰ ਪਾਸਿਓਂ ਖੋਜੀ ਡਾਕਟਰਾਂ ਵੱਲੋਂ ਇਹੀ ਸੁਨੇਹਾ ਭੇਜਿਆ ਜਾ ਰਿਹਾ ਹੈ ਕਿ 16 ਸਾਲ ਤੋਂ ਹੇਠਾਂ ਦੇ ਬੱਚਿਆਂ ਦੇ ਨੇੜੇ ਤੇੜੇ ਤਾਂ ਛੱਡੋ, ਕਮਰੇ ਵਿਚ ਵੀ ਮੋਬਾਈਲ ਫ਼ੋਨ ਨਹੀਂ ਹੋਣਾ ਚਾਹੀਦਾ। ਬੱਚਿਆਂ ਦੇ ਦਿਮਾਗ਼ ਵੱਲ ਜਾਂਦੇ ਲਹੂ ਰਾਹੀਂ ਕੀਟਾਣੂਆਂ ਨੂੰ ਵੜਨ ਤੋਂ ਰੋਕਣ ਲਈ ਕੁਦਰਤ ਨੇ ਇਕ ਝਿੱਲੀ ਬਣਾਈ ਹੁੰਦੀ ਹੈ। ਇਹ ਵੀ ਕਿਆਸ ਲਾਇਆ ਜਾ ਰਿਹਾ ਹੈ ਕਿ ਮੋਬਾਈਲ ਦੀਆਂ ਰੇਡੀਓ ਕਿਰਨਾਂ ਉਸ ਝਿੱਲੀ ਨੂੰ ਵਿਗਾੜ ਦਿੰਦੀਆਂ ਹਨ ਤੇ ਕੀਟਾਣੂ ਦਿਮਾਗ਼ ਅੰਦਰ ਸੌਖਿਆਂ ਵੜ ਸਕਦੇ ਹਨ। ਖੋਜ ਇਹ ਵੀ ਦੱਸ ਰਹੀ ਹੈ ਕਿ ਇਕ ਵਾਰ ਦੇ ਫ਼ੋਨ ਸੁਣਨ ਨਾਲ ਨਿਕਲੀਆਂ ਰੇਡੀਓ ਕਿਰਨਾਂ ਬੱਚੇ ਦੇ ਦਿਮਾਗ਼ ਦੀ ਇਲੈਕਟ੍ਰਿਕ ਪ੍ਰਕਿਰਿਆ ਨੂੰ ਇਕ ਘੰਟੇ ਤਕ ਲਈ ਨਾਰਮਲ ਨਹੀਂ ਹੋਣ ਦਿੰਦੀ। ਜੇ ਇਹ ਲਗਾਤਾਰ ਚਾਲੂ ਰਹੇ ਤਾਂ ਕੋਈ ਨਿਆਣਾ ਵੀ ਸੌਖਿਆਂ ਅੰਦਾਜ਼ਾ ਲਾ ਸਕਦਾ ਹੈ ਕਿ ਕੀ ਕਹਿਰ ਢਹਿ ਸਕਦਾ ਹੈ। ਲਗਾਤਾਰ ਇਸ ਦੇ ਅਸਰ ਹੇਠ ਰਹਿ ਕੇ ਬੱਚੇ ਇਕਾਗਰਤਾ ਨਾਲ ਪੜ੍ਹ ਨਹੀਂ ਸਕਦੇ ਤੇ ਟਿਕ ਕੇ ਬਹਿ ਨਹੀਂ ਸਕਦੇ ਕਿਉਂਕਿ ਇਹ ਕਿਰਨਾਂ ਦਿਮਾਗ਼ ਦੇ ਕੁਝ ਸੈੱਲਾਂ ਨੂੰ ਸੇਕ ਨਾਲ ਖ਼ਤਮ ਵੀ ਕਰ ਦਿੰਦੀਆਂ ਹਨ ਤੇ ਕੁਝ ਸੈੱਲਾਂ ਦੇ ਨਾਰਮਲ ਕੰਮ-ਕਾਰ ਵਿਚ ਵੀ ਖ਼ਰਾਬੀ ਪੈਦਾ ਕਰ ਦਿੰਦੀਆਂ ਹਨ ਜਿਸ ਨਾਲ ਦਿਮਾਗ਼ ਵਿਚਲੇ ਸੁਨੇਹੇ ਵੀ ਉਲਟ ਪੁਲਟ ਹੋ ਸਕਦੇ ਹਨ। ਵੱਡਿਆਂ ਵਿਚ ਵੀ ਨੀਂਦਰ ਘਟ ਆਉਣੀ ਜਾਂ ਢਹਿੰਦੀ ਕਲਾ ਉਨ੍ਹਾਂ ਵਿਚ ਵਧ ਵੇਖਣ ਵਿਚ ਮਿਲਦੀ ਹੈ ਜਿਹੜੇ ਜ਼ਿਆਦਾ ਸਮਾਂ ਮੋਬਾਈਲ ਦੀ ਵਰਤੋਂ ਕਰਦੇ ਰਹਿਣ।

ਕੁਝ ਬੀਮਾਰੀਆਂ ਦੇ ਪੱਕੇ ਸਬੂਤ ਹਾਲੇ ਤਕ ਨਹੀਂ ਮਿਲੇ ਪਰ ਖੋਜਾਂ ਇਧਰ ਹੀ ਇਸ਼ਾਰਾ ਕਰ ਰਹੀਆਂ ਹਨ ਕਿ ਹੋ ਸਕਦਾ ਹੈ ਜ਼ਿਆਦਾ ਮੋਬਾਈਲ ਫ਼ੋਨ ਦੀ ਵਰਤੋਂ ਨਾਲ ਸਿਰ ਅੰਦਰਲਾ ਕੈਂਸਰ ਵਧ ਹੋਣ ਲੱਗ ਪਿਆ ਹੈ। ਕਈ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਦੇ ਦਿਮਾਗ਼ ਅੰਦਰ ਖਤਰਨਾਕ ਕਿਸਮ ਦਾ ਕੈਂਸਰ ਉਸੇ ਪਾਸੇ ਲੱਭਿਆ ਗਿਆ, ਜਿਸ ਪਾਸੇ ਲਗਾਤਾਰ ਉਹ ਮੋਬਾਈਲ ਫ਼ੋਨ ਵਰਤ ਰਹੇ ਸਨ। ਖੋਜੀ ਤਾਂ ਇਹ ਸਿੱਟਾ ਵੀ ਕੱਢੀ ਬੈਠੇ ਹਨ ਕਿ ਰੋਜ਼ ਦੀ ਇਕ ਘੰਟੇ ਦੀ ਮੋਬਾਈਲ ਦੀ ਵਰਤੋਂ ਨਾਲ 10 ਸਾਲ ਬਾਅਦ ਦਿਮਾਗ਼ ਦੇ ਕੈਂਸਰ ਹੋਣ ਦਾ ਖ਼ਤਰਾ ਕਈ ਗੁਣਾਂ ਵਧ ਜਾਏਗਾ ਤੇ ਅਗਲੇ ਆਉਣ ਵਾਲੇ ਸਮੇਂ ਵਿਚ ਧੜਾਧੜ ਮੌਤ ਦੇ ਮੂੰਹ ਵੱਲ ਜਾਂਦੇ ਲੋਕਾਂ ਦਾ ਢੇਰ ਲੱਗ ਜਾਣਾ ਹੈ। ਹੋਰ ਤਾਂ ਹੋਰ, ਜਿਹੜੇ ਬੰਦੇ ਪੈਂਟ ਦੀ ਜੇਬ ਵਿਚ ਮੋਬਾਈਲ ਰੱਖ ਰਹੇ ਹੋਣ, ਉਨ੍ਹਾਂ ਵਿੱਚੋਂ ਬਹੁਤਿਆਂ ਦੇ ਸ਼ੁਕਰਾਣੂਆਂ ਦੀ ਗਿਣਤੀ ਵੀ ਘਟ ਚੁੱਕੀ ਹੋਵੇਗੀ ਜੋ ਚੈੱਕ ਕਰਵਾਈ ਜਾ ਸਕਦੀ ਹੈ ਕਿਉਂਕਿ ਇਸ ਪਾਸੇ ਵੀ ਖੋਜ ਇਸ਼ਾਰਾ ਕਰ ਰਹੀ ਹੈ। ਜਿਹੜੇ ਵੀ ਲੋਕ ਚਿੰਤਤ ਹੋ ਚੁੱਕੇ ਹੋਣ, ਉਨ੍ਹਾਂ ਲਈ ਇਹ ਸਲਾਹ ਹੈ ਕਿ ਰੋਜ਼ ਦੇ ਮੋਬਾਈਲ ਫ਼ੋਨ ਆਉਂਦੇ ਤੇ ਕੀਤੇ ਗਏ ਗਿਣ ਲਵੋ ਤੇ ਵਰਤੋਂ ਦੇ ਘੰਟੇ ਵੀ ਅਤੇ ਹੁਣ ਚੈੱਕ ਕਰੋ ਕਿ ਕੀ ਤੁਹਾਡੇ ਸਰੀਰ ਉੱਤੇ ਇਸ ਦੇ ਕੋਈ ਮਾੜੇ ਅਸਰ ਪੈ ਚੁੱਕੇ ਹਨ ਜਾਂ ਨਹੀਂ। ਤਰੀਕਾ ਸੌਖਾ ਹੈ - ਤੁਹਾਡੇ ਕੰਨ ਕਿੰਨੇ ਕੁ ਗਰਮ ਹੋਣ ਲੱਗ ਪਏ ਹਨ ? ਜ਼ਿਆਦਾ ਗੁੱਸਾ ਤਾਂ ਨਹੀਂ ਆਉਣ ਲੱਗ ਪਿਆ ? ਛੇਤੀ ਚਿੜਚਿੜੇ ਤਾਂ ਨਹੀਂ ਹੋਣ ਲੱਗ ਪਏ ? ਥਕਾਵਟ, ਸੁਸਤੀ, ਨਜ਼ਰ ਘਟਣੀ, ਵਾਲਾਂ ਦਾ ਝੜਨਾ, ਜੀਅ ਕੱਚਾ ਹੋਣਾ, ਨੀਂਦਰ ਠੀਕ ਨਾ ਆਉਣੀ, ਅਜੀਬ ਖ਼ਿਆਲ ਆਉਣੇ, ਹੱਥਾਂ ਜਾਂ ਬਾਹਵਾਂ ਵਿਚ ਝਣਝਣਾਹਟ, ਇਕ ਕੰਮ ਟਿਕ ਕੇ ਨਾ ਕਰ ਸਕਣਾ, ਧੜਕਣ ਦਾ ਇਕਦਮ ਵਧਣਾ, ਛੇਤੀ ਸੋਚ ਭਟਕ ਜਾਣੀ, ਆਦਿ ਦਸਦੇ ਹਨ ਕਿ ਤੁਹਾਡਾ ਸਰੀਰ ਰੇਡੀਓ ਕਿਰਨਾਂ ਦੇ ਅਸਰ ਹੇਠ ਆ ਚੁੱਕਿਆ ਹੈ। ਜਿਹੜੇ ਵੀ ਮੇਰੇ ਪਾਠਕ ਮੋਬਾਈਲ ਫ਼ੋਨ ਦਾ ਇਸਤੇਮਾਲ ਘਟਾਉਣ ਨਾਲੋਂ ਜ਼ਿੰਦਗੀ ਘਟਾਉਣ ਨੂੰ ਤਰਜੀਹ ਦਿੰਦੇ ਹਨ, ਉਹ ਤਾਂ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਨੂੰ ਉਸੇ ਤਰ੍ਹਾਂ ਚਾਲੂ ਰੱਖਣ ! ਜਿਹੜੇ ਫਿਕਰਮੰਦ ਹਨ, ਉਨ੍ਹਾਂ ਲਈ ਕੁਝ ਸਲਾਹਾਂ ਫ਼ਾਇਦੇਮੰਦ ਹੋ ਸਕਦੀਆਂ ਹਨ :

- 16 ਸਾਲ ਤੋਂ ਛੋਟੇ ਬੱਚੇ ਨੂੰ ਮੋਬਾਈਲ ਫੜਾਉਣਾ ਠੀਕ ਨਹੀਂ।
- ਗਰਭਵਤੀ ਔਰਤਾਂ ਇਸ ਦੀ ਵਰਤੋਂ ਜ਼ਿਆਦਾ ਨਾ ਕਰਨ।
- ਗੱਲ ਕਰਨ ਨਾਲੋਂ 'ਮੈਸੇਜ' ਨਾਲ ਸਾਰ ਲਵੋ ਤਾਂ ਬਿਹਤਰ ਹੈ।
- ਰਾਤ ਵੇਲੇ ਮੋਬਾਈਲ ਫੋਨ (ਸਵਿਚ ਆਫ) ਬੰਦ ਕਰ ਦਿਓ।
- ਬਲਿਊਟੁੱਥ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ।
- ਘਰ ਦੇ ਲੈਂਡ ਲਾਈਨ ਵੀ ਵਰਤੋਂ ਵਧਾਓ।
- ਜੇਬ ਜਾਂ ਬੈਲਟ ਨਾਲ ਟੁੰਗ ਕੇ ਫ਼ੋਨ ਸੁਣਨ ਨਾਲੋਂ ਪਰ੍ਹਾਂ ਰੱਖ ਕੇ ਜਾਂ ਹੱਥ ਵਿਚ ਫੜ ਕੇ ਈਅਰ ਫ਼ੋਨ ਦੀ ਵਰਤੋਂ ਕਰੋ ਜਾਂ ਸਪੀਕਰ 'ਤੇ ਸੁਣ ਲਵੋ।
- ਰਿਹਾਇਸ਼ੀ ਇਲਾਕੇ ਨੇੜੇ ਮੋਬਾਈਲ ਟਾਵਰ ਲੱਗਣੇ ਠੀਕ ਨਹੀਂ ਹਨ।
- ਬੰਦ ਥਾਂ ਜਾਂ ਘੱਟ ਸਿਗਨਲ ਵਾਲੀ ਥਾਂ ਉੱਤੇ ਮੋਬਾਈਲ ਨੂੰ ਵੱਧ ਪਾਵਰ ਦੀ ਲੋੜ ਪੈਂਦੀ ਹੈ ਜੋ ਨੁਕਸਾਨਦੇਹ ਹੈ, ਸੋ ਖ਼ਰਾਬ ਕੁਨੈਕਸ਼ਨ ਵੇਲੇ ਕੰਨਾਂ ਉੱਤੇ ਅਤੇ ਦਿਮਾਗ਼ ਉੱਤੇ ਜ਼ੋਰ ਨਾ ਹੀ ਪਾਓ ਤਾਂ ਚੰਗਾ ਹੈ।

ਸੋ ਹੁਣ ਕੰਨਾਂ ਤੇ ਸਰੀਰ ਤੋਂ ਪਰ੍ਹਾਂ ਰਖੋ ਮੋਬਾਈਲ ਫ਼ੋਨ ਨੂੰ ! ਕੁਝ ਕੁ ਫ਼ੋਨ ਕਰਨੇ ਘਟਾਉਣ ਨਾਲ ਅਤੇ ਇਹਤਿਆਤ ਵਰਤਣ ਨਾਲ ਜੇ ਸਿਹਤਮੰਦ ਰਿਹਾ ਜਾ ਸਕਦਾ ਹੈ ਤਾਂ ਕੀ ਹਰਜ਼ ਹੈ ਫ਼ੋਨ ਕਰਨੇ ਘਟਾਉਣ ਵਿਚ ? ਫ਼ੋਨ ਕਰਨ ਤੋਂ ਬਚੇ ਸਮੇਂ ਦੌਰਾਨ ਆਪਣੇ ਟੱਬਰ ਨਾਲ ਤੇ ਸਾਥੀਆਂ ਨਾਲ ਬਹਿ ਕੇ ਕੁਝ ਹਲਕੀ ਫੁਲਕੀ ਗੱਲਬਾਤ ਕਰੋ ਤੇ ਮਨ ਦੀਆਂ ਗੁੰਝਲਾਂ ਖੋਲ੍ਹ ਲਵੋ ਤਾਂ ਕਿੰਨਾ ਚੰਗਾ ਹੋਵੇ।

## ਅਸਾਮ 'ਚ 40 ਲੱਖ ਤੋਂ ਵੱਧ ਲੋਕਾਂ ਨੂੰ ਭਾਰਤੀ ਨਾਗਰਿਕਤਾ ਤੋਂ ਇਨਕਾਰ

ਕਿਹਾ,"ਅਸੀਂ ਇਸ ਦੇ ਕਾਰਨ ਜਨਤਕ ਨਹੀਂ ਕਰਾਂਗੇ। ਲੋਕਾਂ ਨੂੰ ਇਕੱਲਿਆਂ-ਇਕੱਲਿਆਂ ਜਾਣਕਾਰੀ ਦੇ ਦਿੱਤੀ ਜਾਵੇਗੀ। ਉਹ ਨਾਮ ਨਾ ਹੋਣ ਦੇ ਕਾਰਨਾਂ ਦੀ ਜਾਣਕਾਰੀ ਐਨਆਰਸੀ ਸੇਵਾ ਕੇਂਦਰਾਂ ਤੋਂ ਲੈ ਸਕਦੇ ਹਨ।" ਉਨ੍ਹਾਂ ਸਪੱਸ਼ਟ ਕੀਤਾ ਕਿ ਚਾਰ ਵਰਗਾਂ ਦੇ ਲੋਕਾਂ ਨੂੰ ਖਰੜੇ 'ਚ ਸ਼ਾਮਲ ਨਹੀਂ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਦੀ ਯੋਗਤਾ ਸਬੰਧੀ ਸੁਪਰੀਮ ਕੋਰਟ ਨੇ ਰੋਕ ਲਾਈ ਹੋਈ ਹੈ। ਹਜੇਲਾ ਨੇ ਕਿਹਾ,"ਇਹਨਾਂ ਚਾਰ ਵਰਗਾਂ ਵਿਚ ਸ਼ੱਕੀ ਵੋਟਰ, ਉਨ੍ਹਾਂ ਦੇ ਕੁਨਬੇ, ਵਿਦੇਸ਼ੀ ਟ੍ਰਿਬਿਊਨਲਜ਼ 'ਚ ਬਕਾਇਆ ਹਵਾਲੇ ਅਤੇ ਉਨ੍ਹਾਂ ਦੇ ਕੁਨਬੇ ਸ਼ਾਮਲ ਹਨ।" ਜ਼ਿਕਰਯੋਗ ਹੈ ਕਿ ਅਸਾਮ ਪਹਿਲਾ ਭਾਰਤੀ ਸੂਬਾ ਹੈ ਜਿਥੇ ਐਨਆਰਸੀ ਦੀ 1951 ਤੋਂ ਬਾਅਦ ਸੁਧਾਈ ਕੀਤੀ ਜਾ ਰਹੀ ਹੈ ਅਤੇ 24 ਮਾਰਚ 1971 ਤਕ ਰਹਿ ਰਹੇ ਲੋਕਾਂ ਦੇ ਨਾਮ ਸਬੂਤਾਂ ਨਾਲ ਭਾਰਤੀ ਨਾਗਰਿਕਾਂ ਦੀ ਸੂਚੀ 'ਚ ਸ਼ਾਮਲ ਕੀਤੇ ਜਾ ਰਹੇ ਹਨ।

ਵਿਰੋਧੀ ਪਾਰਟੀਆਂ ਟੀਐਮਸੀ, ਕਾਂਗਰਸ, ਸੀਪੀਐਮ ਅਤੇ ਐਸਪੀ ਨੇ ਸੂਚੀ ਦੇ ਪ੍ਰਕਾਸ਼ਨ ਲਈ ਸਰਕਾਰ ਦੀ ਨਿਖੇਧੀ ਕੀਤੀ। ਗ੍ਰਹਿ ਮੰਤਰੀ ਦੇ ਜਵਾਬ ਤੋਂ ਅਸੰਤੁਸ਼ਟ ਵਿਰੋਧੀ ਧਿਰ ਨੇ ਲੋਕ ਸਭਾ 'ਚੋਂ ਵਾਕਆਊਟ ਕਰ ਦਿੱਤਾ। ਤ੍ਰਿਣਮੂਲ ਕਾਂਗਰਸ ਨੇ ਐਨਆਰਸੀ ਮੁੱਦੇ 'ਤੇ ਲੋਕ ਸਭਾ 'ਚ ਕੰਮ ਰੋਕੂ ਮਤਾ ਰੱਖਿਆ ਪਰ ਸਪੀਕਰ ਨੇ ਇਸ ਦੀ ਇਜਾਜ਼ਤ ਨਾ ਦਿੱਤੀ। ਕਾਂਗਰਸ ਆਗੂ ਮਲਿਕਾਅਰਜੁਨ ਖੜਗੇ ਨੇ ਕਿਹਾ ਕਿ ਅਸਾਮ ਦੇ ਮੂਲ ਨਾਗਰਿਕਾਂ ਤੋਂ ਸਵਾਲ ਪੁੱਛੇ ਜਾ ਰਹੇ ਹਨ ਜਿਸ ਨਾਲ ਜਾਤ ਅਤੇ ਮਜ਼ਹਬ ਦੇ ਨਾਮ 'ਤੇ ਵੰਡੀਆਂ ਪੈਦਾ ਹੋ ਰਹੀਆਂ ਹਨ। ਇਸੇ ਤਰ੍ਹਾਂ ਰਾਜ ਸਭਾ 'ਚ ਵੀ ਵਿਰੋਧ ਪ੍ਰਗਟਾਇਆ ਗਿਆ।

ਕਾਂਗਰਸ ਨੇ 40 ਲੱਖ ਵਿਅਕਤੀਆਂ ਦੇ ਨਾਮ ਅੰਤਿਮ ਖਰੜੇ 'ਚੋਂ ਹਟਾਉਣ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਹੈ ਕਿ 90ਵਿਆਂ 'ਚ ਸਿਰਫ਼ ਸਾਢੇ ਤਿੰਨ ਲੱਖ ਸ਼ੱਕੀ ਵੋਟਰ ਸਨ। ਅਸਾਮ ਕਾਂਗਰਸ ਦੇ ਪ੍ਰਧਾਨ ਰਿਪੁਨ ਬੋਰਾ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਹੇਠ ਇਹ ਸਿਆਸਤ ਤੋਂ ਪ੍ਰੇਰਿਤ ਕਦਮ ਹੈ ਜੋ 'ਧਰੁਵੀਕਰਨ ਦੀ ਸਿਆਸਤ' ਖੇਡਣ ਦੀ ਕੋਸ਼ਿਸ਼ ਕਰ ਰਹੀ ਹੈ।

ਉਧਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੇਂਦਰ 'ਤੇ ਨਿਸ਼ਾਨਾ ਲਾਉਂਦਿਆਂ ਦੋਸ਼ ਲਾਇਆ ਕਿ ਉਹ ਵੋਟ ਬੈਂਕ ਦੀ ਸਿਆਸਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 'ਵੰਡ ਪਾਓ ਅਤੇ ਸ਼ਾਸਨ ਕਰੋ' ਦੀ ਨੀਤੀ ਮੁਲਕ ਨੂੰ ਖ਼ਤਮ ਕਰ ਦੇਵੇਗੀ।

ਉਧਰ ਮਾਮਲਾ ਸੁਪਰੀਮ ਕੋਰਟ ਵਿਚ ਵੀ ਪਹੁੰਚ ਗਿਆ ਹੈ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਅਸਾਮ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐਨਆਰਸੀ) ਦੇ ਖਰੜੇ ਦੀ ਮੁਕੰਮਲ ਪ੍ਰਕਾਸ਼ਨਾ ਉਦੋਂ ਤੱਕ ਕਿਸੇ ਵਿਅਕਤੀ ਵਿਰੁੱਧ ਚੁੱਕੇ ਜਾਣ ਵਾਲੇ ਸਿਖ਼ਰਲੇ ਕਦਮ ਦਾ ਆਧਾਰ ਨਹੀਂ ਬਣ ਸਕਦੀ ਜਦੋਂ ਤੱਕ ਇਹ ਸਿਰਫ ਇੱਕ ਖਰੜਾ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕੇਂਦਰ ਨੂੰ ਦਾਅਵਿਆਂ ਤੇ ਇਤਰਾਜ਼ਾਂ ਬਾਰੇ 'ਸਟੈਂਡਰਡ ਓਪਰੇਟਿੰਗ ਸਿਸਟਮ' (ਐਸਓਪੀ) ਤਿਆਰ ਕਰਨ ਬਾਰੇ ਵੀ ਨਿਰਦੇਸ਼ ਦਿੱਤੇ ਹਨ। ਸੁਪਰੀਮ ਕੋਰਟ ਨੇ ਕੇਂਦਰ ਨੂੰ ਕਿਹਾ ਹੈ ਕਿ ਖਰੜੇ ਤੋਂ ਬਾਹਰ ਰਹਿ ਗਏ ਲੋਕਾਂ ਨੂੰ ਵੀ ਬਿਨਾਂ ਪੱਖਪਾਤ ਦੇ ਜਾਇਜ਼ ਮੌਕਾ ਦੇਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਹੈ ਕਿ ਕੇਂਦਰ ਇਸ ਪ੍ਰਬੰਧ ਨੂੰ ਪ੍ਰਵਾਨ ਕਰਾਉਣ ਲਈ ਅਦਾਲਤ ਵਿੱਚ ਪੇਸ਼ ਕਰੇ।

## ਮਿਸ਼ਨ-2019 : ਕਾਂਗਰਸ ਨੂੰ ਪੰਜਾਬ ਤੋਂ ਬੜੀਆਂ ਆਸਾਂ

ਪੰਜਾਬ ਕਾਂਗਰਸ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਅਤੇ ਸੰਦੀਪ ਸੰਧੂ ਨੇ ਆਪਸ ਵਿੱਚ ਲੰਮੀ ਚੌੜੀ ਚਰਚਾ ਕੀਤੀ। ਮੀਟਿੰਗ ਵਿਚ ਕੁਝ ਨਾਂ ਵੀ ਸਾਹਮਣੇ ਆਏ ਸਨ। ਇਨ੍ਹਾਂ ਨਾਵਾਂ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੀ ਚਰਚਾ ਹੋਵੇਗੀ ਤੇ ਉਸ ਤੋਂ ਬਾਅਦ ਹੀ ਗੱਲ ਅੱਗੇ ਤੁਰੇਗੀ। ਪਰ ਕਾਂਗਰਸ ਪਾਰਟੀ ਨੇ ਸਬੰਧਤ ਲੋਕ ਸਭਾ ਹਲਕਿਆਂ ਦੇ ਆਗੂਆਂ ਨਾਲ ਮੁਢਲੇ ਗੇੜ ਦੀ ਗੱਲਬਾਤ ਕਰਕੇ ਜਾਇਜ਼ਾ ਲੈ ਲਿਆ ਹੈ ਕਿ ਇਨ੍ਹਾਂ ਹਲਕਿਆਂ ਤੋਂ ਕਿਹੜੇ ਕਿਹੜੇ ਆਗੂ ਉਮੀਦਵਾਰ ਹੋ ਸਕਦੇ ਹਨ। ਪਾਰਟੀ ਨੇ ਲੋਕ ਸਭਾ ਚੋਣਾਂ ਲਈ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਕੇ ਇਹ ਸਾਫ ਕਰ ਦਿੱਤਾ ਹੈ ਕਿ ਕਾਂਗਰਸ ਵਿਰੋਧੀਆਂ ਨੂੰ ਸਖਤ ਟੱਕਰ ਦੇਣ ਦੇ ਰੌਂਅ ਵਿਚ ਹੈ। ਮੀਟਿੰਗ ਵਿਚ ਸ਼ਿਰਕਤ ਕਰਨ ਆਏ ਕੁਝ ਆਗੂਆਂ ਨੇ ਆਪਣੀ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਸੁਣਵਾਈ ਨਾ ਹੋਣ ਦੇ ਗਿਲੇ ਸ਼ਿਕਵੇ ਵੀ ਆਗੂਆਂ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਚੋਣਾਂ ਜਿੱਤਣ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

## ਪੰਜਾਬ 'ਚ ਪੰਚਾਇਤੀ ਚੋਣਾਂ ਦਾ ਮੈਦਾਨ ਭਖਣ ਲੱਗਾ

ਪੰਚਾਇਤੀ ਰਾਜ ਸੰਸਥਾਵਾਂ ਦੇ 20 ਸਾਲ ਦੇ ਲੇਖੇ ਜੋਖੇ ਲਈ ਬਣਾਈ ਮਨੀਸ਼ੰਕਰ ਅਈਅਰ ਕਮੇਟੀ ਨੇ ਕਿਹਾ ਕਿ ਇੱਥੇ ਸਰਪੰਚ ਅਤੇ ਸਰਪੰਚ 'ਪਤੀ' ਰਾਜ ਹੈ। ਇਸੇ ਲਈ ਉਨ੍ਹਾਂ ਇੱਕ ਵੱਖਰਾ ਗ੍ਰਾਮ ਸਭਾ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਹੈ।

ਅਰਥਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਅਸਲ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਲਈ ਕੇਰਲਾ ਮਾਡਲ ਮੁਤਾਬਿਕ ਕੰਮ, ਕਾਮੇ ਅਤੇ ਵਿੱਤੀ ਸਾਧਨ ਦਿੱਤੇ ਜਾਣੇ ਜ਼ਰੂਰੀ ਹਨ। ਕਾਨੂੰਨ ਅਨੁਸਾਰ ਪੰਚਾਇਤਾਂ ਨੂੰ 29 ਵਿਭਾਗ ਸੌਂਪੇ ਜਾਣੇ ਸਨ ਪਰ ਪੰਜਾਬ ਇਸ ਵਿੱਚ ਫਾਡੀ ਹੈ। ਜੇਕਰ ਯੋਜਨਾਬੰਦੀ ਹੇਠਲੇ ਪੱਧਰ ਤੋਂ ਸ਼ੁਰੂ ਹੋਵੇਗੀ ਤਾਂ ਖਰਚ ਅੱਧਾ ਰਹਿ ਜਾਂਦਾ ਹੈ ਅਤੇ ਕਿਸੇ ਕੰਮ ਦੇ ਪੁਖ਼ਤਾ ਹੋਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ।

ਇਸ ਮੌਕੇ ਨਸ਼ੇ ਪੰਜਾਬ ਅੰਦਰ ਬਹੁਤ ਵੱਡਾ ਮੁੱਦਾ ਹੈ, ਪੰਚਾਇਤੀ ਚੋਣਾਂ ਅੰਦਰ ਆਉਣ ਵਾਲੀਆਂ ਪਾਰਟੀਆਂ ਇਹ ਸਹੁੰ ਖਾਣਗੀਆਂ ਕਿ ਉਹ ਆਪਣੇ ਨੁਮਾਇੰਦਿਆਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਦੌਰਾਨ ਨਸ਼ੇ ਵੰਡਣ ਦੀ ਇਜਾਜ਼ਤ ਨਹੀਂ ਦੇਣਗੀਆਂ। ਪਿੰਡਾਂ ਵਿੱਚ ਗੁਣਵੰਤੇ ਵਿਅਕਤੀਆਂ ਦੀ ਚੋਣ ਕਰਕੇ ਸਰਬਸੰਮਤੀ ਕਰਨਾ ਅਤੇ ਜੇਕਰ ਚੋਣ ਹੁੰਦੀ ਹੈ ਤਾਂ ਇਨ੍ਹਾਂ ਵਿੱਚੋਂ ਮਾਇਆ, ਦਲ-ਬਲ ਅਤੇ ਨਸ਼ੇ ਦੀ ਵਰਤੋਂ ਨੂੰ ਖਾਰਿਜ ਕਰਨ ਵੱਲ ਕਦਮ ਉਠਾਉਣ ਦੀ ਜ਼ਰੂਰਤ ਹੈ। ਪਿੰਡ ਬਚਾਓ-ਪੰਜਾਬ ਬਚਾਓ ਦੇ ਆਗੂ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਜੇਕਰ ਤੁਸੀਂ ਹੱਕ ਲਈ ਜਾਗਰੂਕ ਨਹੀਂ ਤਾਂ ਉਹ ਚੁਪ-ਚੁਪੀਤੇ ਹੀ ਖੋਹ ਲਿਆ ਜਾਂਦਾ ਹੈ।

## ਪੰਜਾਬ ਨੂੰ ਹਰ ਸਾਲ ਲੱਗ ਰਿਹਾ ਹੈ ਪਾਣੀਆਂ ਦਾ ਰਗੜਾ

ਪੱਧਰ 'ਤੇ ਨਹਿਰੀ ਪਾਣੀ ਸ੍ਰੋਤਾਂ ਦੇ ਕੁਪ੍ਰਬੰਧ ਅਤੇ ਕੁਝ ਹੱਦ ਤਕ ਕਾਸ਼ਤ ਦੇ ਢੰਗ-ਤਰੀਕਿਆਂ ਕਰ ਕੇ ਹੋ ਸਕਦਾ ਹੈ ਜਿਹੜੇ ਸਰਕਾਰੀ ਨੀਤੀਆਂ ਦੇ ਨਤੀਜੇ ਵਜੋਂ ਉਭਰ ਕੇ ਸਾਹਮਣੇ ਆਏ ਹਨ।

ਨਹਿਰੀ ਸਿੰਜਾਈ ਹੇਠ ਰਕਬਾ ਘਟਣ ਦਾ ਇਕ ਹੋਰ ਕਾਰਨ ਇਹ ਵੀ ਹੋ ਸਕਦਾ ਹੈ ਕਿ ਦਰਿਆਵਾਂ ਵਿੱਚ ਪਾਣੀ ਦਾ ਵਹਾਅ ਘਟ ਗਿਆ ਹੋਵੇ ? ਜੇ ਇਹ ਵਿਗਿਆਨਕ ਮੁਲੰਕਣ ਇਹ ਦਰਸਾਉਂਦਾ ਹੈ ਕਿ ਦਰਿਆ ਜਲ ਵਹਾਅ ਘਟਿਆ ਹੈ ਤਾਂ ਇਹ ਸੁਪਰੀਮ ਕੋਰਟ ਵਿੱਚ ਸੁਣਵਾਈ ਅਧੀਨ ਦਰਿਆਈ ਜਲ ਵਿਵਾਦ ਕੇਸ ਵਿੱਚ ਅਹਿਮ ਸਬੂਤ ਸਾਬਤ ਹੋ ਸਕਦਾ ਹੈ।

ਉਪਰੋਕਤ ਅੰਦਾਜ਼ਿਆਂ ਅਨੁਸਾਰ ਹਰ ਸਾਲ, ਪੰਜਾਬ ਨੂੰ ਕੇਵਲ ਚੌਲ ਪੈਦਾ ਕਰਨ ਲਈ ਹੀ 48 ਐੱਮਏਐੱਫ ਪਾਣੀ ਦੀ ਲੋੜ ਹੈ। ਚੌਲ ਪੈਦਾ ਕਰਨ ਲਈ ਪੰਜਾਬ ਹਰ ਸਾਲ 24 ਐੱਮਏਐੱਫ ਜ਼ਮੀਨੀ ਜਲ ਟਿਊਬਵੈਲਾਂ ਰਾਹੀਂ ਕੱਢਦਾ ਹੈ। ਇਨਾਂ ਨਾਜ਼ੁਕ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਨੂੰ ਇਸ ਮਹੱਤਵਪੂਰਨ ਤੱਥ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਨਹਿਰੀ ਸਿੰਜਾਈ ਹੇਠ ਰਕਬਾ 485 ਹਜ਼ਾਰ ਹੈਕਟੇਅਰ ਘਟਿਆ ਹੈ ਅਤੇ ਪਿਛਲੇ ਬਹੁਤ ਸਾਰੇ ਸਾਲਾਂ ਤੋਂ ਪੰਜਾਬ ਹਰ ਸਾਲ ਔਸਤਨ 8 ਐੱਮਏਐੱਫ ਪਾਣੀ ਗੁਆ ਰਿਹਾ ਹੈ। ਇਹ 8 ਐੱਮਏਐੱਫ ਪਾਣੀ ਹਾਸਲ ਕਰਨ ਲਈ ਉਚੇਚੀ ਯੋਜਨਾ ਤਿਆਰ ਕਰਦਿਆਂ ਸਰਕਾਰ ਨੂੰ ਸਭ ਤੋਂ ਪਹਿਲਾਂ ਹੇਠ ਲਿਖੇ ਦੋ ਮਹੱਤਵਪੂਰਨ ਕਦਮ ਚੁੱਕਣੇ ਪੈਣਗੇ।

ਪਹਿਲਾ, ਸਰਕਾਰ ਨੂੰ ਹਰ ਹਾਲਤ ਵਿੱਚ ਉਨ੍ਹਾਂ ਜ਼ਿਲਿਆਂ ਦੀ ਸ਼ਨਾਖ਼ਤ ਕਰਨੀ ਹੋਵੇਗੀ ਜਿਥੇ ਨਹਿਰੀ ਸਿੰਜਾਈ ਹੇਠ ਰਕਬਾ ਘਟਿਆ ਹੈ। ਦੂਜਾ, ਇਹ ਰਕਬਾ ਘਟਣ ਦੇ ਕਾਰਨਾਂ ਦਾ ਪਤਾ ਜ਼ਰੂਰ ਲਾਉਣਾ ਪਵੇਗਾ। ਵੱਖ ਵੱਖ ਪੜਾਵਾਂ 'ਤੇ ਸਹਿਜ ਅਨੁਭਵ ਇਹ ਹੈ ਕਿ ਸਰਕਾਰ ਨੇ ਇਹ ਸੋਚੇ-ਸਮਝੇ ਬਗ਼ੈਰ ਵੱਡੀ ਪੱਧਰ 'ਤੇ ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਕੀਤੇ ਹਨ ਕਿ ਇਸ ਨੀਤੀ ਨਾਲ ਲੰਬੇ ਸਮੇਂ ਲਈ ਕੀ ਪੇਚੀਦਗੀਆਂ ਪੈਦਾ ਹੋਣਗੀਆਂ, ਹਾਲਾਂਕਿ ਇਸ ਨੂੰ ਉਲਟਾ, ਕਿਸਾਨਾਂ ਦੇ ਹੱਕ ਵਿੱਚ ਕੀਤੇ ਫੈਸਲੇ ਵਜੋਂ ਦੇਖਿਆ ਜਾ ਸਕਦਾ ਹੈ। ਸਿੰਜਾਈ ਲਈ ਨਹਿਰੀ ਪਾਣੀ ਦੇ ਮੁਕਾਬਲੇ ਟਿਊਬਵੈੱਲਾਂ ਦੀ ਵਰਤੋਂ ਕਰਨੀ ਵਧੇਰੇ ਸੁਖਾਲੀ ਹੈ। ਕਿਸਾਨ ਟਿਊਬਵੈੱਲ ਵਾਲੇ ਪਾਣੀ ਦੀ ਵਰਤੋਂ ਆਪਣੀ ਮਰਜ਼ੀ ਅਨੁਸਾਰ ਕਰ ਸਕਦੇ ਹਨ ਜਦੋਂ ਕਿ ਨਹਿਰੀ ਪਾਣੀ ਲਈ ਉਨਾਂ ਨੂੰ ਸਿਰਫ ਵਾਰੀ ਦੀ ਹੀ ਉਡੀਕ ਨਹੀਂ ਕਰਨੀ ਪੈਂਦੀ, ਨਹਿਰ ਵਿੱਚ ਪਾਣੀ ਆਉਣ ਲਈ ਵੀ ਉਡੀਕਣਾ ਪੈਂਦਾ ਹੈ।

ਤੀਜਾ, ਕੁਝ ਅਖ਼ਬਾਰੀ ਰਿਪੋਰਟਾਂ ਤੋਂ ਸੰਕੇਤ ਮਿਲਦੇ ਹਨ ਕਿ ਪੰਜਾਬ ਸਰਕਾਰ ਨੇ ਵਧੇਰੇ ਕਿਫ਼ਾਇਤੀ ਢੰਗ ਨਾਲ ਪਾਣੀ ਦੀ ਵਰਤੋਂ ਕਰ ਕੇ ਬਿਜਲੀ ਦੀ ਬੱਚਤ ਕਰਨ ਵਾਲੇ ਕਿਸਾਨਾਂ ਲਈ ਨਕਦੀ ਵਾਪਸੀ ਸਕੀਮ ਲਿਆਂਦੀ ਹੈ। ਇਸ ਸਕੀਮ ਰਾਹੀਂ ਕਿਸਾਨਾਂ ਨੂੰ ਟਿਊਬਵੈੱਲ ਵਾਲੇ ਪਾਣੀ ਦੀ ਵਰਤੋਂ ਦੀ ਥਾਂ, ਨਹਿਰੀ ਪਾਣੀ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਹ ਸਕੀਮ ਉਨਾਂ ਖੇਤਰਾਂ ਵਿੱਚ ਜ਼ਿਆਦਾ ਅਸਰਦਾਰ ਹੋ ਸਕਦੀ ਹੈ ਜਿਥੇ ਨਹਿਰੀ ਸਿੰਜਾਈ ਖ਼ਤਰਨਾਕ ਹੱਦ ਤਕ ਘਟ ਗਈ ਹੈ। ਅਜਿਹੇ ਕਦਮ ਸਲਾਹੁਣਯੋਗ ਹਨ ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹਰ ਸਾਲ ਗੁਆਏ ਜਾ ਰਹੇ 8 ਐੱਮਏਐੱਫ ਨਹਿਰੀ ਸਿੰਜਾਈ ਪਾਣੀ ਦੀ ਪ੍ਰਾਪਤੀ ਲਈ ਵਿਆਪਕ ਰਣਨੀਤੀ ਤਿਆਰ ਕਰਨਾ ਹੈ। ਤਜਵੀਜ਼ਸ਼ੁਦਾ ਵਿਆਪਕ ਰਣਨੀਤੀ ਨੂੰ ਅਮਲ ਵਿੱਚ ਲਿਆਉਣ ਲਈ ਖੇਤੀਬਾੜੀ ਨੀਤੀ ਵਿੱਚ ਉਹ ਕੁਝ ਖਾਸ ਵਿਵਸਥਾਵਾਂ ਕਰਨ ਦੀ ਲੋੜ ਹੈ ਜੋ ਇਸ ਵੇਲੇ ਵਿਚਾਰ ਅਧੀਨ ਹੈ।

*(ਪ੍ਰੀਤਮ ਸਿੰਘ ਯੂਕੇ ਦੀ ਆਕਸਫੋਰਡ ਬਰੁੱਕਸ ਯੂਨੀਵਰਸਿਟੀ 'ਚ ਅਰਥ ਸ਼ਾਸਤਰ ਦੇ ਪ੍ਰੋਫ਼ੈਸਰ ਅਤੇ ਆਰਐਸ ਮਾਨ ਪੀਐੱਚਡੀ ਸਕਾਲਰ ਹਨ)*

## ਬੱਚਿਆਂ ਨੂੰ ਰੋਟੀ ਦੇਈਏ ਕਿ ਨਸ਼ੇ ?

ਇੱਕ ਲੱਖ ਬੋਤਲਾਂ ਲੋਕਾਂ ਪਾਸੋਂ ਖਰੀਦੀਆਂ। ਇਹ 50,000 ਵੱਧ ਬੋਤਲਾਂ ਜ਼ਰੂਰ ਸਮਗਲਿੰਗ ਰਾਹੀਂ ਆਈਆਂ ਹੋਣਗੀਆਂ। ਸੋ, ਲੋਕਾਂ ਵਿੱਚ ਸ਼ਰਾਬ ਦੀ ਖਪਤ ਸਰਕਾਰੀ ਅੰਕੜਿਆਂ ਨਾਲੋਂ ਕਿਤੇ ਵੱਧ ਹੈ।"

ਸਾਬਕਾ ਐਮਪੀ. ਸ. ਅਤਿੰਦਰਪਾਲ ਸਿੰਘ ਨੇ ਗੁਰਮਤਿ ਪ੍ਰਕਾਸ਼ ਅੰਕ ਵਿੱਚ ਦੱਸਿਆ ਹੈ ਕਿ "ਨਸ਼ਈ ਵਰਗ ਡਬਲਰੋਟੀ ਉਪਰ 'ਆਇਓਡੈਕਸ' ਲਗਾ ਕੇ ਖਾਂਦਾ ਹੈ ਜਿਸ ਨਾਲ ਨਸ਼ੇ ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਇਲਾਵਾ ਫੈਂਸੀਡ੍ਰਿਲ, ਕੋਰੈਕਸ ਆਦਿ ਕਫ ਸਿਰਪ ਦੀ ਵਰਤੋਂ ਕੀਤੀ ਜਾਂਦੀ ਹੈ। ਲੋਮੋਫੈਨ, ਲੋਮੋਟਿਲ, ਡੈਜ਼ੀਫਾਮ, ਵਾਲਿਮ ਆਦਿ ਗੋਲੀਆਂ ਦਾ ਫੱਕਾ ਮਾਰਨ ਤੱਕ ਸਾਡੇ ਨੌਜਵਾਨ ਜਾਂਦੇ ਹਨ। ਫਿਰ ਕੈਪਸੂਲਾਂ ਦੀ ਵਾਰੀ ਆ ਜਾਂਦੀ ਹੈ ਜਿਨਾਂ ਵਿੱਚ ਮਾਰਸੀਨ, ਫੋਰਟਵਿਨ, ਨਾਰਫਿਨ ਵੱਡੀ ਮਾਤਰਾ ਵਿੱਚ ਵਰਤੇ ਜਾਂਦੇ ਹਨ। ਇੱਥੇ ਹੀ ਬੱਸ ਨਹੀਂ ਛਿਪਕਲੀ ਦੀ ਪੂਛ ਸਾੜ ਕੇ ਸਿਗਰੇਟ ਵਿੱਚ ਭਰ ਕੇ ਪੀਤੀ ਜਾਂਦੀ ਹੈ।"

ਅਨੇਕਾਂ ਅਜਿਹੀਆਂ ਦਵਾਈਆਂ ਜੋ ਬਿਨਾ ਕਿਸੇ ਡਾਕਟਰ ਦੇ ਪੁੱਛਿਆਂ ਬਿਨਾ ਪਰਚੀ ਤੋਂ ਲਈਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਸੈਕਸੋਨਾਫੋਰਟ, ਵੀ-ਟੈਕਸ, ਵਨ-ਟਾਪ, ਕਮਾਂਡੋ, ਬੋਲਡ-ਨਾਇਟ, ਸਟਡ ਅਤੇ ਹਿਮਕੋਲੀਨ ਕਰੀਮ ਵਰਗੀਆਂ ਉਹ ਦਵਾਈਆਂ ਹਨ, ਜਿਨ੍ਹਾਂ ਦੀ ਕਿਸੇ ਵੀ ਸਿਹਤਮੰਦ ਅਤੇ ਤੰਦਰੁਸਤ ਵਿਅਕਤੀ ਨੂੰ ਕਦੇ ਲੋੜ ਨਹੀਂ ਪੈਣੀ ਚਾਹੀਦੀ।

ਇੱਕ ਖ਼ਬਰ ਮੁਤਾਬਿਕ ਪੰਜਾਬ ਵਿੱਚੋਂ ਫੌਜੀ ਭਰਤੀ ਲਈ ਜਵਾਨ ਨਹੀਂ ਮਿਲ ਰਹੇ ਜਦਕਿ ਕਦੇ ਉਹ ਸਮਾਂ ਵੀ ਸੀ ਜਦੋਂ ਅੰਗਰੇਜ਼ ਸਰਕਾਰ, ਪੰਜਾਬ ਦੇ ਗਜ਼-ਗਜ਼ ਚੌੜੀਆਂ ਛਾਤੀਆਂ ਵਾਲੇ ਜਵਾਨਾਂ ਨੂੰ ਖੁਸ਼ੀ-ਖੁਸ਼ੀ ਫੌਜ ਵਿੱਚ ਭਰਤੀ ਕਰਦੀ ਸੀ ਅਤੇ ਪੰਜਾਬ ਵਰਗੇ ਦਰਸ਼ਨੀ ਜਵਾਨ ਹਿੰਦੋਸਤਾਨ ਦੇ ਕਿਸੇ ਵੀ ਹੋਰ ਕੋਨੇ ਵਿੱਚੋਂ ਨਹੀਂ ਲੱਭਦੇ ਸਨ। ਪੰਜਾਬ ਦੇ ਗੁੱਭਰੂਆਂ ਦੀ ਬਹਾਦਰੀ ਅਤੇ ਸੁਹੱਪਣ ਦਾ ਫੌਜ ਵਿੱਚ ਵੱਖਰਾ ਮੁਕਾਮ ਸੀ ਪਰ ਅੱਜ ਨਸ਼ਿਆਂ ਦੀ ਮਾਰ ਹੇਠ ਸਾਡੀ ਜਵਾਨੀ ਡੁੱਬ ਕੇ ਗੋਤੇ ਖਾ ਰਹੀ ਹੈ।

ਅੱਜ ਲੋਕਾਈ ਗੁਰਬਾਣੀ ਦੀ ਸੇਧ ਤੋਂ ਕੋਹਾਂ ਮੀਲ ਦੂਰ ਹੋ ਗਈ ਹੈ। ਸਤਿਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਸੀ :

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥
(ਗਉੜੀ ਬੈਰਾਗਣਿ ਮ. 1, ਪੰਨਾ 156)

ਕਿ ਆਪਣੇ ਹੀਰੇ ਵਰਗੇ ਜੀਵਨ ਨੂੰ ਕੌਡੀ ਬਦਲੇ ਨਾ ਖਤਮ ਕਰ ਦੇਈਂ। ਅੱਜ ਆਪਣੇ ਹੀ ਮੁਹੱਲੇ ਜਦੋਂ ਖਬਰ ਸੁਣੀਂਦੀ ਹੈ ਕਿ ਫਲਾਂ ਮੁੰਡਾ ਜਿਹੜਾ ਸਮੈਕ ਨਾਲ ਹੀ ਰੱਜਿਆ ਰਹਿੰਦਾ ਸੀ, ਅੱਜ ਫਲਾਣੇ ਮੋੜ ਤੋਂ ਉਸ ਦੀ ਲਾਸ਼ ਮਿਲੀ ਤਾਂ ਸੁਣ ਕੇ ਦੁੱਖ ਹੁੰਦਾ ਹੈ ਕਿ ਕਾਸ਼! ਅਸੀਂ ਗੁਰਬਾਣੀ ਦੇ ਅਰਥ ਨੂੰ ਜੀਵਨ ਦਾ ਆਧਾਰ ਬਣਾਇਆ ਹੁੰਦਾ। ਇਸ ਲਈ ਬਹੁਤ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਮਾਤਾ-ਪਿਤਾ ਅੱਗੇ ਆਉਣ। ਸਕੂਲ ਅਤੇ ਹੋਰ ਵਿੱਦਿਅਕ ਅਦਾਰੇ ਇਸ ਪਾਸੇ ਵਿਸ਼ੇਸ਼ ਯਤਨ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਅਸਲੀਅਤ ਤੋਂ ਜਾਣੂ ਕਰਵਾਉਂਦੇ ਹੋਏ, ਉਹਨਾਂ ਦਾ ਮਾਰਗ ਦਰਸ਼ਨ ਕਰਨ। ਸੈਂਸਰ ਬੋਰਡ ਰਾਹੀਂ ਫਿਲਮਾਂ, ਸੀਰੀਅਲਾਂ ਵਿੱਚੋਂ ਨਸ਼ਿਆਂ ਨੂੰ ਬੜਾਵਾ ਦੇਣ ਵਾਲੇ ਸੀਨ (ਦ੍ਰਿਸ਼) 'ਤੇ ਪੂਰਨ ਪਾਬੰਦੀ ਲਗਾਈ ਜਾਵੇ। ਨਸ਼ਿਆਂ ਨਾਲੋਂ ਨੌਜਵਾਨਾਂ ਨੂੰ ਫਲ-ਫਰੂਟ, ਦੁੱਧ, ਦਹੀਂ, ਮੱਖਣ, ਲੱਸੀ ਆਦਿ ਦੇ ਸਰੀਰ ਨੂੰ ਫਾਇਦਿਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਅਖ਼ਬਾਰਾਂ ਵਿੱਚ ਵਿਸ਼ੇਸ਼ ਕਾਲਮ ਸ਼ੁਰੂ ਕਰਕੇ ਨਸ਼ਿਆਂ ਸਬੰਧੀ ਜਾਗਰੂਕਤਾ ਲਿਆਂਦੀ ਜਾ ਸਕਦੀ ਹੈ। ਨਸ਼ਿਆਂ ਅਤੇ ਜੀਵਨ ਜਾਂਚ ਦੇ ਸਬੰਧ ਵਿੱਚ ਧਾਰਮਿਕ ਕਲਾਸਾਂ, ਕੈਂਪ ਅਤੇ ਸੈਮੀਨਾਰ ਹਰ ਸ਼ਹਿਰ, ਪਿੰਡ, ਗਲੀ, ਮੁਹੱਲੇ ਦੇ ਪੱਧਰ ਤੇ ਸ਼ੁਰੂ ਕੀਤੇ ਜਾਣ। ਜਨਤਕ ਥਾਵਾਂ ਤੇ ਨਸ਼ਿਆਂ ਦੇ ਵਿਰੁੱਧ ਵੱਡੇ ਹੋਰਡਿੰਗ ਬੋਰਡ ਲਗਾਏ ਜਾਣ। ਸਕੂਲੀ ਬੱਚਿਆਂ ਨੂੰ ਖੇਡਾਂ, ਕੁਸ਼ਤੀਆਂ ਆਦਿ ਵੱਲ ਵਿਸ਼ੇਸ਼ ਰੂਪ ਵਿੱਚ ਪ੍ਰੇਰਿਤ ਕੀਤਾ ਜਾਵੇ।

ਮਾਤਾ-ਪਿਤਾ ਆਪ ਵੀ ਘਰ ਵਿੱਚ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਾ ਕਰਕੇ ਬੱਚਿਆਂ ਲਈ ਉਦਾਹਰਣ ਬਣਨ। ਸਾਰੀਆਂ ਹੀ ਸਮਾਜ ਸੇਵੀ, ਧਾਰਮਿਕ, ਰਾਜਨੀਤਿਕ ਜਥੇਬੰਦੀਆਂ ਨਸ਼ਿਆਂ ਦੇ ਖਿਲਾਫ ਤਿੱਖਾ ਸੰਘਰਸ਼ ਵਿੱਢਣ ਅਤੇ ਸਰਕਾਰਾਂ ਨੂੰ ਨਸ਼ਿਆਂ ਤੇ ਪੂਰਨ ਪਾਬੰਦੀ ਲਾਉਣ ਲਈ ਮਜਬੂਰ ਕਰਨ ਅਤੇ ਫਿਰ ਪਾਬੰਦੀ ਸਿਰਫ ਨਸ਼ਾ ਕਰਨ ਦੇ ਖਿਲਾਫ ਹੀ ਨਾ ਹੋਵੇ ਬਲਕਿ ਨਸ਼ਾ ਵੇਚਣ, ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਕੰਪਨੀਆਂ ਦੇ ਖਿਲਾਫ ਵੀ ਕਾਨੂੰਨ ਬਣੇ। ਪੰਜਾਬ ਸਰਕਾਰ ਸਖ਼ਤੀ ਨਾਲ ਕਾਨੂੰਨ ਬਣਾਵੇ ਜਿਹਾ ਕਿ ਕਦੇ ਅੰਗਰੇਜ਼ ਸਰਕਾਰ ਨੇ ਅੰਮ੍ਰਿਤਸਰ ਵਰਗੇ ਪਵਿੱਤਰ ਸ਼ਹਿਰ ਲਈ ਬਣਾਇਆ ਸੀ। ਆਓ ! ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਆਪਣੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਯਤਨਸ਼ੀਲ ਹੋਈਏ।

## ਬਰਗਾੜੀ ਮੋਰਚਾ : ਕੀ ਪੰਜਾਬ ਸਰਕਾਰ ਬਿਨਾ ਤੀਰ ਚਲਾਇਆਂ ਹੀ ਨਿਸ਼ਾਨਾ ਫੁੰਡਣਾ ਚਾਹੁੰਦੀ ਹੈ ?

ਹੋਰਨਾਂ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਵਿਚੋਂ ਭਾਈ ਜਗਤਾਰ ਸਿੰਘ ਹਵਾਰਾ (ਦਿੱਲੀ) ਤੇ ਭਾਈ ਹਰਨੇਕ ਸਿੰਘ ਭੱਪ (ਰਾਜਸਥਾਨ) ਮੁੱਖ ਹਨ ਜਿਨ੍ਹਾਂ ਖਿਲਾਫ ਕ੍ਰਮਵਾਰ ਦਿੱਲੀ ਤੇ ਰਾਜਸਥਾਨ ਸਮੇਤ ਪੰਜਾਬ ਤੋਂ ਬਾਹਰਲੇ ਕਿਸੇ ਵੀ ਸੂਬੇ ਵਿੱਚ ਕੋਈ ਵੀ ਮਾਮਲਾ ਨਾ ਚੱਲਦਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਪੰਜਾਬ ਵਿੱਚ ਤਬਦੀਲ ਨਹੀਂ ਕੀਤਾ ਜਾ ਰਿਹਾ।

ਉਮਰ ਕੈਦ ਦੀ ਮਿੱਥੀ ਕਾਨੂੰਨੀ ਹੱਦ ਤੋਂ ਵੱਧ ਸਜਾ ਪੂਰੀ ਕਰ ਚੁੱਕੇ ਅਜਿਹੇ ਕਈ ਬੰਦੀ ਸਿੰਘ ਹਨ ਜਿਨ੍ਹਾਂ ਨੂੰ 'ਪੱਕੀ ਰਿਹਾਈ' ਨਹੀਂ ਦਿੱਤੀ ਜਾ ਰਹੀ। ਇਨ੍ਹਾਂ ਵਿੱਚ ਭਾਈ ਲਾਲ ਸਿੰਘ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਭਾਈ ਗੁਰਦੀਪ ਸਿੰਘ ਖੇੜਾ, ਭਾਈ ਗੁਰਮੀਤ ਸਿੰਘ, ਭਾਈ ਲਖਵਿੰਦਰ ਸਿੰਘ ਤੇ ਭਾਈ ਸ਼ਮਸ਼ੇਰ ਸਿੰਘ ਦੇ ਨਾਂ ਮੁੱਖ ਹਨ। ਇਸ ਮਾਮਲੇ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪਹੁੰਚ ਵੀ ਪਿਛਲੀ ਬਾਦਲ ਸਰਕਾਰ ਵਾਲੀ ਹੀ ਹੈ। ਹਾਲਾਂਕਿ ਪੰਜਾਬ ਦੀਆਂ ਸਰਕਾਰਾਂ ਵੱਲੋਂ ਕਿਹਾ ਇਹੀ ਜਾਂਦਾ ਹੈ ਕਿ ਬੰਦੀ ਸਿੰਘ ਦੀ ਪੱਕੀ ਰਿਹਾਈ ਦਾ ਮਾਮਲਾ ਉਨ੍ਹਾਂ ਦੇ ਹੱਥ ਵਿੱਚ ਨਹੀਂ ਹੈ, ਪਰ ਹਕੀਕਤ ਅਜਿਹੀ ਨਹੀਂ ਹੈ। ਅਸਲ ਵਿੱਚ ਪੰਜਾਬ ਦੇ ਹਾਕਮਾਂ ਵਿੱਚ ਇਸ ਮਾਮਲੇ ਨੂੰ ਆਪਣੇ ਪੱਧਰ 'ਤੇ ਹੱਲ ਕਰਨ ਦਾ ਦਮ ਨਹੀਂ ਹੈ। ਉਕਤ ਬੰਦੀ ਸਿੰਘ ਦੇ ਮਾਮਲੇ ਵਿੱਚ ਕੇਂਦਰੀ ਕਾਨੂੰਨ (ਟਾਡਾ ਵਗੈਰਾ) ਲੱਗਿਆ ਹੋਣ ਕਾਰਨ ਜਾਂ ਕੇਂਦਰੀ ਜਾਂਚ ਅਦਾਰੇ (ਸੀ. ਬੀ. ਆਈ. ਵਗੈਰਾ) ਵੱਲੋਂ ਜਾਂਚ ਕੀਤੀ ਹੋਣ ਕਾਰਨ ਇਨ੍ਹਾਂ ਬੰਦੀ ਸਿੰਘ ਨੂੰ 'ਮਿਆਦੋਂ ਪਹਿਲਾਂ ਪੱਕੀ ਰਿਹਾਈ' (ਪ੍ਰੀਮਚਿਓਰ ਰਿਲੀਜ਼) ਸਿਰਫ ਕੇਂਦਰ ਸਰਕਾਰ ਹੀ ਦੇ ਸਕਦੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਨੂੰ ਰਿਹਾਅ ਨਹੀਂ ਕਰ ਸਕਦੀ। ਅਸਲ ਵਿੱਚ ਭਾਈ ਲਾਲ ਸਿੰਘ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਭਾਈ ਗੁਰਦੀਪ ਸਿੰਘ ਖੇੜਾ ਨੂੰ ਪੰਜਾਬ ਸਰਕਾਰ ਇਕ ਸਾਲ ਵਿਚ ਘੱਟੋ-ਘੱਟ ਦੋ ਵਾਰ ਆਰਜੀ ਤੌਰ ਉੱਤੇ ਰਿਹਾਅ ਕਰਦੀ ਹੈ ਜਿਸ ਨੂੰ 'ਆਰਜੀ ਰਿਹਾਈ' (ਪੈਰੋਲ) ਕਿਹਾ ਜਾਂਦਾ ਹੈ। ਜੇਲ੍ਹ ਮਾਮਲੇ ਸੂਬਾ ਸਰਕਾਰਾਂ ਦੇ ਅਖਤਿਆਰ ਵਿੱਚ ਹੋਣ ਕਾਰਨ ਸੂਬਾ ਸਰਕਾਰਾਂ ਨੂੰ ਇਸ ਬਾਬਤ ਸੰਵਿਧਾਨਕ ਅਤੇ ਕਾਨੂੰਨੀ ਹੱਕ ਹਾਸਲ ਹੈ। ਪੰਜਾਬ ਸਰਕਾਰ ਇਕ ਕਾਨੂੰਨ ਰਾਹੀਂ ਉਨ੍ਹਾਂ ਉਮਰ ਕੈਦੀਆਂ ਨੂੰ 'ਪੱਕੀ ਆਰਜੀ ਰਿਹਾਈ' (ਪਰਮਾਨੈਂਟ ਪੈਰੋਲ) ਦੇਣ ਦਾ ਪਰਬੰਧ ਕਰ ਸਕਦੀ ਹੈ ਜਿਨ੍ਹਾਂ ਨੇ ਇਕ ਖਾਸ ਮਿਆਦ ਤੱਕ ਉਮਰ ਕੈਦ ਭੁਗਤ ਲਈ ਹੋਵੇ। ਗਵਾਂਢੀ ਸੂਬੇ ਰਾਜਸਥਾਨ ਵਿੱਚ ਅਜਿਹਾ ਕਾਨੂੰਨ ਪਹਿਲਾਂ ਤੋਂ ਮੌਜੂਦ ਹੈ। ਪਿਛਲੀ ਸਰਕਾਰ ਵੇਲੇ ਵੀ ਇਸ ਬਾਰੇ ਗੱਲ ਚੱਲੀ ਸੀ ਤੇ ਤਤਕਾਲੀ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਆਪ ਇਸ ਬਾਰੇ ਹਾਮੀ ਭਰਨ ਦੇ ਬਾਵਜੂਦ ਬਾਦਲ ਸਰਕਾਰ ਇਹ ਕਦਮ ਚੁੱਕਣ ਲਈ ਲੋੜੀਂਦੀ ਸਿਆਸੀ ਇੱਛਾ-ਸ਼ਕਤੀ ਕੱਠੀ ਨਹੀਂ ਸੀ ਕਰ ਸਕੀ। ਇਹੀ ਹਾਲਤ ਹੁਣ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੀ ਹੈ। ਅਮਰਿੰਦਰ ਸਿੰਘ ਵੀ ਦੂਜੇ ਸੂਬਿਆਂ ਦੀਆਂ ਸਰਕਾਰਾਂ ਨੂੰ ਚਿੱਠੀ ਪੱਤਰ ਭੇਜ ਕੇ ਹੀ ਮਾਮਲਾ ਟਰਕਾਉਣਾ ਚਾਹੁੰਦੇ ਹਨ ਤੇ ਹਾਲ ਘੜੀ ਉਨ੍ਹਾਂ ਅਜਿਹਾ ਕੁਝ ਵੀ ਨਹੀਂ ਕੀਤਾ ਜਿਸ ਤੋਂ ਪਤਾ ਲੱਗੇ ਕਿ ਉਹ 'ਪਰਮਾਨੈਂਟ ਪੈਰੋਲ' ਵਾਲਾ ਕਾਨੂੰਨ ਬਣਾ ਕੇ ਇਸ ਮਾਮਲੇ ਨੂੰ ਆਪਣੇ ਪੱਧਰ 'ਤੇ ਹੱਲ ਕਰਨ ਦਾ ਦਮ ਰੱਖਦੇ ਹੋਣ। ਹਾਲੀਆਂ ਤੌਰ 'ਤੇ ਬਰਗਾੜੀ ਮੋਰਚੇ ਦੇ ਪਰਬੰਧਕਾਂ ਦੇ ਬਿਆਨਾਂ ਵਿਚੋਂ ਵੀ ਸਰਕਾਰ ਕੋਲੋਂ 'ਪਰਮਾਨੈਂਟ ਪੈਰੋਲ' ਬਾਰੇ ਕਾਨੂੰਨ ਬਣਵਾ ਕੇ ਬੰਦੀ ਸਿੰਘ ਦੀ ਰਿਹਾਈ ਕਰਵਾਉਣ ਵਾਲੀ ਗੱਲ ਕਿਧਰੇ ਨਜ਼ਰ ਨਹੀਂ ਆ ਰਹੀ। ਉਂਝ ਵੀ ਇਸ ਸਮੁੱਚੇ ਮਾਮਲੇ ਬਾਰੇ ਅਮਰਿੰਦਰ ਸਿੰਘ ਸਰਕਾਰ ਦੀ ਪਹੁੰਚ ਬਿਨਾ ਤੀਰ ਚਲਾਇਆਂ ਨਿਸ਼ਾਨਾ ਫੁੰਡਣ ਵਾਲੀ ਲੱਗ ਰਹੀ ਹੈ ਤਦੇ ਤਾਂ ਬਿਨਾ ਕੁਝ ਠੋਸ ਕੀਤਿਆਂ ਹੀ ਸਰਕਾਰ ਦੇ ਵਜ਼ੀਰ ਮਾਮਲਾ ਹੱਲ ਹੋਣ ਦੇ ਨੇੜੇ ਦੱਸ ਰਹੇ ਹਨ।


Sir Speedy Tustin
Printers to the Community
SUBWAY
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Cartier
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

25 YEAR WARRANTY



## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME® Premium Bifacial Thin Film Solar









Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.


SHER ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM